# Punjab Vidhan Sabha Debates

18th October, 1985

Vol. I—No. 5

OFFICIAL REPORT

CONTENTS

**Friday, the 18th October, 1985**

| | Page |
|---|---|
| Call Attention Notices under Rule 66 .. | (5)1 |
| **Financial Business—** | |
| Presentation of Supplementary Estimates (Ist instalment) for the year 1985-86 .. | (5)4 |
| Papers Laid on the Table .. | (5)4 |
| Discussion on Governor's Address .. | (5)6 |

PUNJAB VIDHAN SABHA SECRETARIAT, CHANDIGARH

**Price : Rs.** 4 9. - 0

Punjab Vidhan Sabha
Digitized by:
Punjab Digital Library

*Original with;*
Punjab Vidhan Sabha
*Digitized by;*
Panjab Digital Library

# ERRATA

Punjab Vidhan Sabha Debates Vol. I, No. 5,
Dated the 18th October, 1985.

| Read | For | Page | Line |
|---|---|---|---|
| University | Univerity | (5)6 | 14 & 18 |
| ਰੁੱਕੀ | ਰੱਕੀ | (5)22 | 14 |
| topsy turvy | topsy turly | (5)29 | 12 |
| ਸਰਦਾਰ ਸੁਰਜੀਤ ਸਿੰਘ ਮਿਨਹਾਸ, ਐਡਵੋਕੇਟ | ਸਰਦਾਰ ਸੁਰਜੀਤ ਸਿਘ ਮਿਨਹਾਸ, ਐਡਵੋਕੇਟ | (5)36 | 1 |
| ਗਵਰਨਰ | ਗਵਨਰਰ | (5)39 | 22 |
| ਪੰਡਿਤ ਸਰਵਣ ਰਾਮ ਮਨਸੋਵਾਲੀਆ | ਪਡਿਤ ਸਰਵਣ ਰਾਮ ਮਨਸੋਵਾਲੀਆ | (5)41 | 16 |
| ਸ੍ਰੀ ਬ੍ਰਿਜ ਭੂਸ਼ਨ ਮਹਿਰਾ | ਸ੍ਰੀ ਬ੍ਰਿਜ ਭੂਜ਼ਨ ਮਹਿਰਾ | (5)61 | 10 |

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

**Friday, the 18th October, 1985**

*The Vidhan Sabha met in the Punjab Vidhan Sabha Hall, Vidhan Bhavan, Chandigarh, at* 10.00 *A.M. of the Clock. Mr. Speaker (Sardar Ravi Inder Singh) in the Chair.*

---

## CALL ATTENTION NOTICES UNDER RULE 66

**(Serial No. 1)**

**Shri Om Parkash Gupta** : Sir I beg to draw the attention of the Government towards a matter of urgent public importance, namely, it is said that the Punjab Government has decided that in future all the industrial units in Punjab must employ 90% industrial labour of Punjab origin or Punjabis otherwise all units will have to be closed or facilities withdrawn. The statement has created panic in the industrial sphere which can affect industrial production and stoppage of Establishment of industrial units and flow of capital from other States. If it is so how will the Government meet the shortage of manual and semi and fully trained workers in the State.

Will the Chief Minister be pleased to make a clear statement on the matter.

**Chief Minister (Sardar Surjit Singh Barnala)** : Sir, it is incorrect to say that the State Government has taken any decision to the effect that in future all the industrial units in Punjab would employ 90% industrial labour of Punjab Origin. There is, therefore, no question of any panic in the industries in the State.

**ਸ਼੍ਰੀ ਓਮ ਪ੍ਰਕਾਸ਼ ਗੁਪਤਾ** : ਸਪੀਕਰ ਸਾਹਿਬ, ਮੈਨੂੰ ਠੀਕ ਤਰ੍ਹਾਂ ਸੁਣਿਆ ਨਹੀਂ। ਸੀ. ਐਮ. ਸਾਹਿਬ ਜੇ ਦੁਬਾਰਾ ਜਵਾਬ ਦੇ ਦੇਣ ਤਾਂ ਠੀਕ ਹੋਵੇਗਾ।

**ਸ਼੍ਰੀ ਸਪੀਕਰ** : ਜਵਾਬ ਤਾਂ ਇਨ੍ਹਾਂ ਨੇ ਪੂਰਾ ਦੇ ਦਿੱਤਾ ਹੈ। ਇਨ੍ਹਾਂ ਨੇ ਕਹਿ ਦਿੱਤਾ ਹੈ ਕਿ ਕੋਈ ਐਸੀ ਗੱਲ ਨਹੀਂ।

**ਸ਼੍ਰੀ ਓਮ ਪ੍ਰਕਾਸ਼ ਗੁਪਤਾ** : ਸਪੀਕਰ ਸਾਹਿਬ, ਲਾਊਡ ਸਪੀਕਰ ਠੀਕ ਨਾ ਹੋਣ ਦੀ ਵਜ੍ਹਾ ਕਰਕੇ ਮੈਂ ਠੀਕ ਤਰ੍ਹਾਂ ਸੁਣ ਨਹੀਂ ਸਕਿਆ। ਸਰਦਾਰ ਬਲਵੰਤ ਸਿੰਘ ਦੀ ਇਕ ਸਟੇਟਮੈਂਟ ਅਖਬਾਰਾਂ ਵਿਚ ਛਪੀ ਸੀ, ਤੁਸੀਂ ਪੜ੍ਹੀ ਹੋਣੀ ਹੈ। ਇਹ ਇੰਡਸਟਰੀ ਮਨਿਸਟਰ ਹਨ। ਇਨ੍ਹਾਂ ਨੇ ਉਸ ਸਟੇਟਮੈਂਟ ਵਿਚ ਫਰਮਾਇਆ ਸੀ ਕਿ 90% ਲੇਬਰ ਪੰਜਾਬੀ ਹੋਵੇਗੀ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮੈਨੂਅਲ ਲੇਬਰ ਅੱਜ ਪੰਜਾਬ ਦੇ ਵਿਚ......

**ਸ਼੍ਰੀ ਸਪੀਕਰ** : ਇਹ ਕੋਈ ਸਵਾਲ ਨਹੀਂ ਹੈ। ਤੁਸੀਂ ਸਵਾਲ ਕਰੋ।

**ਸ਼੍ਰੀ ਓਮ ਪ੍ਰਕਾਸ਼ ਗੁਪਤਾ** : ਸਪੀਕਰ ਸਾਹਿਬ, ਮੇਰੀ ਅਰਜ਼ ਇਹ ਹੈ ਕਿ ਇਥੇ ਪੰਜਾਬ ਦੇ ਵਿਚ ਲੇਬਰ ਦੀ ਬੜੀ ਸ਼ਾਰਟੇਜ ਹੈ। ਜ਼ਿਮੀਂਦਾਰਾਂ ਨੂੰ ਵੀ ਨਹੀਂ ਮਿਲਦੀ ਅਤੇ ਦੂਜੇ ਸਫੀਅਰਜ਼ ਵਿਚ ਵੀ ਨਹੀਂ ਮਿਲਦੀ। ਅੱਜ ਪੰਜਾਬ ਵਿਚ ਛੋਟੇ ਵੱਡੇ 2 ਲੱਖ ਦੇ ਕਰੀਬ ਕਾਰਖਾਨੇ ਹਨ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸੁਪੀਕਰ** : ਇਹ ਕੋਈ ਸਵਾਲ ਨਹੀਂ ਹੈ। ਪਲੀਜ਼ ਸਿਟ ਡਾਊਨ। ਡਾਕਟਰ ਸਾਹਿਬ, ਤੁਸੀਂ ਆਪਣੀ ਕਾਲ ਅਟੈਨਸ਼ਨ ਨੋਟਿਸ ਪੜ੍ਹੋ।

(Serial No. 5)

**Doctor Kewal Krishan** : Sir, I beg to draw the attention of the Government towards a matter of urgent public importance, namely, that a statement was given by the Chief Minister, Punjab, at Amritsar on the very first visit to the city that in future police personnel shall not enter into the Golden Temple Complex. Bitter past for keeping away police from the Complex, is obviously known to the people of Punjab. There is very much resentment and fear in the minds of the people. The Government should make a statement in this respect.

**Chief Minister (Sardar Surjit Singh Barnala)** : Sir, the State Government respects the sanctity of all religious places like Gurudwaras, Temples, Mosques and Churches and does not want to interfere in the functioning of these holy places. The proper maintenance of these places and the keeping of peace therein is the bounden duty and the first responsibility of the respective managements of these religious places. It is, of course, the responsibility and policy of the State Government to maintain law and order and ensure peace and tranquility in the State. The State Government, however, hopes that the concerned managements/organisations will ensure that no occasion arises which requires entry of the police into these religious places for the enforcement and maintenance of law and order.

**ਡਾਕਟਰ ਕੇਵਲ ਕ੍ਰਿਸ਼ਨ** : ਸਪੀਕਰ ਸਾਹਿਬ, ਇਹ ਅਛੀ ਗੱਲ ਹੈ ਕਿ ਰਿਲੀਜਸ ਪਲੇਸਿਜ਼ ਦੀ ਸੈਂਕਟਿਟੀ ਕਾਇਮ ਰਖੀ ਜਾਵੇ ਪਰ ਸਾਡਾ ਪਾਸਟ ਸਾਨੂੰ ਦੱਸਦਾ ਹੈ ਕਿ ਦਰਬਾਰ ਸਾਹਿਬ ਵਿਚ ਆਰਸੱਨਲ ਬਣਾਇਆ ਗਿਆ ਸੀ ਔਰ ਕ੍ਰਿਮੀਨਲਜ਼ ਨੇ ਉਥੇ ਸ਼ੈਲਟਰ ਲਈ ਸੀ। ਇਨ੍ਹਾਂ ਦੀ ਵਜ੍ਹਾ ਕਰਕੇ ਬੜੀਆਂ ਸੈਡ ਹੈਪਨਿੰਗਜ਼ ਹੋਈਆਂ ਸਨ। ਇਹ ਕਹਿੰਦੇ ਹਨ ਕਿ ਦੁਬਾਰਾ ਪੁਲਿਸ ਉਥੇ ਨਹੀਂ ਜਾਵੇਗੀ। ਮੈਂ ਜਾਣਨਾ ਚਾਹੁੰਦਾ ਹਾਂ ਕਿ ਜੇ ਦੁਬਾਰਾ ਉਥੇ ਆਰਸੱਨਲ ਬਣ ਜਾਵੇ ਅਤੇ ਕ੍ਰਿਮੀਨਲਜ਼ ਦੁਬਾਰਾ ਉਥੇ ਸ਼ੈਲਟਰ ਲੈ ਲੈਣ ਤਾਂ ਕੀ ਪੁਲਿਸ ਫਿਰ ਵੀ ਉਥੇ ਦਾਖਲ ਨਹੀਂ ਹੋਵੇਗੀ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਪਿਛੇ ਜੋ ਕੁਝ ਹੋਇਆ ਉਹ ਉਸ ਵੇਲੇ ਦੀ ਗੌਰਮਿੰਟ ਦੀਆਂ ਗਲਤ ਪਾਲਿਸੀਆਂ ਦੀ ਵਜ੍ਹਾ ਕਰਕੇ ਹੋਇਆ। ਉਸ ਗੌਰਮਿੰਟ ਵਲੋਂ ਦੂਜਿਆਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਸੇ ਕਰਕੇ ਇਹ ਭੈੜੇ ਨਤੀਜੇ ਸਾਡੇ ਸਾਹਮਣੇ ਆਏ। ਮੈਨੂੰ ਉਮੀਦ ਹੈ ਕਿ ਹੁਣ ਕਿਸੇ ਰਿਲੀਜਸ ਪਲੇਸ ਵਿਚ ਕੋਈ ਇਹੋ ਜਿਹੀ ਗੱਲ ਨਹੀਂ ਹੋਵੇਗੀ ਜਿਸ ਕਰਕੇ ਪੁਲਿਸ ਨੂੰ ਉਥੇ ਦਾਖਲ ਹੋਣ ਦੀ ਜ਼ਰੂਰਤ ਪਵੇ।

**ਡਾਕਟਰ ਕੇਵਲ ਕ੍ਰਿਸ਼ਨ** . ਅਗਰ ਕੋਈ ਇਨਫਰਮੇਸ਼ਨ ਮਿਲਦੀ ਹੈ ਕਿ ਉਥੇ ਆਰਸੱਨਲ ਬਣਾਇਆ ਜਾ ਰਿਹਾ ਹੈ ਅਤੇ ਕ੍ਰਿਮੀਨਲਜ਼ ਸ਼ੈਲਟਰ ਲੈ ਰਹੇ ਹਨ ਤਾਂ ਫਿਰ...........

**ਸ੍ਰੀ ਸਪੀਕਰ** : ਮੈਂ ਮਹਿਸੂਸ ਕਰਦਾ ਹਾਂ ਕਿ ਇਸ ਦਾ ਜਵਾਬ ਆ ਗਿਆ ਹੈ।

**ਡਾਕਟਰ ਕੇਵਲ ਕ੍ਰਿਸ਼ਨ** : ਸਪੀਕਰ ਸਾਹਿਬ, ਜਵਾਬ ਕਲੀਅਰ ਨਹੀਂ ਹੈ। ਜੇ ਇਨ੍ਹਾਂ ਨੂੰ ਕੋਈ ਇਹੋ ਜਿਹੀ ਇਨਫਰਮੇਸ਼ਨ ਮਿਲਦੀ ਹੈ ਤਾਂ ਕੀ ਇਹ ਕੋਈ ਕਾਰਵਾਈ ਕਰਨਗੇ ?

**ਮੁੱਖ ਮੰਤਰੀ** : ਅਗਰ ਕੋਈ ਇਨਫਰਮੇਸ਼ਨ ਸਾਨੂੰ ਮਿਲੇਗੀ ਤਾਂ ਉਸ ਦੇ ਮੁਤਾਬਿਕ ਮੁਨਾਸਿਬ ਕਾਰਵਾਈ ਕੀਤੀ ਜਾਵੇਗੀ।

Original with;
Punjab Vidhan Sabha
Digitized by;
Panjab Digital Library

(Serial No. 8)

**Shri Ram Kishan Kataria** : Sir, I beg to draw the attention of the Government towards a matter of urgent public importance, namely, that a boat bridge is required to be installed over a Sutlej river except for a rainy season from Auliapur village to Sikanderpur village in Tehsil Balachaur, District Hoshiarpur.

That several villages across the river Sutlej towards Machhiwara—SAMRALA (District Ludhiana) fall in the area and jurisdiction of Balachaur Tehsil of District Hoshiarpur. That distance from Balachaur to these villages is hardly 6 to 8 Kms. In the absence of a required bridge, one has to travel a distance of 60 Km from Balachaur to reach these villages via Ropar—Morinda—Samrala and then village Sikanderpur.

These villages have inseparable cultural social and emotional ties with the people of Balachaur Sub-Division in District Hoshiarpur, since the time immemorial. In the past promises and assurances were given but not fulfilled by any Government.

This area, which falls within the territorial jurisdiction of Sub-Division Balachaur remains virtually cut off from Administrative facilities for months together. These people cannot bring the paddy to Mandi Balachaur.

It is just by nature that river Sutlej passes through a very short passage between Auliapur village to Sikanderpur and it is feasible and economical to lay the boat bridge, thereby to make it convenient to the people to seek facilities from their Tehsil and District Headquarters. Over and above it would shorten the distance for the traffic by atleast 60 Km, who desire to go from Hoshiarpur side towards Samrala, Khanna, Rajpura, Ludhiana and beyond and *vice versa*.

The demand of the people is long outstanding. Hence the Government is required to make a statement on the floor of the House.

**Chief Minister (Sardar Surjit Singh Barnala)**: Sir, at present, no boat bridge exists over the creak on river Sutlej situated between villages Auilapur on Balachaur side and village Sikanderpur on the other side. However, there is a ferry service available on this creak near these villages.

The site where the Boat Bridge has been demanded is only about 16-17 km from the Ropar Head Works. The flood water will take only about 4 hours to reach this site of the proposed Boat Bridge and it would not be possible to dismantle Bridge within such a short time. As such this Bridge will be vulnerable to floods. Therefore, it will not be advisable to construct this Bridge.

**ਸ੍ਰੀ ਰਾਮ ਕਿਸ਼ਨ ਕਟਾਰੀਆ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੁੱਖ ਮੰਤਰੀ ਜੀ ਨੂੰ ਕਲੈਰੀਫਾਈ ਕਰਾਂਗਾ ਕਿ ਜੋ ਪਲੇਸ ਮੈਂ ਔਲੀਆਪੁਰ ਤੋਂ ਸਿਕੰਦਰਪੁਰ ਤਕ ਤਹਿਸੀਲ ਬਲਾਚੌਰ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਦੱਸੀ ਹੈ, ਮੌਕੇ ਤੇ ਦੇਖਣ ਤੋਂ ਪਤਾ ਲਗਦਾ ਹੈ ਕਿ ਇਸ ਪੁਲ ਤੋਂ ਬਗੈਰ ਬਲਾਚੌਰ ਤੋਂ ਇਨ੍ਹ ਪਿੰਡਾਂ ਤਕ ਪਹੁੰਚਣ ਲਈ ਬਰਾਸਤਾ ਰੋਪੜ–ਮੋਰਿੰਡਾ-ਸਮਰਾਲਾ ਅਤੇ ਫਿਰ ਸਿਕੰਦਰਪੁਰ ਕੋਈ 60 ਕਿਲੋਮੀਟਰ ਦਾ ਫਾਸਲਾ ਤਹਿ ਕਰਨਾ ਪੈਂਦਾ ਹੈ ਜਦੋਂ ਕਿ ਪੁਲ ਬਣਨ ਨਾਲ ਇਹ ਫਾਸਲਾ ਸਿਰਫ 6 ਤੋਂ 8 ਕਿਲੋਮੀਟਰ ਦਾ ਰਹਿ ਜਾਂਦਾ ਹੈ। ਔਲੀਆਪੁਰ ਔਰ ਸਿਕੰਦਰਪੁਰ ਦੇ ਦਰਮਿਆਨ ਦੀ ਸਤਲੁਜ ਦਰਿਆ ਬਹੁਤ ਸ਼ਾਰਟ ਪੈਸੇਜ ਤੋਂ ਲੰਘਦਾ ਹੈ ਔਰ ਉਥੇ ਪੁਲ ਬਣਾਉਣਾ ਬਹੁਤ ਇਕਨਾਮੀਕਲ ਹੈ। ਇਸ ਪੁਲ ਦੇ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਰਾਮ ਕਿਸ਼ਨ ਕਟਾਰੀਆ]
ਬਣਨ ਨਾਲ ਜਿਹੜੇ ਬੰਦੇ ਹੁਸ਼ਿਆਰਪੁਰ ਤੋਂ ਸਮਰਾਲਾ, ਖੰਨਾ, ਰਾਜਪੁਰਾ ਔਰ ਲੁਧਿਆਣਾ ਵਲ ਜਾਣਗੇ ਉਨ੍ਹਾਂ ਲਈ ਵੀ 60 ਕਿਲੋਮੀਟਰ ਦਾ ਫਾਸਲਾ ਘਟ ਜਾਏਗਾ। ਅਗਰ ਇਹ ਪੁਲ ਪੈ ਜਾਂਦਾ ਹੈ ਤਾਂ ਇਹ ਬਲਾਚੌਰ ਦੇ ਸਾਰੇ ਏਰੀਆ ਲਈ ਫਾਇਦੇਮੰਦ ਰਹੇਗਾ। ਮੈਂ ਬੇਨਤੀ ਕਰਾਂਗਾ ਕਿ ਇਸ ਡੀਮਾਂਡ ਨੂੰ ਬਿਲਕੁਲ ਜੈਨੂਅਨ ਡੀਮਾਂਡ ਸਮਝ ਕੇ ਫਰਾਖਦਿਲੀ ਨਾਲ ਸਰਕਾਰ ਐਕਸੈਪਟ ਕਰੇ। ਇਹ ਮੇਰੇ ਇਲਾਕੇ ਦੀ ਸਮਸਿਆ ਹੈ। ਇਸ ਨੂੰ ਮੰਨ ਲੈਣਾ ਚਾਹੀਦਾ ਹੈ।

**ਮੁੱਖ ਮੰਤਰੀ :** ਇਨ੍ਹਾਂ ਨੇ ਸਵਾਲ ਤਾਂ ਕੀਤਾ ਨਹੀਂ ਹੈ ਬਲਕਿ ਸੁਜੈਸ਼ਨ ਦਿੱਤੀ ਹੈ, ਇਹ ਐਗਜ਼ਾਮਿਨ ਕਰ ਲਈ ਜਾਏਗੀ।

---

## FINANCIAL BUSINESS

### SUPPLIMENTARY ESTIMATES 1ST INSTALMENT FOR THE YEAR 1985-86

**Finance Minister (Sardar Balwant Singh)** : Sir, I beg to present the Supplementary Estimates (Ist Instalment) for the year 1985-86.

---

### PAPERS LAID ON THE TABLE

**Finance Minister (Sardar Balwant Singh)** : Sir, if you allow, because it is a very long list, I may read only the Serial Numbers of the papers to be placed on the Table.

**Mr. Speaker** : Is it the pleasure of the House ?

(Voices : yes, yes)

**Finance Minister** : Sir, I lay papers on the Table which have been listed on the Agenda under Serial No. 1, Serial No. 2, Serial No. 3, Serial No. 4, Serial No. 5, Serial No. 6, Serial No. 7, Serial No. 8, Serial No. 9, Serial No, 10, Serial No. 11, Serial No. 12, Serial No. 13, Serial No. 14, Serial No. 15. Serial No. 16 and Serial No. 17:—

1. The Punjab Panchayat Samitis and Zila Parishads (Temporary Supersession) Amendment Ordinance, 1985 (Punjab Ordinance No. 1 of 1985), as required under Article 213(2)(a) of the Constitution of India.

2. The Punjab Public Service Commission (Limitation of Functions) (First Amendment) Regulations, 1984, as required under Article 320(5) of the Constitution of India.

3. The Punjab Public Service Commission (Limitation of Functions) (Second Amendment) Regulations, 1984, as required under Article 320(5) of the Constitution of India.

4. The 3rd Annual Report and Accounts of the Punjab Tourism Devolopment Corporation Limited for the year 1981-82, as required under Section 619-A(3)(b) of the Companies Act, 1956.

Original with;
Punjab Vidhan Sabha
Digitized by;
Panjab Digital Library

5. The Annual Report and Balance Sheet of the Punjab Ex-Servicemen Corporation for the year 1984-85, as required under Section 23(6) of the Punjab Ex-Servicemen Corporation Act, 1978.

6. The Annual Report and Accounts of the Punjab Film and News Corporation Ltd. for the year 1980-81, as required under Section 619-A(3)(b) of the Companies, Act, 1956.

7. The Annual Report on the Working of the Punjab Backward Classes Land Development and Financial Corporation for the year 1982-83, as required under Section 27(6) of the Punjab Backward Classes Land Development and Finance Corporation Act, 1976.

8. The Annual Report on the Working of the Punjab Backward Classes Land Development and Finance Corporation for the year 1983-84, as required under Section 27(6) of the Punjab Backward Classes Land Development and Finance Corporation Act, 1976.

9: (i) The Finance Accounts 1982-83 ;

(ii) the Appropriation Accounts 1982-83 ;

(iii) the Report of the Comptroller and Auditor General of India (Civil) for the year 1982-83 ;

(iv) the Report of the Comptroller and Auditor General of India (Commercial) for the year 1982-83 ; and

(v) the Report of the Comptoller and Auditor General of India for the year 1982-83 (Revenue Receipts),

as required under Article 151(2) of the Constitution of India.

10. The Annual Administration Report of the Punjab Scheduled Castes Land Development and Finance Corporation for the year, 1982-83, as required under Section 27(5) of Punjab Scheduled Castes Land Development and Finance Corporation Act, 1970.

11. The Annual Administration Report of the Punjab Scheduled Castes Land Development and Finance Corporation for the year 1983-84, as required under Section 27(5) of the Punjab Scheduled Castes Land Development and Finance Corporation Act, 1970.

12. The Balance Sheet of the Punjab Scheduled Castes Land Development and Finance Corporation for the year 1979-80, as required under Section 27(5) of the Punjab Scheduled Castes Land Development and Finance Corporation Act, 1970.

Original with;
Punjab Vidhan Sabha
Digitized by;
Panjab Digital Library

[Finance Minister]

13. The Balance Sheet of the Punjab Scheduled Castes Land Development Corporation for the year 1980-81, as required under Section 27(5) of the Punjab Scheduled Castes Land Development and Finance Corporation Act, 1970.

14. The Balance Sheet of the Punjab Schedled Castes Land Development and Finance Corporation for the year 1981-82, as required under Section 27(5) of the Punjab Scheduled Castes Land Development and Finance Corporation Act, 1970.

15. The Administration Report of the Pepsu Road Transport Corporation for the year 1982-83, as required under Section 35(3) of the Road Transport Corporation Act, 1950.

16. The Audited Accounts of the Punjab Agricultural Univerity, Ludhiana, for the year 1981-82 and 1982-83, as required under Section 34(5) of the Haryana and Punjab Agricultural Universities Act, 1970.

17. The Audited Accounts of the Punjab Agricultural Univerity, Ludhiana, for the year 1983-84, as required under Section 34(5) of the Haryana and Punjab Agricultural Universities Act, 1970.

---

## DISCUSSION ON GOVERNOR'S ADDRESS

**Sardar Sukhdev Singh Dhillon (Rampura Phul)** : Sir I beg to move-

"That an Address be presented to the Governor in the following terms :—

'That the Members of this House assembled in this Session are deeply grateful to the Governor for the Address which he has been pleased to deliver to the House on the 16th October, 1985."

ਜਨਾਬ ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ ਇਹ ਐਡਰੈਸ ਪੜ੍ਹਿਆ ਹੈ ਜਿਸ ਤੇ ਮੈਂ ਮੋਸ਼ਨ ਮੂਵ ਕੀਤੀ ਹੈ। ਇਸ ਦੇ ਨਾਲ ਹੀ ਜੋ ਪਹਿਲੇ ਅਲਫਾਜ਼ ਹਨ ਉਹ ਬਿਲਕੁਲ ਸਚਾਈ ਤੇ ਆਧਾਰਤ ਹਨ, ਉਨ੍ਹਾਂ ਦੇ ਸ਼ਬਦ ਹਨ: "ਅੱਜ ਅਸੀਂ ਇੱਥੇ ਅੱਖਾਂ ਵਿਚ ਹੰਝੂ, ਬੁੱਲ੍ਹਾਂ ਉਤੇ ਪ੍ਰਾਰਥਨਾ ਅਤੇ ਦਿਲਾਂ ਵਿਚ ਨਵੀਆਂ ਉਮੀਦਾਂ ਲੈ ਕੇ ਇਕੱਠੇ ਹੋਏ ਹਾਂ"। ਗਵਰਨਰ ਸਾਹਿਬ ਨੇ ਬਿਲਕੁਲ ਸਚਾਈ ਪ੍ਰਗਟ ਕੀਤੀ ਹੈ। ਪਿਛਲੇ ਪੰਜ ਸਾਲਾਂ ਵਿਚ ਜੋ ਕੁਝ ਇਥੇ ਹੋਇਆ ਹੈ ਜੇਕਰ ਉਸ ਬਾਰੇ ਜ਼ਿਕਰ ਕਰੀਏ ਤਾਂ ਸਾਡੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ।

ਸਪੀਕਰ ਸਾਹਿਬ, ਇਸ ਸਰਕਾਰ ਨੇ ਕੰਸਟੀਚਿਊਸ਼ਨਲ ਬਰੇਕ–ਡਾਊਨ ਕਰ ਦਿੱਤਾ ਸੀ। ਜਿਹੜੇ ਪਹਿਲਾਂ ਪੰਜ ਸਾਲ ਬੀਤ ਗਏ ਹਨ ਉਸ ਵਿਚ ਲਾਅ ਐਂਡ ਆਰਡਰ ਬਿਲਕੁਲ ਖਤਮ ਹੋ ਗਿਆ ਸੀ। ਦੇਸ਼ ਦੀਆਂ ਸਾਰੀਆਂ ਆਪੋਜ਼ੀਸ਼ਨ ਪਾਰਟੀਆਂ ਨੇ ਅਪੀਲ ਕੀਤੀ ਕਿ ਇਥੇ ਇਲੈਕਸ਼ਨਜ਼ ਨਹੀਂ ਹੋਣੇ ਚਾਹੀਦੇ ਹਨ ਲੇਕਿਨ ਇਨ੍ਹਾਂ ਵਲ ਇਲਾਨ ਕਰਨ ਤੋਂ ਬਾਅਦ ਕਿ ਪੰਜਾਬ ਵਿਚ ਇਲੈਕਸ਼ਨਜ਼ ਕਰਾਏ ਜਾਣਗੇ, ਅਕਾਲੀ ਪਾਰਟੀ ਨੇ ਇਥੇ ਇਲੈਕਸ਼ਨਜ਼ ਲੜੇ। ਉਸ ਦਾ ਨਤੀਜਾ ਜੋ ਨਿਕਲਿਆ ਉਸ ਬਾਰੇ ਅੰਦਾਜ਼ਾ ਇਹ ਜੋ ਮੇਰੇ ਸਾਹਮਣੇ ਆਪੋਜ਼ੀਸ਼ਨ ਪਾਰਟੀ (ਕਾਂਗਰਸ ਪਾਰਟੀ ਵਲ ਇਸ਼ਾਰਾ) ਬੈਠੀ ਹੈ ਇਸ ਦੇ ਕਿੰਨੇ ਮੈਂਬਰ ਆਏ ਹਨ ਉਸ ਤੋਂ ਪਤਾ ਲਗ ਸਕਦਾ ਹੈ। ਇਹ ਨੈਸ਼ਨਲ ਪਾਰਟੀ ਹੈ ਪਰ ਪਿਛਲੇ ਪੰਜ ਸਾਲਾਂ ਵਿਚ ਜੋ

Original with;
Punjab Vidhan Sabha
Digitized by;
Panjab Digital Library

ਇਨ੍ਹਾਂ ਨੇ ਕੀਤਾ ਉਸ ਦੇ ਨਤੀਜੇ ਵਜੋਂ ਇਨ੍ਹਾਂ ਦਾ ਇਹ ਹਾਲ ਹੋਇਆ ਹੈ। ਇਨ੍ਹਾਂ ਦਾ ਨੰਬਰ ਕਿਨਾ ਘੱਟ ਰਹਿ ਗਿਆ ਹੈ। ਇੱਕ ਹੋਰ ਨੈਸ਼ਨਲ ਪਾਰਟੀ ਹੈ ਜਿਸ ਦਾ ਇਕ ਮੈਂਬਰ ਆਇਆ ਹੈ, ਇਹ ਦੋਵੇਂ ਪਾਰਟੀਆਂ ਇੱਕਠੀਆਂ ਹੋ ਗਈਆਂ ਸਨ। ਪਰ ਇਨ੍ਹਾਂ ਦਾ ਸਿਰਫ ਇੱਕ ਮੈਂਬਰ ਕਾਮਰੇਡ ਮਹਿਤਾਬ ਸਿੰਘ ਹੀ ਆਇਆ ਹੈ। ਇਨ੍ਹਾਂ ਦਾ ਕੱਦ ਛੋਟਾ ਸੀ, ਇਸ ਲਈ ਇਹ ਲੋਕਾਂ ਨੂੰ ਨਜ਼ਰ ਨਹੀਂ ਆਏ। ਅਗਰ ਲੋਕਾਂ ਨੂੰ ਇਹ ਨਜ਼ਰ ਆ ਜਾਂਦੇ ਤਾਂ ਸ਼ਾਇਦ ਇਹ ਵੀ ਇਥੇ ਨਾ ਆ ਸਕਦੇ। ਕਾਂਗਰਸ ਪਾਰਟੀ ਦਾ ਜੋ ਪਿਛਲਾ ਖਾਤਾ ਹੈ, ਜੋ ਇਨ੍ਹਾਂ ਦੇ ਪਿਛਲੇ ਕੰਮ ਹਨ ਉਨ੍ਹਾਂ ਬਾਰੇ ਮੈਂ ਜ਼ਿਕਰ ਕਰਨਾ ਬਹੁਤ ਜ਼ਰੂਰੀ ਸਮਝਦਾ ਹਾਂ। ਇਹ ਜਿਹੜੀ ਅਕਾਲੀ ਪਾਰਟੀ ਦੀ ਸ਼ਾਨਦਾਰ ਜਿੱਤ ਹੋਈ ਹੈ, ਇਹ ਬਰਨਾਲਾ ਸਾਹਿਬ ਇਸ ਲਈ ਵਧਾਈ ਦੇ ਪਾਤਰ ਹਨ, ਇਹ ਸਾਡੀ ਪਾਰਟੀ ਦੇ ਪ੍ਰਧਾਨ ਹਨ। ਐਡੀ ਵਡੀ ਜਿਤ ਪ੍ਰਾਪਤ ਕਰਕੇ ਬਰਨਾਲਾ ਸਾਹਿਬ ਨੇ ਮਿਸਾਲ ਕਾਇਮ ਕਰ ਦਿਤੀ ਹੈ। ਇਨ੍ਹਾਂ ਦਾ ਰਾਜ ਭਾਗ ਬਣਿਆ ਹੈ ਅਤੇ ਹੁਣ ਇਹ ਲੋਕਾਂ ਦੀਆਂ ਆਸਾਂ ਪੂਰੀਆਂ ਕਰਨ ਤੇ ਲਗੇ ਹੋਏ ਹਨ। ਸਪੀਕਰ ਸਾਹਿਬ, ਕਾਂਗਰਸ ਦੇ ਜ਼ੁਲਮ ਸ਼ੁਰੂ ਹੋਏ ਜਦੋਂ ਕਿ ਕਪੂਰੀ ਵਿਖੇ ਪਾਣੀ ਦੇ ਸਿਲਸਿਲੇ ਵਿਚ ਇਨ੍ਹਾਂ ਨੇ ਖੁਦਾਈ ਕੀਤੀ। ਉਦੋਂ ਸਾਡੇ ਤੇ ਤੱਸ਼ਦਦ ਦਾ ਕੰਮ ਸ਼ੁਰੂ ਹੋਇਆ। ਉਸ ਤੇ ਸਾਰੀਆਂ ਪਾਰਟੀਆਂ ਨੇ ਇਕਠੇ ਹੋ ਕੇ ਆਪਣੇ ਹੱਕਾਂ ਦੀ ਮੰਗ ਕੀਤੀ। ਅਕਾਲੀ ਪਾਰਟੀ ਨੇ ਉਦੋਂ ਤੋਂ ਇਹ ਕੰਮ ਸ਼ੁਰੂ ਕਰਕੇ ਅਖੀਰ ਦਮ ਤਕ ਇਹ ਲੜਾਈ ਲੜੀ ਔਰ ਅੱਜ ਇਸ ਨੇ ਇਲੈਕਸ਼ਨਜ਼ ਵਿਚ ਜਿੱਤ ਪ੍ਰਾਪਤ ਕਰਕੇ ਇਥੇ ਰਾਜ ਭਾਗ ਸੰਭਾਲਣ ਦਾ ਮਾਣ ਪਰਾਪਤ ਕੀਤਾ ਹੈ। ਸਪੀਕਰ ਸਾਹਿਬ, ਇਨ੍ਹਾਂ ਨੇ ਉਦੋਂ ਤੋਂ ਲੈ ਕੇ ਸਾਡੇ ਤੇ ਤਸ਼ਦਦ ਦਾ ਦੌਰ ਸ਼ੁਰੂ ਕੀਤਾ ਅਤੇ ਲੋਕਾਂ ਤੇ ਝੂਠੇ ਮੁਕੱਦਮੇਂ ਬਣਾਏ ਗਏ। ਗੁਰਦੁਆਰਿਆਂ ਵਿਚ ਸਿਗਰਟਾਂ ਸਿੱਟਵਾਈਆਂ ਗਈਆਂ ਔਰ ਮੰਦਰਾਂ ਵਿਚ ਗਊਆਂ ਦੀਆਂ ਪੂਛਾਂ ਸਿੱਟਵਾਈਆਂ ਗਈਆਂ ਤਾਂਕਿ ਹਿੰਦੂ ਔਰ ਸਿੱਖ ਵਿਚ ਲੜਾਈ ਸ਼ੁਰੂ ਹੋ ਜਾਏ, ਇਨ੍ਹਾਂ ਵਿਚ ਫਸਾਦ ਕਰਾਉਣ ਦੀ ਕੋਸ਼ਿਸ਼ ਕੀਤੀ ਗਈ। ਜਦੋਂ ਵੀ ਕੋਈ ਸਮਝੌਤੇ ਦੀ ਗਲ ਚਲਦੀ ਸੀ ਤਾਂ ਉਸੇ ਵੇਲੇ ਕਾਂਗਰਸ ਪਾਰਟੀ ਦੀ ਪੰਜਾਬ ਸਰਕਾਰ ਨੇ ਕੋਈ ਨਾ ਕੋਈ ਅਜਿਹੀ ਗਲ ਕਰ ਦੇਣੀ, ਕਦੇ ਬੈਂਕ ਰੌਬਰੀ ਕਰਾ ਦੇਣੀ ਜਾਂ ਕਿਤੇ ਡਕੈਤੀ ਕਰਾ ਦੇਣੀ ਜਾਂ ਫਿਰ ਕਿਤੇ ਕਿਸੇ ਨੂੰ ਮਰਵਾ ਦੇਣਾ, ਹਰ ਵਾਰੀ ਇਨ੍ਹਾਂ ਨੇ ਪੰਜਾਬ ਦੇ ਇੰਟ੍ਰਸਟ ਨੂੰ ਸੈਬੋਟੇਜ ਕਰਨ ਦੀ ਕੋਸ਼ਿਸ਼ ਕੀਤੀ। (ਵਿਘਨ) ਕੌਣ ਮਰਵਾਉਂਦਾ ਸ਼ੀ ਇਨ੍ਹਾਂ ਬੇਕਸੂਰ ਬੰਦਿਆਂ ਨੂੰ? ਸਾਡੇ ਮਾਨਯੋਗ ਪ੍ਰਧਾਨ ਸੰਤ ਹਰਚੰਦ ਸਿੰਘ ਜੀ ਨੇ ਉਸ ਵੇਲੇ ਕਿਹਾ ਸੀ ਕਿ ਇਹ ਜੋ ਇਨੋਸੈਂਟ ਬੰਦੇ ਮਾਰੇ ਜਾ ਰਹੇ ਹਨ ਇਸ ਬਾਰੇ ਇਨਕੁਆਇਰੀ ਕਰਾਉਣੀ ਚਾਹੀਦੀ ਹੈ। ਕਿਸੇ ਸੁਪਰੀਮ ਕੋਰਟ ਦੇ ਜੱਜ ਨੂੰ ਇਸ ਕੰਮ ਲਈ ਲਗਾਉਣਾ ਚਾਹੀਦਾ ਹੈ। ਪਰ ਇਹ ਮਾਮਲਾ ਕਿ ਕੌਣ ਮਰਵਾਂਦਾ ਸੀ ਬਿਲਕੁਲ ਸਾਫ ਹੋ ਗਿਆ ਜਦੋਂ ਕਿ ਗੁਰਿੰਦਰ ਸਿੰਘ ਪਕੜਿਆ ਗਿਆ। ਮੈਨੂੰ ਖੁਸ਼ੀ ਹੈ ਕਿ ਗਵਰਨਰ ਸਾਹਿਬ ਨੇ ਇਸ ਮਾਮਲੇ ਨੂੰ ਆਪਣੇ ਹੱਥ ਵਿਚ ਲਿਆ ਔਰ ਇਸ ਬਾਰੇ ਇਨਕੁਆਇਰੀ ਕਰਾਕੇ ਉਸ ਤੇ ਯੋਗ ਕਾਰਵਾਈ ਕੀਤੀ। ਉਸ ਦਾ ਨਤੀਜਾ ਹੈ ਕਿ ਉਹ ਲੋਕ ਜੋ ਉਸ ਵਿਚ ਇਨਵਾਲਵਡ ਸਨ ਉਨ੍ਹਾਂ ਵਿਚੋਂ ਇਥੇ ਅੱਜ ਇਨ੍ਹਾਂ ਬੈਂਚਾਂ ਤੇ ਇੱਕ ਆਦਮੀਂ ਵੀ ਨਜ਼ਰ ਨਹੀਂ ਆ ਰਿਹਾ ਹੈ। ਜਿਹੜੇ ਆਦਮੀ ਇਥੇ ਪਹੁੰਚੇ ਹਨ ਉਹ ਵੀ ਕੋਈ ਹੋਰ ਬੁਰਕਾ ਪਾਕੇ ਇਥੇ ਆਏ ਹਨ ਅਤੇ ਆਪੋਜ਼ੀਸ਼ਨ ਦੇ ਲੀਡਰ ਬਰਾੜ ਸਾਹਿਬ ਦੀ ਜਗ੍ਹਾ ** ** ਲੈ ਕੇ ਆਏ ਹਨ ਕਿਉਂਕਿ ਉਹ ਆਪ ਨਹੀਂ ਆ ਸਕਦੇ ਸਨ। ਪੰਡਿਤ ਮੋਹਨ ਲਾਲ ਜੀ, ਇਹ ਵੀ ਸ਼ਾਇਦ (ਵਿਘਨ)

**ਸ਼੍ਰੀ ਸੇਵਾ ਰਾਮ ਅਰੋੜਾ :** ** ** **

**Mr. Speaker** : Sorry, this is no point of order.

**Doctor Kewal Krishan**: This is not in good taste. ਆਪੋਜ਼ੀਸ਼ਨ ਦੇ ਲੀਡਰ ਨੂੰ ਉਨ੍ਹਾਂ ਨੇ ਕਿਹਾ ਹੈ ਕਿ ਬਰਾੜ ਸਾਹਿਬ ** ** ਆਏ। ਇਹ ਅਲਫਾਜ਼ ਐਕਸਪੰਜ ਹੋਣੇ ਚਾਹੀਦੇ ਹਨ।

*Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ** : ਢਿੱਲੋਂ ਸਾਹਿਬ, ਕੀ ਤੁਸੀਂ ਇਹ ਕਿਹਾ ਹੈ ?

**ਸਰਦਾਰ ਸੁਖਦੇਵ ਸਿੰਘ ਢਿੱਲੋਂ** : ਸਪੀਕਰ ਸਾਹਿਬ, ਮੈਂ ਇਨ੍ਹਾਂ ਦਾ ਬੜਾ ਸਤਿਕਾਰ ਕਰਦਾ ਹਾਂ। ਮੈਂ ਇਕ ਖਾਸ ਗੱਲ ਦਾ ਜ਼ਿਕਰ ਕੀਤਾ ਹੈ। ਮੈਂ ਡਾਕਟਰ ਸਾਹਿਬ ਨੂੰ ਵੀ ਬੇਨਤੀ ਕੀਤੀ ਸੀ ਕਿ ਜਦੋਂ ਇਹ ਸਹੁੰ ਪਾਉਣ ਚਲੇ ਸੀ ਤਾਂ ਇਨ੍ਹਾਂ ਦੇ ਗਲ ਵਿਚ ਕੁੜਤਾ ਪਾਇਆ ਹੋਇਆ, ਗਰਮ ਜਾਕਟ ਪਾਈ ਹੋਈ ਸੀ ਅਤੇ ਗਰਮ ਟੋਪੀ ਲਈ ਹੋਈ ਸੀ, ਮੈਂ ਸਮਝਿਆ ਪਤਾ ਨਹੀਂ ਕੀ ਗਲ ਹੈ। (ਹਾਸਾ) ਅੱਜ ਇਹ ਬੁਰਸ਼ਟ ਪਾ ਕੇ ਆਏ ਹਨ।

**ਪ੍ਰੋਫੈਸਰ ਦਰਬਾਰੀ ਲਾਲ** : ਸਪੀਕਰ ਸਾਹਿਬ, ਜਿਹੜੇ ** ਦੇ ਲਫਜ਼ ਕਹੇ ਗਏ ਹਨ, ਉਹ ਐਕਸਪੰਜ ਹੋਣੇ ਚਾਹੀਦੇ ਹਨ।

**ਸ਼੍ਰੀ ਸਪੀਕਰ** : ਮੈਂ ਇਹ ਫਿਰ ਵੀ ਐਗਜ਼ਾਮਿਨ ਕਰ ਲਵਾਂਗਾ।

**ਸ਼੍ਰੀ ਸ਼ਿਵ ਚੰਦ ਮਲੋਟ** : ਸਪੀਕਰ ਸਾਹਿਬ, ** ** (ਹਾਸਾ)

**Mr. Speaker**: This is no point of order

**ਸਰਦਾਰ ਸੁਖਦੇਵ ਸਿੰਘ ਢਿੱਲੋਂ** : ਇਨ੍ਹਾਂ ਦੇ ਰਾਜ ਵਿਚ ਇਹ ਪਹਿਲੀ ਵਾਰ ਹੋਇਆ ਹੈ ਕਿ ਗੁਰਦਵਾਰਿਆਂ ਵਿਚ ਪੁਲਿਸ ਗਈ ਅਤੇ ਇਹ ਵੀ ਇਨ੍ਹਾਂ ਦੇ ਰਾਜ ਵਿਚ ਪਹਿਲੀ ਵਾਰ ਹੋਇਆ ਹੈ ਕਿ ਗੁਰਦਵਾਰਿਆਂ ਵਿਚ ਸਿਗਰਟਾਂ ਸੁੱਟੀਆਂ ਗਈਆਂ। ਸਪੀਕਰ ਸਾਹਿਬ, ਕੰਸਟੀਚਿਊਸ਼ਨ ਨੇ ਸਾਨੂੰ ਰਾਈਟ ਦਿਤਾ ਹੈ ਕਿ ਅਸੀਂ ਦਿੱਲੀ ਜਾ ਕੇ ਪੀਸਫੁੱਲ ਮੁਜ਼ਾਹਰਾ ਕਰ ਸਕੀਏ ਪਰ ਬੜੇ ਅਫਸੋਸ ਦੀ ਗੱਲ ਹੈ ਕਿ ਸਾਨੂੰ ਦਿੱਲੀ ਜਾਣ ਤੋਂ ਰੋਕਿਆ ਗਿਆ। ਸਾਨੂੰ ਹਰਿਆਣਾ ਨਹੀਂ ਕਰਾਸ ਕਰਨ ਦਿੱਤਾ ਗਿਆ। ਅੱਜ ਇਹ ਸਾਡੇ ਹੱਕਾਂ ਦੀ ਗੱਲ ਕਰਦੇ ਹਨ।

ਸਾਡੀ ਅਕਾਲੀ ਪਾਰਟੀ ਦਾ ਜਿਹੜਾ ਖਾਤਾ ਹੈ ਮੈਂ ਉਸ ਦਾ ਜ਼ਿਕਰ ਕਰ ਰਿਹਾ ਸੀ ਕਿ ਸਾਡੀ ਪਾਰਟੀ ਦੀਆਂ ਭਰਪੂਰ ਪ੍ਰਾਪਤੀਆਂ ਹਨ। ਅੱਜ ਤੁਸੀਂ ਦੇਖ ਰਹੇ ਹੋ ਕਿ ਇਥੇ ਹਾਊਸ ਵਿਚ ਨੀਲੀਆਂ ਅਤੇ ਕਾਲੇ ਰੰਗ ਦੀਆਂ ਪੱਗਾਂ ਠਾਠਾਂ ਮਾਰ ਰਹੀਆਂ ਹਨ। (ਥੰਪਿੰਗ) ਅਸੀਂ "ਧਰਮ ਯੁੱਧ" ਸ਼ੁਰੂ ਕੀਤਾ, ਅਸੀਂ "ਕਪੂਰੀ ਦਾ ਮੋਰਚਾ" ਸ਼ੁਰੂ ਕੀਤਾ, ਅਸੀਂ ਪਾਣੀ ਦੀ ਲੜਾਈ ਸ਼ੁਰੂ ਕੀਤੀ, ਅਸੀਂ ਚੰਡੀਗੜ੍ਹ ਦੀ ਲੜਾਈ ਲੜੀ ਅਤੇ ਅਸੀਂ ਪੰਜਾਬੀ ਬੋਲਣ ਵਾਲੇ ਇਲਾਕਿਆਂ ਦੀ ਲੜਾਈ ਲੜੀ।

**ਸ਼੍ਰੀ ਸਪੀਕਰ** : ਮੈਂ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਅਲਫਾਜ਼ ਸਨ ਕਿ ਉਹ ** ** ਇਹ ਐਕਸਪੰਜ ਕੀਤੇ ਜਾਂਦੇ ਹਨ। (ਥੰਪਿੰਗ)

**ਸਰਦਾਰ ਸੁਖਦੇਵ ਸਿੰਘ ਢਿੱਲੋਂ** : ਸਪੀਕਰ ਸਾਹਿਬ, ਇਨ੍ਹਾਂ ਨੇ ਗੁਰਦਵਾਰਿਆਂ ਦੀ ਬੇਹੁਰਮਤੀ ਕੀਤੀ ਅਤੇ ਸਾਨੂੰ ਦਿੱਲੀ ਜਾਣ ਤੋਂ ਰੋਕਿਆ। ਇਨ੍ਹਾਂ ਨੇ ਪੁਲਿਸ ਗੁਰਦਵਾਰਿਆਂ ਵਿਚ ਵਾੜੀ। ਇਨ੍ਹਾਂ ਨੇ ਹਰਿਮੰਦਰ ਸਾਹਿਬ ਵਿਚ ਪੁਲਿਸ ਵਾੜੀ ਇਨ੍ਹਾਂ ਨੇ ਅਕਾਲ ਤਖਤ ਢਾਹਿਆ। ਆਪਣੇ ਵੇਲੇ ਇਹ ਸਾਰੀਆਂ ਚੀਜ਼ਾਂ ਬਰਦਾਸ਼ਤ ਕਰਦੇ ਰਹੇ। ਇਹ ਜਿਹੜੇ ਉਸ ਸਮੇਂ ਐਨੇ ਅੱਤਿਆਚਾਰ ਹੋਏ ਉਸ ਨੂੰ ਦੇਖਦੇ ਹੋਏ ਇਨ੍ਹਾਂ ਦੇ ਆਪਣੀ ਪਾਰਟੀ ਦੇ ਜਿਹੜੇ ਵੱਡੇ ਵੱਡੇ ਅਹੁਦਿਆਂ ਤੇ ਸਨ ਉਨ੍ਹਾਂ ਨੇ ਆਪਣੀਆਂ ਪਦਵੀਆਂ ਨੂੰ ਠੁਕਰਾ ਦਿਤਾ। ਫਿਰ ਕੈਪਟਨ ਅਮਰਿੰਦਰ ਸਿੰਘ ਜੋ ਕਿ ਉਸ ਸਮੇਂ ਪਾਰਲੀਮੈਂਟ ਦੇ ਮੈਂਬਰ ਸਨ, ਉਨ੍ਹਾਂ ਨੇ ਜ਼ੁਲਮ ਨੂੰ ਨਾ ਬਰਦਾਸ਼ਤ ਕਰਦੇ ਹੋਏ ਪਾਰਲੀਮੈਂਟ ਦੀ ਮੈਂਬਰੀ ਨੂੰ ਛੱਡ ਦਿਤਾ। ਮੈਂ ਬਰਨਾਲਾ ਸਾਹਿਬ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਟਿਕਟ ਦੇ ਕੇ ਉਨ੍ਹਾਂ ਨੂੰ ਮੂਹਰੇ ਲਿਆਂਦਾ ਹੈ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਅਤੇ ਉਨ੍ਹਾਂ ਨੂੰ ਇਸ ਸਰਕਾਰ ਵਿਚ ਵਜ਼ੀਰ ਬਣਾਇਆ ਹੈ। ਅੱਜ ਇਹ ਜਿਹੜਾ ਪੈਂਡੀ ਦਾ ਮਸਲਾ ਚੱਲ ਰਿਹਾ ਹੈ ਇਸ ਬਾਰੇ ਉਹ 5 ਵਾਰੀ ਦਿੱਲੀ ਦਾ ਚੱਕਰ ਲਾ ਆਏ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਦਿੱਲੀ ਦੀ ਸਰਕਾਰ ਜਿਹੜੀ ਕਿ ਇਨ੍ਹਾਂ ਸਾਹਮਣੇ ਬੈਠੇ ਵੀਰਾਂ ਦੀ ਸਰਕਾਰ ਹੈ, ਉਨ੍ਹਾਂ ਨੇ ਇਕੱਲਾ ਇੱਕਲਾ ** ਬਾਹਰ ਸੁੱਟ ਦਿਤਾ ਹੈ ਪਰ ਫਿਰ ਵੀ ਇਹ ਨਹੀਂ ਹਟਦੇ। ਗਰਚਾ ਜੀ ਨੇ ਵੀ ਇਨ੍ਹਾਂ ਦਾ ਸਾਥ ਛੱਡ ਦਿੱਤਾ ਹੈ।

**ਸ੍ਰੀ ਓਮ ਪ੍ਰਕਾਸ਼ ਗੁਪਤਾ** : ** ** ** **

**Mr. Speaker**: This is no point of order

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਸਪੀਕਰ ਸਾਹਿਬ, ਮਾਨਯੋਗ ਮੈਂਬਰ ** ਦਾ ਲਫਜ਼ ਇਹੋ ਜਿਹਾ ਵਰਤਿਆ ਹੈ, ਇਸ ਬਾਰੇ ਮੈਂ ਤੁਹਾਨੂੰ ਸ਼ੇਅਰ ਸੁਣਾਉਂਦਾ ਹਾਂ।

**ਸ੍ਰੀ ਸਪੀਕਰ** : ਜਦ ਇਹ ਚੀਜ਼ ਐਕਸਪੰਜ ਹੋ ਗਈ ਤਾਂ ਫਿਰ ਇਸ ਤਰ੍ਹਾਂ ਕਰਨਾ ਠੀਕ ਨਹੀਂ ਹੈ।

**ਸ੍ਰੀ ਓਮ ਪ੍ਰਕਾਸ਼ ਗੁਪਤਾ** : ** ** **

**Mr. Speaker** : This is no point of order

**ਸਰਦਾਰ ਸੁਖਦੇਵ ਸਿੰਘ ਢਿੱਲੋਂ** : ਲੋਕਾਂ ਨੇ ਇਨ੍ਹਾਂ ਨੂੰ ਦਾਗ ਦਿਤਾ ਹੈ। ਲੋਕਾਂ ਨੇ ਜਿਨ੍ਹਾਂ ਨੂੰ ਦੁਰਕਾਰ ਦਿੱਤਾ ਸੀ, ਮੈਂ ਉਨ੍ਹਾਂ ਨੂੰ * * ਕਿਹਾ ਹੈ।

ਮੈਂ ਇਨ੍ਹਾਂ ਦੇ ਜ਼ੁਲਮ ਦੀ ਲਾਈਨ ਖਿੱਚ ਰਿਹਾ ਸੀ। ਇਨ੍ਹਾਂ ਨੇ ਸਾਡੇ ਹਜ਼ਾਰਾਂ ਬੰਦੇ ਸ਼ਹੀਦ ਕਰ ਦਿਤੇ। ਜੋ ਦਿੱਲੀ ਵਿਚ ਹੋਇਆ ਅਤੇ ਹੋਰ ਦੂਜੇ ਸੂਬਿਆਂ ਵਿਚ ਜੋ ਕੁਝ ਹੋਇਆ, ਉਸ ਬਾਰੇ ਸਭ ਨੂੰ ਪਤਾ ਹੈ, ਉਨ੍ਹਾਂ ਗੱਲਾਂ ਨੂੰ ਮੈਂ ਦੁਹਰਾਉਣਾ ਨਹੀਂ ਚਾਹੁੰਦਾ। ਗਵਰਨਰ ਸਾਹਿਬ ਦੇ ਐਡਰੈਸ ਵਿਚ ਵੀ ਜ਼ਿਕਰ ਆਇਆ ਹੈ ਕਿ ਬਹੁਤ ਜ਼ੁਲਮ ਹੋਇਆ ਹੈ। ਮੈਂ ਤਾਂ ਸਿਰਫ ਅਫਸੋਸ ਹੀ ਪਰਗਟ ਕਰ ਸਕਦਾ ਹਾਂ। ਮੈਂ ਬਰਨਾਲਾ ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿ ਜਿਹੜੇ ਉਨ੍ਹਾਂ ਨੇ ਲੋਕਾਂ ਨਾਲ ਵਾਅਦੇ ਕੀਤੇ ਸਨ ਉਨ੍ਹਾਂ ਵਾਅਦਿਆਂ ਨੂੰ ਉਹ ਪੂਰਾ ਕਰ ਰਹੇ ਹਨ। ਜਿਹੜੇ ਜੇਲ੍ਹਾਂ ਵਿਚ ਡੱਕੇ ਹੋਏ ਸਨ ਉਨ੍ਹਾਂ ਦੀ ਰਿਹਾਈ ਅਨਾਊਂਸ ਕਰਕੇ ਬਹੁਤ ਅੱਛਾ ਕੀਤਾ ਗਿਆ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਬੰਦੇ ਜੋਧਪੁਰ ਦੀ ਜੇਲ੍ਹ ਵਿਚ ਅਤੇ ਅਜਮੇਰ ਦੀ ਜੇਲ੍ਹ ਵਿਚ ਬੈਠੇ ਹਨ, ਜਿੰਨੀ ਦੇਰ ਤੱਕ ਉਨ੍ਹਾਂ ਦਾ ਫੈਸਲਾ ਨਹੀਂ ਹੁੰਦਾ, ਉਨ੍ਹਾਂ ਨੂੰ ਪੰਜਾਬ ਦੀਆਂ ਜੇਲ੍ਹਾਂ ਵਿਚ ਲਿਆਂਦਾ ਜਾਵੇ ਤਾਕਿ ਉਨ੍ਹਾਂ ਦੀ ਅਸੀਂ ਸੇਵਾ ਕਰ ਸਕੀਏ ਅਤੇ ਉਨ੍ਹਾਂ ਦੇ ਪਰਿਵਾਰ ਉਨ੍ਹਾਂ ਨੂੰ ਮਿਲ ਸਕਣ। ਉਥੇ ਉਨ੍ਹਾਂ ਨਾਲ ਧੱਕੇਸ਼ਾਹੀ ਹੁੰਦੀ ਹੈ। ਇਥੇ ਆਉਣ ਨਾਲ ਇਹ ਧੱਕੇਸ਼ਾਹੀ ਬੰਦ ਹੋ ਜਾਵੇਗੀ।

ਪਾਰਲੀਮੈਂਟ ਦੀਆਂ ਇਲੈਕਸ਼ਨਾਂ ਵਿਚ ਜੋ ਇਨ੍ਹਾਂ ਨੇ ਪ੍ਰਾਪੇਗੰਡਾ ਕੀਤਾ ਹੈ, ਉਹ ਸਾਰਿਆਂ ਦੇ ਸਾਹਮਣੇ ਹੈ। ਇਹ ਆਨੰਦਪੁਰ ਸਾਹਿਬ ਦੇ ਮਤੇ ਨੂੰ ਕਹਿੰਦੇ ਰਹੇ ਕਿ ਪਤਾ ਨਹੀਂ ਇਸ ਵਿਚ ਕੀ ਹੈ? ਇਹ ਕਹਿੰਦੇ ਰਹੇ ਕਿ ਇਸ ਨਾਲ ਦੇਸ਼ ਦੇ ਟੁਕੜੇ ਹੋ ਜਾਣਗੇ, ਖਾਲਿਸਤਾਨ ਬਣ ਜਾਵੇਗਾ। ਮੈਂ ਕਹਿਣਾ ਚਾਹੁੰਦਾ ਹਾਂ:

ਮੰਦੇ ਕੰਮੀ ਨਾਨਕਾ, ਜਦ ਕਦ ਮੰਦਾ ਹੋਏ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਖਦੇਵ ਸਿੰਘ ਢਿੱਲੋਂ]

ਇਨ੍ਹਾਂ ਨੇ ਮਾੜੇ ਕੰਮ ਕੀਤੇ ਤਾਂ ਇਨ੍ਹਾਂ ਦਾ ਮਾੜਾ ਹੋਇਆ। ਆਖਿਰ ਵਿਚ ਸਚਾਈ ਦੀ ਜਿੱਤ ਹੋਈ ਹੈ। ਮੈਂ ਬਰਨਾਲਾ ਸਾਹਿਬ ਨੂੰ ਅਤੇ ਸਰਦਾਰ ਬਲਵੰਤ ਸਿੰਘ ਨੂੰ ਵਧਾਈ ਦਿੰਦਾ ਹਾਂ। ਸੰਤ ਲੌਂਗੋਵਾਲ ਜੀ ਨੇ ਆਪਣੀ ਸ਼ਹਾਦਤ ਦੇ ਦਿਤੀ। ਉਨ੍ਹਾਂ ਨੇ ਦੇਸ਼ ਦੀ ਅਖੰਡਤਾ ਅਤੇ ਸਦਭਾਵਨਾ ਨੂੰ ਮੱਦੇ ਨਜ਼ਰ ਰੱਖਦੇ ਹੋਏ, ਆਪਣੀ ਸ਼ਹਾਦਤ ਦੇ ਦਿਤੀ। ਜਿਹੜਾ ਉਨ੍ਹਾਂ ਨੇ ਅਕਾਰਡ ਕਰਵਾਇਆ ਹੈ, ਉਸ ਅਕਾਰਡ ਨੂੰ ਅਸੀਂ ਸਾਰਿਆਂ ਨੇ ਰਲ ਕੇ ਕਾਇਮ ਰੱਖਣਾ ਹੈ, ਉਸ ਅਕਾਰਡ ਨੂੰ ਅਸੀਂ ਲਾਗੂ ਕਰਾਉਣਾ ਹੈ। ਮੈਂ ਬਰਨਾਲਾ ਜੀ ਨੂੰ ਅਤੇ ਸਰਦਾਰ ਬਲਵੰਤ ਸਿੰਘ ਨੂੰ ਵਧਾਈ ਦੇ ਰਿਹਾ ਸੀ ਜਿਨ੍ਹਾਂ ਨੇ ਇਹ ਸਾਰਾ ਕਝ ਕਰਾਇਆ ਹੈ। ਜਦ ਇਹ ਫੈਸਲਾ ਹੋਣਾ ਸੀ ਤਾਂ ਉਸ ਵੇਲੇ ਪੰਜਾਬ ਦਾ ਹੋਰ ਕੋਈ ਆਦਮੀ ਲਾਗੇ ਨਹੀਂ ਰਹਿਣ ਦਿੱਤਾ, ਇਥੋਂ ਤੱਕ ਕਿ ਚਪੜਾਸੀ ਵੀ ਹਟਾ ਦਿੱਤੇ। ਇਨ੍ਹਾਂ ਨੂੰ ਹੁਣ ਇਹ ਗੱਲ ਸਮਝ ਆ ਜਾਣੀ ਚਾਹੀਦੀ ਹੈ। ਇਹ ਉਦੋਂ ਕਹਿੰਦੇ ਸਨ ਕਿ ਅਕਾਲੀ ਪਾਰਟੀ ਇੱਕਲੀ ਪੰਜਾਬ ਦੀ ਮੁਦੱਈ ਨਹੀਂ ਹੈ, ਇਹ ਕਹਿੰਦੇ ਹੁੰਦੇ ਸਨ ਕਿ ਅਕਾਲੀ ਪਾਰਟੀ ਇਕੱਲੀ ਪੰਜਾਬ ਦੀ ਨੁਮਾਇੰਦਾ ਨਹੀਂ ਹੈ। ਪਰ ਹੁਣ ਇਨ੍ਹਾਂ ਨੂੰ ਇਹ ਗੱਲ ਸਮਝ ਆ ਜਾਣੀ ਚਾਹੀਦੀ ਹੈ। ਇਨ੍ਹਾਂ ਨੇ ਇਥੇ ਮਾੜੀਆਂ ਗੱਲਾਂ ਜੋ ਕੀਤੀਆਂ ਉਨ੍ਹਾਂ ਦਾ ਦਿੱਲੀ ਵਾਲਿਆਂ ਨੂੰ ਪਤਾ ਲਗ ਗਿਆ। ਮੈਂ, ਸਪੀਕਰ ਸਾਹਿਬ, ਗਵਰਨਰ ਸਾਹਿਬ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਸਾਰੀ ਇਨਕੁਆਇਰੀ ਕਰਕੇ ਦਿੱਲੀ ਦੀ ਸਰਕਾਰ ਨੂੰ ਰਿਪੋਰਟ ਕੀਤੀ। ਗੁਰਿੰਦਰ ਸਿੰਘ ਦੇ ਐਨਕਾਊਂਟਰ ਤੋਂ ਬਾਅਦ ਜੋ ਕੁਝ ਸਾਹਮਣੇ ਆਇਆ ਉਹ ਦੱਸਿਆ। ਇਸ ਇਕ ਇਨਸਟਾਂਸ ਨਾਲ ਕਈ ਮਹਾਂਪੁਰਸ਼ ਭਾਵੇਂ ਉਹ ਕਿਸੇ ਪਾਰਟੀ ਦਾ ਪ੍ਰੈਜ਼ੀਡੈਂਟ ਹੈ ਜਾਂ ਯੂਥ ਕਾਂਗਰਸ ਦਾ ਪ੍ਰੈਜ਼ੀਡੈਂਟ ਹੈ ਜਾਂ ਕੋਈ ਇਸ ਤਰ੍ਹਾਂ ਦੀ ਪੋਜ਼ੀਸ਼ਨ ਹੈ ਉਹ ਕੁਰਸੀ ਤੋਂ ਇਸ ਤਰ੍ਹਾਂ ਲੜਖੜਾ ਗਿਆ ਜਿਸ ਤਰ੍ਹਾਂ ਕਿਸੇ ਬੇਰੀ ਨੂੰ ਥੋੜ੍ਹਾ ਜਿਹਾ ਹਲੂਣਾ ਦਿਓ ਉਸ ਤੋਂ ਪਤੇ ਗਿਰ ਜਾਂਦੇ ਹਨ, ਮਾੜੇ ਬੇਰ ਗਿਰ ਜਾਂਦੇ ਹਨ, ਇਸ ਤਰ੍ਹਾਂ ਉਹ ਗ੍ਰਿਰ ਗਏ। ਇਨ੍ਹਾਂ ਦੇ ਵੇਲੇ ਪੰਜਾਬ ਦੀ ਤਰੱਕੀ ਦੇ ਸਾਰੇ ਕੰਮ ਰੁਕ ਗਏ ਸਨ। ਇਹ ਪੰਜਾਬ ਦੇ ਹਿੱਤ ਦੀ, ਪੰਜਾਬੀ ਦੇ ਹਿੱਤ ਦੀ ਗਲ ਬਰਦਾਸ਼ਤ ਨਹੀਂ ਕਰ ਸਕਦੇ। ਸਪੀਕਰ ਸਾਹਿਬ, ਪੰਜਾਬੀਆਂ ਨੇ ਪੈਡੀ ਪੈਦਾ ਕਰਕੇ, ਕਣਕ ਪੈਦਾ ਕਰਕੇ ਸਾਰੇ ਹਿੰਦੁਸਤਾਨ ਦੀ ਭੁੱਖ ਮਿਟਾਈ ਹੈ। ਬੜੀ ਖੁਸ਼ੀ ਦੀ ਗੱਲ ਹੈ ਕਿ ਤੁਸੀਂ ਸਾਰਾ ਦਿਨ ਕੱਲ ਪੈਡੀ ਦੇ ਬਾਰੇ ਬਹਿਸ ਕਰਵਾਈ ਹੈ ਅਤੇ ਇਥੇ ਮਾਨਯੋਗ ਮੈਂਬਰ ਸਾਹਿਬਾਨ ਨੇ ਆਪਣੇ ਆਪਣੇ ਖਿਆਲਾਤ ਹਾਊਸ ਦੇ ਸਾਹਮਣੇ ਰਖੇ ਹਨ। ਇਨ੍ਹਾਂ ਦੇ ਵੇਲੇ ਬਿਜਲੀ 6 ਘੰਟੇ ਨਹੀਂ ਸੀ ਮਿਲਦੀ ਹੁਣ ਇਹ ਸਰਕਾਰ ਪਤਾ ਨਹੀਂ ਕਿਥੋਂ ਬਿਜਲੀ ਲੈ ਆਈ ਹੈ, ਇਸ ਸਰਕਾਰ ਨੇ ਬਿਜਲੀ 18 ਘੰਟੇ ਕਰ ਦਿੱਤੀ। ਇਹ ਸਰਕਾਰ ਤਰੱਕੀ ਦੇ ਕੰਮ ਕਰਨਾ ਚਾਹੁੰਦੀ ਹੈ। ਮੈਂ ਬਰਨਾਲਾ ਸਾਹਿਬ ਨੂੰ, ਸਰਦਾਰ ਬਲਵੰਤ ਸਿੰਘ ਨੂੰ ਜੋ ਬੜੇ ਮਾਹਿਰ ਹਨ ਉਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਐਫ. ਸੀ. ਆਈ. ਨੂੰ ਦਿੱਲੀ ਵਲ ਨੂੰ ਹੀ ਵਾਪਸ ਭੇਜ ਦਿਓ। ਜਿਹੜਾ ਧੱਕਾ ਉਹ ਪੰਜਾਬ ਦੇ ਕਿਸਾਨਾਂ ਨਾਲ ਕਰਦੀ ਹੈ, ਕਦੇ 18% ਮੁਆਇਸਚਰ ਦੀ ਗਲ ਕਰਦੇ ਹਨ ਅਤੇ ਕਦੇ ਕੋਈ ਗਲ ਕਰਦੇ ਹਨ ਉਨ੍ਹਾਂ ਦੇ ਧੱਕਿਆਂ ਤੋਂ ਪੰਜਾਬ ਦੇ ਕਿਸਾਨਾਂ ਨੂੰ ਬਚਾਓ। ਕਾਂਗਰਸ ਪਾਰਟੀ ਦੀ ਨੀਤੀ ਕਿਸਾਨ ਮਾਰੂ ਰਹੀ ਹੈ। ਇਨ੍ਹਾਂ ਨੂੰ ਸਮਝ ਆ ਜਾਣੀ ਚਾਹੀਦੀ ਹੈ ਜੋ ਲੋਕਾਂ ਵਲੋਂ ਇਨ੍ਹਾਂ ਨੂੰ ਜਵਾਬ ਮਿਲਿਆ ਹੈ। ਹੁਣ ਇਹ ਨਵਾਂ ਨਿਉਂਦਾ ਪਾਉਂਦੇ ਹਨ ਇਸ ਦੇ ਨਤੀਜੇ ਮਾੜੇ ਨਿਕਲਣਗੇ। ਮੈਂ ਕਾਂਗਰਸ ਪਾਰਟੀ ਨੂੰ ਬੇਨਤੀ ਕਰਾਂਗਾ, ਜਿਨ੍ਹਾਂ ਦਾ ਪਿਛੋਕੜ ਦਿੱਲੀ ਹੀ ਹੈ ਅਤੇ ਜਿਹੜੇ ਹਰ ਗਲ ਉਥੋਂ ਪੁੱਛ ਕੇ ਕਰਦੇ ਹਨ, ਇਹ ਜੋ ਵਾਕ ਆਊਟ ਇਨ੍ਹਾਂ ਨੇ ਕੀਤਾ ਸੀ ਉਹ ਪੁੱਛ ਕੇ ਨਹੀਂ ਸੀ ਕੀਤਾ ਇਸ ਦੇ ਬਾਰੇ ਹਰ ਇਕ ਨੇ ਉਲਟ ਲਿਖਿਆ ਹੈ, ਲੋਕਾਂ ਨੇ ਇਨ੍ਹਾਂ ਨੂੰ ਜੋ ਕੁਝ ਬਾਹਰ ਕਿਹਾ ਹੈ ਉਹ ਮੈਂ ਇਥੇ ਹਾਊਸ ਵਿੱਚ ਨਹੀਂ ਦੱਸਣਾ ਚਾਹੁੰਦਾ, ਜੋ ਕੁਝ ਲਾਬੀ ਵਿੱਚ ਪ੍ਰੈਸ ਵਾਲਿਆਂ ਨਾਲ ਜਾਂ ਦੂਸਰਿਆਂ ਨਾਲ ਗਲ ਬਾਤ ਹੋਈ ਹੈ ਉਹ ਮੇਰੇ ਸਾਹਮਣੇ ਹੋਈ ਹੈ ਪਰ ਉਹ ਮੈਂ ਇਥੇ ਨਹੀਂ ਦੱਸਦਾ, ਅਸੀਂ ਇਨ੍ਹਾਂ ਦਾ ਸਹਿਯੋਗ ਚਾਹੁੰਦੇ ਹਾਂ। ਅਸੀਂ ਅਕਾਰਡ ਵਿੱਚ

Original with;
Punjab Vidhan Sabha
Digitized by;
Panjab Digital Library

ਕਈ ਗਲਾਂ ਮੰਨਵਾਈਆਂ ਹਨ, ਕਈ ਚੀਜ਼ਾਂ ਮੰਨਵਾਈਆਂ ਹਨ। ਇਸ ਅਕਾਰਡ ਦੇ ਲਈ ਮੈਂ ਬਰਨਾਲਾ ਸਾਹਿਬ ਨੂੰ, ਸਰਦਾਰ ਬਲਵੰਤ ਸਿੰਘ ਨੂੰ, ਆਪਣੀ ਸਰਕਾਰ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਅਕਾਰਡ ਵਿੱਚ ਕਈ ਗਲਾਂ ਮੰਨਵਾਈਆਂ ਔਰ ਉਸ ਅਕਾਰਡ ਦੀ ਇਸਪਲੀਮੈਂਟੇਸ਼ਨ ਲਈ ਵਾਇਦਾ ਕੀਤਾ ਹੈ। ਜੋ ਮੈਥਿਊ ਕਮਿਸ਼ਨ ਬਣਿਆ ਹੈ ਉਸ ਦੇ ਵਿੱਚ ਕੁਝ ਗਲਤੀ ਹੋ ਗਈ ਦੱਸੀ ਗਈ ਹੈ। ਜੇ ਮੈਂ ਗੰਦੇ ਅੰਡਿਆਂ ਦੀ ਫਿਰ ਕੋਈ ਗਲ ਕੀਤੀ ਤਾਂ ਫਿਰ ਇਨ੍ਹਾਂ ਨੇ (ਕਾਂਗਰਸ ਪਾਰਟੀ ਵਲ ਇਸ਼ਾਰਾ) ਰੌਲਾ ਪਾਉਣਾ ਹੈ ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਦਿਲ੍ਹੀ ਵਿੱਚ ਹੋਮ ਮਨਿਸਟਰੀ ਵਿੱਚ ਕੁਝ ਐਸੇ ਅਫਸਰ ਹਨ, ਕੁਝ ਐਸੇ ਬੰਦੇ ਬੈਠੇ ਹਨ ਜੋ ਕੋਈ ਨਾ ਕੋਈ ਗਲਤ ਅਖਰ ਪਾ ਦਿੰਦੇ ਹਨ ਔਰ ਇਸ ਦੇ ਵਿੱਚ ਵੀ 2 ਲਾਈਨਾਂ ਗਲਤ ਪਾ ਦਿੱਤੀਆਂ ਪਰ ਮੈਂ ਪ੍ਰਾਈਮ ਮਨਿਸਟਰ ਸਾਹਿਬ ਨੂੰ ਦਾਦ ਦਿੰਦਾ ਹਾਂ ਕਿ ਉਨ੍ਹਾਂ ਨੇ ਗਲਤੀ ਨੂੰ ਮੰਨ ਲਿਆ ਹੈ ਪਰ ਮੈਂ ਆਪਣੀ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਹ ਇਸ ਗਲ ਦਾ ਧਿਆਨ ਰਖੇ ਕਿ ਕਿਧਰੇ ਉਸ ਗਲਤੀ ਨਾਲ ਸਾਡਾ ਕੋਈ ਨੁਕਸਾਨ ਨਾ ਹੋ ਜਾਵੇ। ਇਸ ਦੇ ਲਈ ਸਾਨੂੰ ਕੋਈ ਯੂਨਾਨੀਮਸਲੀ ਰੈਜ਼ੋਲਿਊਸ਼ਨ ਪਾਸ ਕਰਨਾ ਚਾਹੀਦਾ ਹੈ। ਅਸੀਂ ਆਪਣੇ ਹੱਕ ਵਿੱਚ ਲੜਾਈ ਕਰਨੀ ਹੈ, ਹਰਿਆਣੇ ਵਾਲੇ ਜੋ ਹਨ ਉਨ੍ਹਾਂ ਨੇ ਆਪਣੇ ਹੱਕ ਵਾਸਤੇ ਲੜਨਾ ਹੈ। ਜਿਥੋਂ ਤਕ ਪਾਣੀ ਦੀ ਗਲ ਹੈ ਉਸ ਦੇ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਹਰਿਆਣਾ ਭਾਵੇਂ ਸਾਰੇ ਵਕੀਲ ਇਕੱਠੇ ਕਰ ਲਵੇ, ਰਾਜਿਸਥਾਨ ਭਾਵੇਂ ਸਾਰੀ ਬਾਰ ਹੀ ਬਿਠਾ ਦੇਵੇ ਪਰ ਪਾਣੀ ਉਨ੍ਹਾਂ ਵਲ ਵੱਧ ਨਹੀਂ ਘੱਟ ਹੀ ਜਾਵੇਗਾ। ਚੰਡੀਗੜ੍ਹ ਸਾਡੇ ਵਲ ਭਜਿਆ ਤੁਰਿਆ ਆਉਂਦਾ ਹੈ। ਜੇ ਉਸ ਦੇ ਲਈ ਸਾਡਾ ਕੋਈ ਪਿੰਡ ਜਾਵੇ ਤਾਂ ਉਸ ਦੇ ਬਦਲੇ ਸਾਡੇ ਕੋਲ ਦੁਗਣੇ, ਚੌਗੁਣੇ ਪਿੰਡ ਆਉਣਗੇ। ਜੇ ਇਸ ਦੇ ਲਈ, ਸਪੀਕਰ ਸਾਹਿਬ, ਅਸੀਂ ਆਪਣੀ ਸਰਕਾਰ ਨੂੰ, ਅਕਾਲੀ ਪਾਰਟੀ ਨੂੰ ਸ਼ਾਬਾਸ਼ੇ ਨਾ ਦੇਈਏ ਤਾਂ ਮੈਂ ਸਮਝਦਾ ਹਾਂ ਕਿ ਅਸੀਂ ਆਪਣੇ ਫਰਜ਼ ਦੀ ਕੁਤਾਹੀ ਕਰਾਂਗੇ। ਸਪੀਕਰ ਸਾਹਿਬ, ਸੰਤ ਬਾਬਾ ਹਰਚੰਦ ਸਿੰਘ ਜੀ ਲੌਂਗੋਵਾਲ ਦੀ ਜਿਹੜੀ ਸ਼ਹਾਦਤ ਹੈ ਉਹ ਸਾਡੇ ਦੇਸ਼ ਦੀ ਅਖੰਡਤਾ ਨੂੰ, ਸਦਭਾਵਨਾ ਨੂੰ ਕਾਇਮ ਰਖਣ ਵਾਸਤੇ, ਪੰਜਾਬ ਦੇ ਹਿੱਤਾਂ ਦੀ ਰਾਖੀ ਵਾਸਤੇ ਹੋਈ ਹੈ। ਮੈਨੂੰ ਇਹ ਕਹਿਣ ਵਿੱਚ ਕੋਈ ਝਿਜਕ ਨਹੀਂ ਕਿ ਅਕਾਲੀ ਪਾਰਟੀ ਸਿਆਸੀ ਵੀ ਹੈ ਅਤੇ ਧਾਰਮਿਕ ਵੀ। ਅਸੀਂ ਗੁਰੂ ਸਾਹਿਬਾਨ ਦੇ ਭਾਣੇ ਨੂੰ ਮੰਨਦੇ ਹਾਂ। ਸੰਤ ਬਾਬਾ ਹਰਚੰਦ ਸਿੰਘ ਦੀ ਸ਼ਹਾਦਤ ਸੂਬੇ ਦੇ ਹਿੱਤ ਵਾਸਤੇ, ਦੇਸ਼ ਦੇ ਹਿੱਤ ਵਾਸਤੇ, ਦੇਸ਼ ਦੀ ਅਖੰਡਤਾ ਵਾਸਤੇ ਹੋਈ ਹੈ ਔਰ ਜੇ ਸਾਨੂੰ ਕੋਈ ਹੋਰ ਵੀ ਕੁਰਬਾਨੀ ਇਸ ਅਕਾਰਡ ਨੂੰ ਲਾਗੂ ਕਰਾਉਣ ਵਾਸਤੇ, ਸੂਬੇ ਦੇ ਹਿੱਤ ਵਾਸਤੇ ਕਰਨੀ ਪਈ ਤਾਂ ਅਸੀਂ ਉਸ ਦੇ ਵਿੱਚ ਵੀ ਬਿਲਕੁਲ ਕੁਤਾਹੀ ਨਹੀਂ ਕਰਾਂਗੇ। ਮੈਂ ਸਾਹਮਣੇ ਬੈਠੇ ਵੀਰਾਂ ਅਤੇ ਭੈਣਾਂ ਨੂੰ ਬੇਨਤੀ ਕਰਾਂਗਾ ਕਿ ਜਿਥੇ ਪੰਜਾਬ ਦੇ ਹਿੱਤ ਦੀ ਗਲ ਹੋਵੇ, ਜਿਥੇ ਪੰਜਾਬ ਦੀ ਤਰੱਕੀ ਦੀ ਗਲ ਹੋਵੇ ਉਥੇ ਇਹ ਸਾਡਾ ਸਾਥ ਦੇਣ। ਅਸੀਂ ਜਦੋਂ ਅਪੋਜ਼ੀਸ਼ਨ ਵਿੱਚ ਹੁੰਦੇ ਸੀ ਤਾਂ ਜਦੋਂ ਗਵਰਨਰ ਐਡਰੈਸ ਹੁੰਦਾ ਸੀ ਜਾਂ ਕੋਈ ਹੋਰ ਗਲ ਹੁੰਦੀ ਸੀ ਅਤੇ ਉਸ ਦੇ ਵਿੱਚ ਜੇ ਕੋਈ ਪੰਜਾਬ ਦੇ ਹਿੱਤ ਦੀ ਗਲ ਨਹੀਂ ਸੀ ਹੁੰਦੀ, ਕੋਈ ਇੰਡਸਟਰੀ ਦੀ ਗਲ ਨਹੀਂ ਸੀ ਹੁੰਦੀ, ਕੋਈ ਪੰਜਾਬ ਦੀ ਹੋਰ ਤਰੱਕੀ ਦੀ ਗਲ ਨਹੀਂ ਸੀ ਹੁੰਦੀ ਤਾਂ ਅਸੀਂ ਵਾਕ ਆਊਟ ਕਰਦੇ ਸੀ ਪਰ ਇਨ੍ਹਾਂ ਨੇ ਸੋਚਿਆ ਕਿ ਸ਼ਾਇਦ ਆਪੋਜ਼ੀਸ਼ਨ ਦਾ ਫਰਜ਼ ਹੀ ਹੁੰਦਾ ਹੈ ਕਿ ਵਾਕ ਆਊਟ ਕਰੋ, ਇਨ੍ਹਾਂ ਨੇ ਸ਼ੋਕ ਮਤੇ ਤੇ ਹੀ ਵਾਕ ਆਊਟ ਕਰ ਲਿਆ। ਚਲੋ, ਦਿੱਲੀ ਵਾਲੇ ਇਨ੍ਹਾਂ ਨੂੰ ਆਪ ਹੀ ਪੁੱਛਣਗੇ ਅਤੇ ਸਮਝਾਉਣਗੇ। ਸਾਨੂੰ ਖੁਸ਼ੀ ਹੈ ਕਿ ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿੱਚ ਪੰਜਾਬ ਦੀ ਡਿਵੈਲਪਮੈਂਟ ਲਈ ਜੋ ਕੁਝ ਇਨ੍ਹਾਂ ਨੇ (ਕਾਂਗਰਸ ਪਾਰਟੀ ਵਲ ਇਸ਼ਾਰਾ) ਬੰਦ ਕਰ ਦਿੱਤਾ ਸੀ ਉਸ ਦੇ ਬਾਰੇ ਡਿਵੈਲਪਮੈਂਟ ਦਾ ਜ਼ਿਕਰ ਕੀਤਾ ਹੈ। ਹਿੰਦੁਸਤਾਨ ਵਿੱਚ ਪੰਜਾਬ ਦੀ ਅਕਾਲੀ ਸਰਕਾਰ, ਬਾਦਲ ਸਰਕਾਰ ਜਾਂ ਯੂਨਾਈਟਿਡ ਸਰਕਾਰ ਜੋ ਵੀ ਮਰਜ਼ੀ ਕਹਿ ਲਓ ਉਹ ਪਹਿਲੀ ਸਰਕਾਰ ਸੀ ਜਿਸ ਨੇ ਪਿੰਡਾਂ ਦੀ ਤਰੱਕੀ ਵਲ ਆਪਣਾ ਧਿਆਨ ਦਿੱਤਾ ਅਤੇ ਪੰਜਾਬ ਦੇ ਵਿੱਚ ਪਿੰਡਾਂ ਵਿੱਚ ਖਾਲੇ ਪੱਕੇ ਕਰਨ ਦਾ ਕੰਮ ਕੀਤਾ, ਪਿੰਡਾਂ ਵਿੱਚ ਹੋਰ ਸਕੂਲ ਖੋਲ੍ਹਣ ਦਾ ਕੰਮ ਕੀਤਾ, ਪਿੰਡਾਂ ਵਿੱਚ ਡਿਸ-ਪੈਂਸਰੀਆਂ ਅਤੇ ਹਸਪਤਾਲ ਖੋਲੇ। ਸਪੀਕਰ ਸਾਹਿਬ ਜਦੋਂ ਅਸੀਂ ਬੰਬਈ ਜਾਂ ਮਦਰਾਸ ਜਾਂ ਕਿਧਰੇ ਹੋਰ ਬਾਹਰ ਜਾਂਦੇ ਸੀ ਤਾਂ ਸਾਨੂੰ ਉਨ੍ਹਾਂ ਸਟੇਟਾਂ ਦੇ ਮੈਂਬਰਜ਼ ਪੁੱਛਦੇ ਸਨ ਕਿ ਤੁਸੀਂ ਉਸ ਪਾਰਟੀ ਦੇ ਮੈਂਬਰ ਹੋ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਖਦੇਵ ਸਿੰਘ ਢਿੱਲੋਂ]

ਜਿਹੜੀ ਪਿੰਡਾਂ ਦੀ ਤਰੱਕੀ ਦੇ ਕੰਮ ਕਰਦੀ ਹੈ। ਪੰਜਾਬ ਵਿੱਚ ਅਕਾਲੀ ਸਰਕਾਰ ਪਹਿਲੀ ਸਰਕਾਰ ਸਾਰੇ ਹਿੰਦੁਸਤਾਨ ਦੇ ਸੂਬਿਆਂ ਵਿੱਚੋਂ ਸੀ ਜਿਸ ਨੇ ਪਿੰਡਾਂ ਦੀ ਤਰੱਕੀ ਦੇ ਕੰਮ ਸ਼ੁਰੂ ਕੀਤੇ। ਅਕਾਲੀ ਸਰਕਾਰ ਨੇ ਪਿੰਡਾਂ ਵਿੱਚ ਖਾਲੇ ਪੱਕੇ ਕਰਨ ਦਾ ਕੰਮ ਸ਼ੁਰੂ ਕੀਤਾ, ਪਿੰਡਾਂ ਵਿੱਚ ਕਈ ਸਕੂਲ ਖੋਲ੍ਹੇ, ਕਈ ਹਸਪਤਾਲ ਖੋਲ੍ਹੇ ਫੋਕਲ ਪੁਆਇੰਟ ਬਣਾਉਣ ਦੀ ਸਕੀਮ ਚਾਲੂ ਕੀਤੀ ਪਰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਨ੍ਹਾਂ ਨੇ (ਕਾਂਗਰਸ ਪਾਰਟੀ ਵਲ ਇਸ਼ਾਰਾ) ਉਹ ਸਕੀਮ ਬੰਦ ਕਰ ਦਿੱਤੀ ਔਰ ਜੋ ਤਰੱਕੀ ਦੇ ਕੰਮ ਅਕਾਲੀ ਸਰਕਾਰ ਨੇ ਪੰਜਾਬ ਵਿੱਚ ਕੀਤੇ ਉਹ ਇਨ੍ਹਾਂ ਨੇ ਆ ਕੇ ਬੰਦ ਕਰ ਦਿੱਤੇ। ਜਿਨ੍ਹਾਂ ਕੰਮਾਂ ਦੀ ਲੋਕ ਪ੍ਰਸ਼ੰਸਾ ਕਰਦੇ ਸਨ, ਸ਼ਲਾਘਾ ਕਰਦੇ ਸਨ ਅਤੇ ਜੋ ਤਰੱਕੀ ਦੇ ਕੰਮ ਸਨ ਉਸ ਦੇ ਬਾਰੇ ਇਹ (ਅਪੋਜ਼ੀਸ਼ਨ ਵਲ ਇਸ਼ਾਰਾ) ਦੂਜੇ ਪਾਸੇ ਨੂੰ ਤੁਰ ਪਏ ਅਤੇ ਸਾਰੇ ਤਰੱਕੀ ਦੇ ਕੰਮ ਬੰਦ ਕਰ ਦਿੱਤੇ। ਚਲੋ, ਇਨ੍ਹਾਂ ਦੀ ਇਹ ਆਪਣੀ ਮਰਜ਼ੀ ਸੀ ਅਤੇ ਅੱਜ ਇਹ ਸਾਡੇ ਸਾਹਮਣੇ 15-20 ਬੈਠੇ ਹਨ। (ਇਕ ਆਵਾਜ਼ : ਐਜੂਕੇਸ਼ਨ ਬਾਰੇ ਵੀ ਦੱਸ ਦਿਓ) ਸਪੀਕਰ ਸਾਹਿਬ, ਐਜੂਕੇਸ਼ਨ ਦੇ ਬਾਰੇ ਮੈਂ ਬਾਅਦ ਵਿੱਚ ਦੱਸਣਾ ਚਾਹੁੰਦਾ ਸੀ ਪਰ ਇਨ੍ਹਾਂ ਨੇ ਇਸ ਦਾ ਜ਼ਿਕਰ ਕੀਤਾ ਹੈ, ਇਸ ਲਈ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਤੁਸੀਂ ਆਪ ਹੀ ਦੇਖ ਲਓ ਕਿ ਇਨ੍ਹਾਂ ਨੇ ਐਜੂਕੇਸ਼ਨ ਦੇ ਮਾਮਲੇ ਵਿੱਚ ਕਿੰਨੀ ਤਰੱਕੀ ਕੀਤੀ ਸੀ। ਮੈਂ ਤੁਹਾਨੂੰ ਤਲਵੰਡੀ ਸਾਬੋ ਦੇ ਬਾਰੇ ਹੀ ਦੱਸਣਾ ਚਾਹੁੰਦਾ ਹਾਂ ਕਿ ਆਜ਼ਾਦੀ ਮਿਲਣ ਤੋਂ ਬਾਅਦ 22-23 ਸਾਲ ਤਕ ਇਨ੍ਹਾਂ ਨੇ ਉਥੇ ਕਿੰਨੇ ਸਕੂਲ ਖੋਲ੍ਹੇ ਜ਼ੀਰੋ ਅੰਡਾ ਯਾਨੀ ਕੋਈ ਸਕੂਲ ਨਹੀਂ ਖੋਲ੍ਹਿਆ। ਸਾਰੇ ਸਬ ਡਿਵੀਜ਼ਨ ਵਿੱਚ ਕੋਈ ਹਾਈ ਸਕੂਲ ਨਹੀਂ ਖੋਲ੍ਹਿਆ, ਕੋਈ ਸੜਕ ਨਹੀਂ ਬਣਾਈ, ਪਾਣੀ ਦਾ ਕੋਈ ਪ੍ਰਬੰਧ ਨਹੀਂ ਕੀਤਾ। ਮੈਨੂੰ ਯਾਦ ਹੈ ਕਿ ਤਲਵੰਡੀ ਸਾਬੋ ਦੇ ਗੁਰਦੁਆਰੇ ਵਿੱਚ ਗਿਆਨੀ ਜੀ ਪੱਕੇ ਖਾਲੇ ਦਾ ਨੀਂਹ ਪੱਥਰ ਰਖ ਗਏ ਔਰ ਅਸੀਂ ਬਾਅਦ ਵਿੱਚ ਪੁਛਿਆ ਕਿ ਕਿੰਨਾ ਖਰਚ ਹੋਇਆ ਤਾਂ ਲੰਮਾ ਚੌੜਾ ਖਰਚ ਦੱਸ ਦਿੱਤਾ ਪਰ ਜਦੋਂ ਪੁਛਿਆ ਕਿ ਕੰਮ ਕਿੰਨਾ ਹੋਇਆ ਤਾਂ ਦੱਸਿਆ ਕਿ ਡੇਢ ਇਟ ਬਣ ਗਈ ਹੈ। ਇਕ ਲੰਬੀ ਇੱਟ ਉਥੇ ਹੀ ਪਈ ਹੈ। ਇਹ ਤਾਂ ਪਵਿੱਤਰ ਅਸਥਾਨਾਂ ਬਾਰੇ ਇਨ੍ਹਾਂ ਕੋਲ ਕਦਰ ਹੈ। ਹੁਣ ਤਾਂ ਸਾਬਤ ਹੀ ਹੋ ਗਿਆ ਹੈ ਕਿ ਗੁਰਦੁਆਰਿਆਂ ਦੇ ਵਿੱਚ, ਹਰਿਮੰਦਰ ਸਾਹਿਬ ਵਿੱਚ ਪੁਲਿਸ ਵਾੜ ਦਿੱਤੀ।

ਸਪੀਕਰ ਸਾਹਿਬ, ਵੀਕ੍ਰ ਸੈਕਸ਼ਨ ਦੇ ਬਾਰੇ ਮੈਂ ਜ਼ਿਕਰ ਕਰਨਾ ਚਾਹੁੰਦਾ ਹਾਂ। ਇਹ ਬੜਾ ਕਹਿੰਦੇ ਸਨ ਕਿ ਵੀਕਰ ਸੈਕਸ਼ਨ ਦੀ ਅੱਪ ਲਿਫਟ ਵਾਸਤੇ ਅਸੀਂ 20 ਨੁਕਾਤੀ ਪ੍ਰੋਗਰਾਮ ਬਣਾਇਆ ਹੈ। ਇਨ੍ਹਾਂ ਨੂੰ ਆਪ ਹੀ ਨਹੀਂ ਸੀ ਪਤਾ ਕਿ 20 ਨੁਕਾਤੀ ਪ੍ਰੋਗਰਾਮ ਹੈ ਕੀ ? ਵੀਕਰ ਸੈਕਸ਼ਨ ਦੀ ਤਰੱਕੀ ਵਾਸਤੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਹਿੰਦੁਸਤਾਨ ਦੇ ਵਿੱਚ ਪੰਜਾਬ ਦੀ ਪਹਿਲੀ ਅਕਾਲੀ ਸਰਕਾਰ ਸੀ, ਬਾਦਲ ਸਰਕਾਰ ਸੀ ਜਾਂ ਯੂਨਾਈਟਿਡ ਸਰਕਾਰ ਸੀ ਪਰ ਪਹਿਲੀ ਅਕਾਲੀ ਸਰਕਾਰ ਸੀ ਜਿਸ ਨੇ ਸਾਰੇ ਹਿੰਦੁਸਤਾਨ ਵਿਚ ਪਹਿਲੀ ਵਾਰੀ ਵੀਕਰ ਸੈਕਸ਼ਨ ਵਾਸਤੇ 20 ਕਰੋੜ ਰੁਪਿਆ ਇਨਟਰੱਸਟ ਫ੍ਰੀ ਲੋਨ ਦੇਣ ਵਾਸਤੇ ਰਖਿਆ। ਪਹਿਲੀ ਇਹ ਅਕਾਲੀ ਸਰਕਾਰ ਹੀ ਸੀ ਜਿਸ ਨੇ, ਸਰਦਾਰ ਬਲਵੰਤ ਸਿੰਘ ਨੇ, ਬੇਰੋਜ਼ਗਾਰ ਮੁਡਿਆਂ ਨੂੰ ਜਿਨ੍ਹਾਂ ਦਾ ਰੋਜ਼ਗਾਰ ਦਫਤਰ ਵਿੱਚ ਨਾਮ ਦਰਜ ਸੀ, ਉਨ੍ਹਾਂ ਨੂੰ ਪੈਸੇ ਮਹੀਨਾਵਾਰੀ ਦਿੱਤੇ। ਇਸ ਤੋਂ ਪਹਿਲਾਂ ਕਿਸੇ ਸਰਕਾਰ ਨੇ ਐਸਾ ਨਹੀਂ ਕੀਤਾ ਕਿ ਜਿਹੜੇ ਬੇਰੁਜ਼ਗਾਰ ਹਨ ਉਨ੍ਹਾਂ ਨੂੰ ਆਪਣੇ ਰੋਟੀ ਪਾਣੀ ਦੇ ਖਰਚੇ ਵਾਸਤੇ ਪੈਸਾ ਦਿੱਤਾ ਹੋਵੇ। ਇਹ ਸੌ ਦੋ ਸੌ ਜਿਹੜਾ ਦੇਣ ਲਗੇ ਹਾਂ ਇਹ ਪੂਰਾ ਨਹੀਂ ਲੇਕਿਨ ਤੁਹਾਡਾ ਪ੍ਰੇਮ ਰਖਣ ਵਾਸਤੇ, ਹਿਰਦੇ ਵਿਚ ਤੁਹਾਡਾ ਨਾਂ ਰਖਣ ਵਾਸਤੇ ਅਕਾਲੀ ਸਰਕਾਰ ਨੇ ਪਹਿਲ ਕੀਤੀ ਹੈ। ਅਸੀਂ 10 ਸਾਲਾਂ ਵਿਚ ਪੂਰੀ ਅੱਨ-ਇੰਪਲਾਇਮੈਂਟ ਖਤਮ ਕਰਨ ਲਈ ਵਚਨ ਬੱਧ ਹਾਂ ਅਤੇ ਇਸ ਦੇ ਲਈ ਅਸੀਂ ਪੂਰੇ ਯਤਨ ਕਰਨੇ ਹਨ। ਸਪੀਕਰ ਸਾਹਿਬ, ਸਾਡੀ ਪਰ ਕੈਪੀਟਾ ਇਨਕਮ ਤਿੰਨ ਹਜ਼ਾਰ ਰੁਪਏ ਹੈ ਜਦ ਕਿ ਨੈਸ਼ਨਲ 1400 ਰੁਪਏ ਹੈ। ਸਪੀਕਰ ਸਾਹਿਬ, ਇਹ ਸਾਡੇ ਵੀਰ ਕਹਿੰਦੇ ਹਨ ਕਿ ਇਨ੍ਹਾਂ ਨੇ ਇਡਸਟਰੀ ਦੇ

Original with;
Punjab Vidhan Sabha
Digitized by;
Panjab Digital Library

ਖੇਤਰ ਵਿਚ ਬਹੁਤ ਕੰਮ ਕੀਤਾ ਹੈ, ਇਹ ਦੱਸਣ ਕਿ ਕੀਤਾ ਕੀ ਹੈ। ਸਾਡਾ ਸੂਬਾ ਇੰਨਾ ਤਰੱਕੀ ਕਰ ਰਿਹਾ ਸੀ ਔਰ ਇਨ੍ਹਾਂ ਨੇ ਨੈਸ਼ਨਲ ਲੈਵਲ ਜਿਹੜਾ 16% ਹੈ ਉਸ ਤੋਂ ਘਟਾ ਕੇ 12% ਤਕ ਲੈ ਆਉਂਦਾ। ਸਾਨੂੰ ਖੁਸ਼ੀ ਹੈ ਕਿ ਸਾਡੇ ਜਿਹੜੇ ਛੋਟੇ ਜਿਹੇ ਮੰਤਰੀ ਹਨ, ਉਹ ਬੜੇ ਸੂਝਵਾਨ ਆਦਮੀ ਹਨ। ਉਨ੍ਹਾਂ ਨੇ ਖਾਤੇ ਖੋਲ੍ਹ ਲਏ ਕਿ ਕਿਥੇ ਪੰਜਾਬੀਆਂ ਨਾਲ ਧੱਕਾ ਕੀਤਾ ਗਿਆ। ਇਸ ਗਲ ਤੋਂ ਛੁਟ ਕਿ ਕੋਈ ਸਿੱਖ ਹੈ ਜਾਂ ਹਿੰਦੂ, ਸੁਆਲ ਪੰਜਾਬੀ ਦਾ ਹੈ। ਉਨ੍ਹਾਂ ਨੂੰ ਸੂਬੇ ਵਿਚ ਆਉਣ ਲਈ ਖੁਲ੍ਹਾ ਸਦਾ ਦਿਤਾ ਹੈ ਕਿ ਤੁਸੀਂ ਆਓ ਇੰਡਸਟਰੀ ਲਗਾਓ ਅਸੀਂ ਤੁਹਾਨੂੰ ਬਿਜਲੀ ਦੀ ਸਹੂਲਤ ਦਿਆਂਗੇ ਟੈਕਸਾਂ ਤੋਂ ਰਾਹਤ ਦਿਆਂਗੇ ਔਰ ਤੁਸੀਂ ਪੰਜਾਬ ਦੀ ਤਰਕੀ ਵਾਸਤੇ ਇੰਡਸਟਰੀ ਵਗੈਰਾ ਲਗਾਓ। ਇਹ ਵੀ ਕਿਹਾ ਹੈ ਕਿ ਤੁਹਾਡੇ ਕੋਲੋਂ ਕੋਈ ਰਿਸ਼ਵਤ ਨਹੀਂ ਲੈਂਦਾ ਦੂਜੇ ਭਰਾਵਾ ਵਾਂਗੂ ਜਿਹੜੇ ਪਹਿਲਾਂ ਆਪਣੀਆਂ ਜੇਬਾਂ ਭਰਨ ਤੇ ਰਹਿੰਦੇ ਸਨ। ਤੁਸੀਂ ਆ ਕੇ ਮਿਲ ਜਾਓ ਅਤੇ ਬਰਨਾਲਾ ਸਾਹਿਬ ਦੀ ਚਿੱਠੀ ਤੁਹਾਡੇ ਕੋਲ ਪਹੁੰਚ ਜਾਏਗੀ ਕਿ ਤੁਹਾਡੀ ਅਰਜ਼ੀ ਮਨਜ਼ੂਰ ਹੋ ਗਈ ਹੈ। ਜਿਸ ਤਰ੍ਹਾਂ ਉਨ੍ਹਾਂ ਨੇ 16% ਤੋਂ 12% ਕਰ ਦਿੱਤਾ ਹੈ ਅਸੀਂ ਇਸ ਸੂਬੇ ਨੂੰ ਨੰਬਰ ਇਕ ਤੇ ਲਿਆਉਣ ਲਈ ਵਚਨਬੱਧ ਹਾਂ।

ਸਪੀਕਰ ਸਾਹਿਬ, ਸਾਡੀ ਜਦੋਂ ਪਹਿਲਾਂ ਸਰਕਾਰ ਹੁੰਦੀ ਸੀ ਉਸ ਵਕਤ ਆਦਰਸ਼ ਸਕੂਲ ਖੋਲ੍ਹੇ ਸਨ। ਕਿਉਂਕਿ ਅਸੀਂ ਇਥੇ ਦੇਖਦੇ ਹਾਂ ਕਿ ਜਿਹੜੇ ਵੱਡੇ ਅਫਸਰ ਹਨ ਕੋਈ ਕਿਸੇ ਸਟੇਟ ਦਾ ਹੈ ਅਤੇ ਕੋਈ ਕਿਸੇ ਸਟੇਟ ਦਾ ਸਾਡਾ ਵੀ ਵਿਚਾਰ ਹੈ ਕਿ ਅਜਿਹੇ ਸਕੂਲਾਂ ਵਿਚ ਵਿਦਿਆ ਪ੍ਰਾਪਤ ਕਰਨ ਤੋਂ ਬਾਅਦ ਸਾਡੇ ਬੱਚੇ ਵੀ ਪੜ੍ਹ ਲਿਖ ਕੇ ਅਫਸਰ ਬਣ ਜਾਣਗੇ। ਉਹ ਸਾਡੇ ਬੱਚੇ ਵੀ ਹਿੰਦੁਸਤਾਨ ਲੈਵਲ ਤੇ ਕੰਪੀਟੀਸ਼ਨ ਲੜ ਸਕਣ ਅਤੇ ਵੱਡੇ ਵੱਡੇ ਜਰਨੈਲ ਬਣ ਸਕਣ, ਪਰ ਇਨ੍ਹਾਂ ਨੇ ਉਹ ਸਕੂਲ ਹੀ ਬੰਦ ਕਰ ਦਿੱਤੇ ਕੋਈ ਅਕੈਡਮੀ ਤਾਂ ਕੀ ਖੋਲ੍ਹਣੀ ਸੀ ਜਿਥੋਂ ਬੱਚੇ ਕੋਈ ਟਰੇਨਿੰਗ ਲੈ ਸਕਦੇ ਸਕੂਲ ਹੀ ਬੰਦ ਕਰਾ ਦਿੱਤੇ। ਅਨੰਦਪੁਰ ਸਾਹਿਬ ਵਾਲੀ ਅਕੈਡਮੀ ਇਕ ਪਵਿਤਰ ਧਰਤੀ ਤੇ ਸੀ ਨਹੀਂ ਤਾਂ ਇਨ੍ਹਾਂ ਨੇ ਉਹ ਅਕੈਡਮੀ ਵੀ ਬੰਦ ਕਰ ਦੇਣੀ ਸੀ ਜਿਹੜੀ ਅਕਾਲੀ ਸਰਕਾਰ ਨੇ ਖੋਲ੍ਹੀ ਸੀ।

ਸਪੀਕਰ ਸਾਹਿਬ, ਹੁਣ ਬਹੁਤ ਸਾਰੀਆਂ ਗਲਾਂ ਰਲ ਮਿਲ ਕੇ ਪੰਜਾਬ ਦੇ ਹਿੱਤ ਵਿਚ ਕਰਨ ਵਾਲੀਆਂ ਹਨ। ਜਿਹੜਾ ਅਕਾਰਡ ਸੰਤ ਬਾਬਾ ਹਰਚੰਦ ਸਿੰਘ ਨੇ ਕੁਰਬਾਨੀ ਦੇ ਕੇ ਕਰਵਾਇਆ ਹੈ, ਜਿਸ ਅਕਾਰਡ ਦੇ ਵਾਸਤੇ ਤਿੰਨ ਲੱਖ ਬੰਦੇ ਜੇਲ੍ਹਾਂ ਵਿਚ ਗਏ ਅਤੇ ਚਾਰ ਸੌ ਬੰਦੇ ਜੇਲ੍ਹਾਂ ਵਿਚ ਸ਼ਹੀਦ ਹੋ ਗਏ, ਕੁਰਬਾਨੀਆਂ ਦਿੱਤੀਆਂ ਤੇ ਪ੍ਰਾਪਤੀਆਂ ਵੀ ਹੋਈਆਂ ਹਨ। ਚੰਡੀਗੜ੍ਹ ਪ੍ਰਾਪਤ ਕੀਤਾ ਹੈ, ਫੌਜੀ ਦੁਬਾਰਾ ਰਖਾਏ ਹਨ। ਹੁਣ ਐਂਪਲਾਇਮੈਂਟ ਦਾ ਜਿਹੜਾ ਮਸਲਾ ਹੈ ਉਹ ਵੀ ਹੱਲ ਹੋ ਜਾਵੇਗਾ। ਪਿਛੇ ਜਿਹੇ ਇਕ ਹੁਕਮ ਸੈਂਟਰ ਸਰਕਾਰ ਨੇ ਜਾਰੀ ਕੀਤਾ ਸੀ ਕਿ ਫੌਜ ਵਿਚ ਭਰਤੀ ਜੰਨ ਸੰਖਿਆ ਦੇ ਹਿਸਾਬ ਨਾਲ ਹੋਵੇਗੀ, ਜਿਹੜੀ ਕਿ ਇਸ ਵਕਤ 40% ਤੋਂ 12% ਤਕ ਆ ਗਈ ਸੀ। ਮੈਂ ਆਪਣੇ ਲੀਡਾਰਜ਼ ਨੂੰ ਵਧਾਈ ਦਿੰਦਾ ਹਾਂ ਕਿ ਇਹ ਗਲ ਵੀ ਉਨ੍ਹਾਂ ਨੇ ਅਕਾਰਡ ਦੇ ਵਿਚ ਲੈ ਆਉਂਦੀ ਅਤੇ ਇਹ ਕਰਾਇਆ ਕਿ ਭਰਤੀ ਮੈਰਿਟ ਤੇ ਹੋਵੇ। ਚੌੜੀ ਛਾਤੀ ਕਦ 5'–7" ਅਤੇ ਸੇਹਤ ਅੱਛੀ। ਇਹ ਨਹੀਂ ਕਿ ਕਿਸੇ ਸੂਬੇ ਦੇ 5 ਫੁਟ ਹੁਣ ਲੈ ਲਏ ਜਾਣਗੇ। ਉਸ ਹੁਕਮ ਦੇ ਖਤਮ ਹੋਣ ਨਾਲ ਕੋਈ 7 ਲੱਖ ਦੇ ਕਰੀਬ ਸਾਡੇ ਸੂਬੇ ਦੇ ਲੋਕ ਫੌਜ ਵਿਚ ਚਲੇ ਜਾਣਗੇ। ਇਨ੍ਹਾਂ ਨੇ ਉਸ ਹੁਕਮ ਵਲ ਜ਼ਰਾ ਵੀ ਧਿਆਨ ਨਹੀਂ ਦਿੱਤਾ ਕਿਉਂਕਿ ਇਹ ਸਮਝਦੇ ਸਨ ਕਿ ਅਗਰ ਅਵਾਜ਼ ਉਠਾਈ ਤਾਂ ਸ਼ਾਇਦ ਟਿਕਟ ਹੀ ਨਾ ਮਿਲੇ। ਹੁਣ ਵੀ ਤਾਂ ਘਰ ਹੀ ਬੈਠੇ ਹੋ, ਕਈਆਂ ਨੂੰ ਹਾਰਟ ਅਟੈਕ ਹੋ ਗਿਆ। ਮੇਰੀ ਅਰਜ਼ ਹੈ ਕਿ ਅਸੀਂ ਸਾਰੇ ਸੂਬੇ ਦੀ ਬੇਹਤਰੀ ਲਈ ਨੇਕ ਨੀਤੀ ਨਾਲ ਰਲ ਮਿਲ ਕੇ ਕੰਮ ਕਰੀਏ।

ਸਪੀਕਰ ਸਾਹਿਬ, ਹੁਣ ਮੈਂ ਇਕ ਗਲ ਕੁਰੱਪਸ਼ਨ ਦੀ ਜ਼ਰੂਰ ਕਰਾਂਗਾ। ਸਾਡੇ ਬਰਨਾਲਾ ਜੀ ਦਾ ਇਰਾਦਾ ਰਿਹਾ ਹੈ ਕਿ ਸਰਕਾਰ ਦੇ ਅਦਾਰਿਆਂ ਵਿਚੋਂ ਕੁਰੱਪਸ਼ਨ ਖਤਮ ਕਰਨੀ ਹੈ। ਇਹ ਵੇਖਿਆ ਗਿਆ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਖਦੇਵ ਸਿੰਘ ਢਿੱਲੋਂ ]

ਹੈ ਕਿ ਰੈਡ ਕਰਾਸ ਦੇ ਨਾਂ ਤੇ, ਰਜਿਸਟਰੀ ਕਰਾਉਣ ਜਾਵੇ ਤਾਂ ਟਿਕਟਾਂ ਫੜਾ ਦਿੰਦੇ ਹਨ, ਕੋਈ ਐਪਲੀਕੇਸ਼ਨ ਜਾਵੇ, ਗਰਜ਼ੇ ਕਿ ਕੋਈ ਕੰਮ ਲਈ ਚਲੇ ਜਾਵੋ ਚਾਹੇ ਤੁਹਾਡੀ ਸਮਰਥਾ ਹੈ ਜਾਂ ਨਹੀਂ ਉਨ੍ਹਾਂ ਨੇ ਲਿਹਾਜ਼ ਨਹੀਂ ਕਰਨਾ। ਇਹ ਚੀਜ਼ ਬੰਦ ਕਰਨੀ ਹੈ। ਮੈਂ ਜ਼ਿਆਦਾ ਗਲ ਇਸ ਕਰਕੇ ਨਹੀਂ ਕਰਦਾ ਮਾੜੀ ਜਿਹੀ ਗਲ ਕਰੋ ਤਾਂ ਇਹ ਮੇਰੇ ਆਪੋਜ਼ੀਸ਼ਨ ਵਿਚ ਬੈਠੇ ਸਾਥੀ ਤਿੜਕ ਪੈਂਦੇ ਹਨ। ਸਪੀਕਰ ਸਾਹਿਬ, ਮੈਂ ਕਿਸੇ ਦਾ ਨਾਂ ਨਹੀਂ ਲੈਣਾ, ਕੋਈ ਚੀਜ਼ ਪੜ੍ਹਨੀ ਨਹੀਂ, ਮੇਰੇ ਕੋਲ ਇਕ ਰੰਗੀਲਾ ਜਿਹਾ ਰਿਸਾਲਾ ਪਿਆ ਹੈ, 'ਇੰਡੀਆ ਟੂਡੇ'। ਮੈਂ ਇਸ ਵਿਚੋਂ ਜ਼ਿਕਰ ਕਰਨਾ ਸੀ, ਤੁਸੀਂ ਫਿਰ ਐਕਸਪੰਜ ਕਰਾ ਦੇਣਾ ਹੈ। ਇਨ੍ਹਾਂ ਦੇ ਮਹਾਪੁਰਸ਼ਾਂ ਨੇ, ਮਹਾਨ ਹਸਤੀਆਂ ਨੇ ਜਿਹੜੇ ਕਿ ਖਾਦੀ ਬੋਰਡ ਦੇ ਕੋਈ ਪ੍ਰਧਾਨ ਸਨ ਲੱਖਾਂ ਰੁਪਏ ਲੈ ਗਏ, ਇਕ ਆਨਾ ਨਹੀਂ ਮੋੜਿਆ। ਮੇਰੀ ਗਲ ਤਾਂ ਗਲਤ ਹੋ ਸਕਦੀ ਹੈ ਪਰ ਇਹ ਜਿਹੜਾ ਰਿਸਾਲਾ ਹੈ ਇਹ ਦੋ ਚਾਰ ਮਹੀਨੇ ਪਹਿਲਾਂ ਦਾ ਹੈ। ਇਹ ਕਹਿ ਸਕਦੇ ਹਨ ਕਿ ਰਿਸਾਲੇ ਵਿਚੋਂ ਨਹੀਂ ਪੜ੍ਹ ਸਕੇ ਸਮੇਂ ਦੀ ਘਾਟ ਕਾਰਨ, ਜੇ ਸਪੀਕਰ ਸਾਹਿਬ, ਇਜਾਜ਼ਤ ਦਿਓ ਤਾਂ ਹਾਊਸ ਦੀ ਟੇਬਲ ਤੇ ਰਖ ਦਿੰਦਾ ਹਾਂ। ਇਹ ਜੁਲਾਈ, 1984 ਦਾ ਹੈ। ਇਕ ਬੀਬੀ ਹੈ, ਸਪੀਕਰ ਸਾਹਿਬ, ਜੇ ਮੈਂ ਬੋਲਾਂਗਾ ਤਾਂ ਤੁਸੀਂ ਕਹੋਗੇ ਕਿ ਚੁਨੀ ਵਲ ਜਾਂਦਾ ਹੈ, ਵੈਸੇ ਹੀ ਗਲ ਕਰਦਾ ਹਾਂ ਕਿ 9 ਲੱਖ ਰੁਪਿਆ ਹਜ਼ਮ ਹੀ ਕਰ ਗਈ। ਇਸ ਤਰ੍ਹਾਂ ਕਈ ਹੋਰ ਹਨ। ਮੈਂ ਕਹਿੰਦਾ ਹਾਂ ਕਿ ਰੈਡ ਕਰਾਸ ਦੇ ਪੈਸੇ ਨਾ ਖਾਓ। ਇਹ ਗਰੀਬਾਂ ਖਾਤਰ ਹਨ। ਇਹ ਜਿਹੜਾ ਖਾਦੀ ਬੋਰਡ ਦਾ ਪੈਸਾ ਹੈ ਇਹ ਗਰੀਬਾਂ ਦੀ ਦਸਾਂ ਨਹੁੰਆਂ ਦੀ ਕਮਾਈ ਹੈ। ਪਰ ਇਨ੍ਹਾਂ ਨੇ ਕੋਈ ਖਿਆਲ ਨਹੀਂ ਕੀਤਾ। ਮੈ ਹਾਊਸ ਨੂੰ ਅਰਜ਼ ਕਰਾਂਗਾ ਕਿ ਸਾਡੇ ਬਰਨਾਲਾ ਸਾਹਿਬ ਬੜੇ ਰਹਿਮ ਦਿਲ ਹਨ ਪਰ ਕੁਰਪੱਸ਼ਨ ਖਤਮ ਕਰਨ ਲਈ ਬੜੇ ਮਜ਼ਬੂਤ ਹਨ। ਮੇਰੀ ਇਹ ਵੀ ਅਰਜ਼ ਹੈ ਕਿ ਇਥੇ ਪੰਜਾਬ ਵਿਚ ਕਈ ਕੁਝ ਹੋਇਆ ਹੈ। ਇਥੇ ਸਿਆਸੀ ਬੰਦਿਆ ਬਾਰੇ ਕਈ ਗਲਤ ਗਲਾਂ ਵੀ ਹੁੰਦੀਆਂ ਹਨ। ਉਸ ਦੇ ਲਈ ਕੋਈ ਕਮਿਸ਼ਨ ਹੀ ਮੁਕੱਰਰ ਕਰ ਦਿੱਤਾ ਜਾਵੇ ਤਾਂ ਕਿ ਇਨਕੁਆਇਰੀ ਹੋ ਜਾਵੇ ਅਤੇ ਦੋਸ਼ੀਆਂ ਦੇ ਖਿਲਾਫ ਐਕਸ਼ਨ ਹੋ ਜਾਵੇ। ਕਈਆਂ ਦੇ ਬੁਲ੍ਹਾਂ ਤੇ ਲਹੂ ਲਗਾ ਪਿਆ ਹੈ ਅਤੇ ਕਈਆਂ ਦੇ ਹੱਥ ਲਹੂ ਨਾਲ ਭਰੇ ਪਏ ਹਨ, ਮੈਂ ਉਨ੍ਹਾਂ ਦਾ ਨਾਂ ਨਹੀਂ ਲੈਂਦਾ, ਮੈਂ ਉਨ੍ਹਾਂ ਨੂੰ ਇਹ ਕਹਿੰਦਾ ਹਾਂ ਕਿ ਲੋਕਪਾਲ ਕਮਿਸ਼ਨ ਬਣ ਗਿਆ ਹੈ। 30, 30 ਸਾਲ ਹੋ ਗਏ ਕੋਈ ਜ਼ਮੀਨਾਂ ਖਾ ਗਏ, ਪੈਸੇ ਖਾ ਗਏ ਉਨ੍ਹਾਂ ਨੇ ਇਕ ਪੈਸਾ ਵੀ ਨਹੀਂ ਮੋੜਿਆ। ਉਹ ਹਾਲਾਤ ਨੂੰ ਮੱਦੇ ਨਜ਼ਰ ਰਖਦੇ ਹੋਏ ਮਹੀਨੇ, 20 ਦਿਨਾਂ ਵਿਚ ਪੈਸੇ ਵਗੈਰਾ ਜਮ੍ਹਾ ਕਰਵਾ ਦੇਣ, ਇਸ ਤੋਂ ਪਹਿਲਾਂ ਕਿ ਫਾਈਲ ਬਰਨਾਲਾ ਜੀ ਕੋਲ ਜਾਵੇ ਅਤੇ ਕੋਈ ਆਰਡਰ ਹੋਣ, ਇਹ ਆਪ ਹੀ ਕਰਾ ਦਿਓ, ਤੁਹਾਡੇ ਭਲੇ ਵਾਸਤੇ ਹੀ ਕਹਿੰਦਾ ਹਾਂ। ਅਸੀਂ ਕਈ ਰੈਜ਼ੋਲਿਊਸ਼ਨ ਇਕੱਠੇ ਹੋ ਕੇ ਇਥੋਂ ਪਾਸ ਕਰਨੇ ਹਨ।

ਸਪੀਕਰ ਸਾਹਿਬ, ਮੈਂ ਇਕ ਬੇਨਤੀ ਕਰਨੀ ਹੈ ਕਿ ਸੂਬੇ ਵਿਚ ਪ੍ਰੈਸ ਦਾ ਰੋਲ ਕਈ ਗਲਾਂ ਵਿਚ ਬਹੁਤ ਅੱਛਾ ਰਿਹਾ ਹੈ, ਜਿਸ ਤਰ੍ਹਾਂ ਪੰਜਾਬ ਅਕਾਰਡ ਨੂੰ ਲਾਗੂ ਕਰਾਉਣ ਵਿਚ। ਕਿਤੇ ਗੁਰਿੰਦਰ ਸਿੰਘ ਫੜ ਲਿਆ ਅਤੇ ਕਿਤੇ ਕੁਝ ਹੋਰ ਹੋ ਗਿਆ। ਟ੍ਰਿਬਿਊਨ ਵਾਲਿਆਂ ਨੇ ਕਿੰਨਾ ਵਧੀਆ ਐਡੀਟੋਰੀਅਲ ਦਿੱਤਾ ਹੈ ਟ੍ਰਿਬਿਊਨ ਵਿਚ।

ਸਪੀਕਰ ਸਾਹਿਬ, ਸਾਰੇ ਆਪੋਜ਼ੀਸ਼ਨ ਬੈਂਚਾਂ ਅਤੇ ਸਾਰੇ ਪੰਜਾਬ ਦੇ ਸਮੂਹ ਲੋਕਾਂ ਨੂੰ ਮੈਂ ਦੱਸ ਦੇਣਾ ਚਾਹੁੰਦਾ ਹਾਂ ਕਿ ਜਿਹੜਾ ਪੰਜਾਬ ਅਕਾਰਡ ਹੋਇਆ ਹੈ ਜਿਸ ਦੇ ਲਈ ਸੰਤ ਬਾਬਾ ਹਰਚੰਦ ਸਿੰਘ ਲੌਂਗੋਵਾਲ ਨੇ ਸ਼ਹੀਦੀ ਦਿੱਤੀ ਹੈ, ਸਾਡੀ ਪਾਰਟੀ ਉਸ ਅਕਾਰਡ ਨੂੰ ਲਾਗੂ ਕਰਾਉਣ ਲਈ ਵਚਨਬੱਧ ਹੈ ਔਰ ਅਗਰ ਇਸ ਦੇ ਲਈ ਕੋਈ ਹੋਰ ਕੁਰਬਾਨੀ ਦੇਣੀ ਪਈ ਤਾਂ ਪਿਛੇ ਨਹੀਂ ਰਹੇਗੀ। ਉਸ ਦੇ ਲਈ ਪ੍ਰੈਸ, ਆਪੋਜ਼ੀਸ਼ਨ ਔਰ ਪੰਜਾਬ ਦੇ ਸਮੁੱਚੇ ਲੋਕ ਸਾਡਾ ਸਾਥ ਦੇਣ ਤਾਕਿ ਇਹ ਅਕਾਰਡ ਇੰਪਲੀਮੈਂਟ ਕੀਤਾ ਜਾ ਸਕੇ। ਆਖਿਰ ਵਿਚ ਇਨ੍ਹਾਂ

Original with;
Punjab Vidhan Sabha
Digitized by;
Panjab Digital Library

ਸ਼ਬਦਾਂ ਨਾਲ ਮੈਂ ਇਹ ਹਾਊਸ ਅੱਗੇ ਬੇਨਤੀ ਕਰਾਂਗਾ ਕਿ ਜਿਹੜਾ ਇਹ ਰੈਜ਼ੋਲਿਊਸ਼ਨ ਮੂਵ ਕੀਤਾ ਹੈ ਇਸ ਨੂੰ ਸਰਬ ਸੰਮਤੀ ਨਾਲ ਪਾਸ ਕਰੋ। ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** (ਸਰਦੂਲਗੜ੍ਹ) : ਸਪੀਕਰ ਸਾਹਿਬ, ਮੈਂ ਗਵਰਨਰ ਸਾਹਿਬ ਦੇ ਭਾਸ਼ਣ ਲਈ ਧੰਨਵਾਦ ਦਾ ਮਤਾ ਜੋ ਢਿੱਲੋਂ ਸਾਹਿਬ ਨੇ ਪੇਸ਼ ਕੀਤਾ ਹੈ, ਉਸ ਦੀ ਪ੍ਰੋੜਤਾ ਕਰਨ ਲਈ ਬੋਲ ਰਿਹਾ ਹਾਂ। ਅਸੀਂ ਪੰਜ ਸਾਲਾਂ ਦੇ ਕਾਂਗਰਸ ਰਾਜ ਦੇ ਬੜੇ ਹੀ ਦਰਦ ਭਰੇ ਤੇ ਖ਼ੂਨੀ ਸਾਕਿਆਂ ਦੇ ਮਾਹੌਲ ਵਿਚੋਂ ਦੀ ਗੁਜ਼ਰਦੇ ਹੋਏ ਅੱਜ ਫਿਰ ਇਥੇ ਇਕੱਠੇ ਹੋਏ ਹਾਂ। ਤਾਂ ਹੀ ਤੇ ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਲਿਖਿਆ ਹੈ, "ਅਜ ਅਸੀਂ ਇਥੇ ਅੱਖਾਂ ਵਿਚ ਹੰਝੂ, ਬੁੱਲ੍ਹਾਂ ਉਤੇ ਪ੍ਰਾਰਥਨਾ ਅਤੇ ਦਿਲਾਂ ਵਿਚ ਨਵੀਆਂ ਉਮੀਦਾਂ ਲੈ ਕੇ ਇਕੱਠੇ ਹੋਏ ਹਾਂ।" ਇਹ ਉਨ੍ਹਾਂ ਨੇ ਤਿੰਨ ਲਫਜ਼ ਕਿਉਂ ਕਹੇ ਹਨ ਔਰ ਕਿਉਂ ਕਹਿਣ ਦੀ ਲੋੜ ਪਈ ਹੈ। ਜੇਕਰ ਅਸੀਂ ਗਵਰਨਰ ਐਡਰੈਸ ਨੂੰ ਧਿਆਨ ਨਾਲ ਪੜ੍ਹ ਲਈਏ ਤਾਂ ਪਤਾ ਲਗਦਾ ਹੈ ਕਿ ਇਨਾਂ ਤਿੰਨਾਂ ਲਫਜ਼ਾਂ ਵਿਚ ਸਾਰੇ ਐਡਰੈਸ ਦੀ ਬਰੀਫਿੰਗ ਹੈ, ਸਾਰ ਹੈ। ਮੈਂ ਤਿੰਨ ਲਫਜ਼ਾਂ ਤੇ ਕੋਸ਼ਿਸ਼ ਕਰਾਂਗਾ ਕਿ ਇਸ ਪ੍ਰਸਤਾਵ ਦੀ ਪ੍ਰੋੜਤਾ ਕਰਾਂ।

ਪਹਿਲਾਂ ਮੈਂ ਇਥੋਂ ਸ਼ੁਰੂ ਕਰਦਾ ਹਾਂ ਕਿ ਅਸੀਂ ਉਮੀਦਾਂ ਲੈ ਕੇ ਕਿਉਂ ਇਥੇ ਇਕੱਠੇ ਹੋਏ ਹਾਂ। ਸਰ, ਪਿਛਲੇ ਪੰਜ ਸਾਲਾਂ ਲਈ ਜੋ ਸਰਕਾਰ ਸੀ ਉਸ ਸਮੇਂ ਦੇ ਵਿਚ ਪੰਜਾਬ ਦੀ ਤਰੱਕੀ ਬੰਦ ਹੋ ਗਈ ਸੀ, ਆਰਥਿਕਤਾ ਤਬਾਹ ਹੋ ਗਈ ਸੀ, ਉਸ ਨੂੰ ਦੁਬਾਰਾ ਚਾਲੂ ਕਰਕੇ ਪੰਜਾਬ ਨੂੰ ਫਿਰ ਪਹਿਲੀ ਕਤਾਰ ਵਿਚ ਖੜਾ ਕਰਨ ਲਈ ਅਸੀਂ ਵਚਨ ਬਧ ਹਾਂ ਔਰ ਇਹ ਉਮੀਦਾਂ ਬਰਨਾਲਾ ਸਾਹਿਬ ਦੀ ਅਗਵਾਈ ਵਿਚ ਬਣੀ ਸਰਕਾਰ ਗਵਰਨਰ ਸਾਹਿਬ ਦੇ ਐਡਰੈਸ ਵਿਚ ਜੋ ਨਵੀਆਂ ਸਕੀਮਾਂ ਦਾ ਜ਼ਿਕਰ ਹੈ ਉਨ੍ਹਾਂ ਰਾਹੀਂ ਪੂਰੀਆਂ ਕਰਨਾ ਚਾਹੁੰਦੀ ਹੈ। ਜਿਸ ਤਰ੍ਹਾਂ ਸੱਭ ਤੋਂ ਪਹਿਲਾਂ ਪੁਆਇੰਟ ਡਿਵੈਲਪਮੈਂਟ ਲਈ ਜੋ ਸਕੀਮਾਂ ਹਨ, ਪਿਛਲੀ ਅਕਾਲੀ ਸਰਕਾਰ ਵੇਲੇ ਜੋ ਬਾਦਲ ਸਾਹਿਬ ਦੀ ਸਰਕਾਰ ਸੀ, ਉਸ ਵੇਲੇ ਤਰੱਕੀ ਦੀਆਂ ਜੋ ਸਕੀਮਾਂ ਬਣੀਆਂ ਸਨ, ਉਨ੍ਹਾਂ ਨੂੰ ਮੁੜ ਚਾਲੂ ਕਰਨਾ ਹੈ। ਪਿਛਲੀ ਕਾਂਗਰਸ ਸਰਕਾਰ ਨੂੰ ਚਾਹੀਦਾ ਸੀ ਕਿ ਉਹ ਸਕੀਮਾਂ ਕਿਉਂਕਿ ਪੇਂਡੂ ਤਰੱਕੀ ਲਈ ਸਨ, ਇਸ ਲਈ ਉਨ੍ਹਾਂ ਅੱਛੀਆਂ ਸਕੀਮਾਂ ਤੇ ਪੂਰੀ ਜ਼ਿਮੇਵਾਰੀ ਨਾਲ ਅਮਲ ਕਰਦੀ ਔਰ ਪੰਜਾਬ ਦੀ ਤਰੱਕੀ ਨੂੰ ਪੱਕੇ ਇਰਾਦੇ ਨਾਲ ਅੱਗੇ ਤੋਰਿਆ ਜਾਂਦਾ। ਪਰ ਅਫਸੋਸ ਹੈ ਕਿ ਉਹ ਸਕੀਮਾਂ ਪਿਛਲੀ ਸਰਕਾਰ ਵੇਲੇ ਬੰਦ ਹੋ ਗਈਆਂ ਸਨ। ਹੁਣ ਬਰਨਾਲਾ ਸਾਹਿਬ ਇਸ ਗੱਲ ਲਈ ਵਧਾਈ ਦੇ ਪਾਤਰ ਹਨ ਕਿ ਉਹ ਹੀ ਸਕੀਮਾਂ, ਜਿਸ ਤਰ੍ਹਾਂ ਕਿ ਫੋਕਲ ਪੁਆਇੰਟਸ ਦੀ ਸਕੀਮ ਸੀ, ਆਦਰਸ਼ ਸਕੂਲ ਖੋਲ੍ਹਣ ਦੀ ਸਕੀਮ ਸੀ ਔਰ ਐਸੇ ਸਕੂਲਾਂ ਦੀ ਲੋੜ ਸੀ, ਫਿਰ ਥੀਨ ਡੈਮ ਪਿਛਲੀ ਅਕਾਲੀ ਸਰਕਾਰ ਆਪਣੇ ਸਮੇਂ ਵਿਚ ਪੂਰਾ ਕਰਨਾ ਚਾਹੁੰਦੀ ਸੀ, ਦੁਬਾਰਾ ਫਿਰ ਉਨ੍ਹਾਂ ਸਕੀਮਾਂ ਨੂੰ ਚਾਲੂ ਕਰਨ ਲਈ ਵਚਨ ਬਧ ਹੈ ਔਰ ਪੰਜ ਸਾਲਾਂ ਵਿਚ ਅਸੀਂ ਇਹ ਸਕੀਮਾਂ ਪੂਰੀਆਂ ਕਰਨੀਆਂ ਚਾਹੁੰਦੇ ਹਾਂ। ਇਨ੍ਹਾਂ ਸਕੀਮਾਂ ਨਾਲ ਹੀ ਪੰਜਾਬ ਤਰੱਕੀ ਕਰ ਸਕਦਾ ਹੈ। ਵੱਡੇ ਵੱਡੇ ਪ੍ਰਾਜੈਕਟਾਂ ਨੂੰ ਹੱਥਾਂ ਵਿਚ ਲੈ ਕੇ ਚਾਲੂ ਕਰਨਾ ਔਰ ਮੁਕੰਮਲ ਕਰਨਾ, ਅਟਾਮਿਕ ਪਲਾਂਟ ਦਾ ਛੇਤੀ ਲਗਾਉਣਾ, ਇਸ ਤਰ੍ਹਾਂ ਦੇ ਪ੍ਰਾਜੈਕਟਾਂ ਬਾਰੇ ਬਰਨਾਲਾ ਸਾਹਿਬ ਜੀ ਦੀ ਸਰਕਾਰ ਸੋਚ ਰਹੀ ਹੈ। ਫਿਰ ਹਿਮਾਚਲ ਪ੍ਰਦੇਸ਼ ਨਾਲ ਮਿਲ ਕੇ ਵਡੇ ਵੱਡੇ ਪ੍ਰਾਜੈਕਟਾਂ ਨੂੰ ਹੱਥਾਂ ਵਿਚ ਲੈ ਕੇ ਉਨ੍ਹਾਂ ਨੂੰ ਮੁਕੰਮਲ ਕਰਨਾ, ਇਹ ਸਾਡੀ ਸਰਕਾਰ ਦਾ ਇਰਾਦਾ ਹੈ। ਫਿਰ ਸਪੀਕਰ ਸਾਹਿਬ, ਖੇਤੀ ਦੀ ਉਪਜ ਦਾ ਕੋਈ ਬਦਲਵਾਂ ਹੱਲ ਲਭਣਾ, ਇਹ ਗੱਲਾਂ ਇਸ ਐਡਰੈਸ ਦਾ ਮੁੱਖ ਹਿੱਸਾ ਬਣੀਆਂ ਹਨ।

ਫਿਰ, ਝੂਠੇ ਪੁਲਿਸ ਮੁਕਾਬਲੇ ਬਣਾ ਕੇ ਨੌਜਵਾਨਾਂ ਨੂੰ ਕੋਹ ਕੋਹ ਕੇ ਸ਼ਹੀਦ ਕੀਤਾ ਜਾਂਦਾ ਰਿਹਾ ਹੈ। ਇਸ ਲਈ ਜਿੱਥੇ ਕਿਤੇ ਵੀ ਉਹ ਨੌਜਵਾਨ ਜੋ ਗ੍ਰਿਫਤਾਰ ਕੀਤੇ ਹੋਏ ਹਨ ਝੂਠੇ ਕੇਸ ਬਣਾ ਕੇ ਉਨ੍ਹਾਂ ਨੂੰ ਰਿਹਾਅ ਕਰ ਕੇ, ਮੁੜ ਰੁਜ਼ਗਾਰ ਦੇਣਾ ਇਹ ਸਾਡੀ ਸਰਕਾਰ ਦਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਵਿੰਦਰ ਸਿੰਘ ਭੂੰਦੜ]

ਪਹਿਲਾ ਫਰਜ਼ ਹੈ। ਇਸ ਤਰ੍ਹਾਂ ਹੀ ਫੌਜੀ ਜੋ ਦੇਸ਼ ਦਾ ਜ਼ਿੰਮੇਵਾਰ ਅੰਗ ਹੈ, ਸਾਡੇ ਪੰਜਾਬ ਦੇ ਫੌਜੀ ਨੌਜਵਾਨ ਜੋ ਭਾਵਨਾਵਾਂ ਕਾਰਨ ਬੈਰਕਾਂ ਛੱਡ ਗਏ ਸਨ ਉਨ੍ਹਾਂ ਦੀ ਰਿਹਾਈ ਕਰਵਾ ਕੇ ਮੁੜ ਉਨ੍ਹਾਂ ਦਾ ਪ੍ਰਬੰਧ ਕਰਨਾ, ਸਾਡੀ ਸਰਕਾਰ ਦੇ ਮੁੱਖ ਕੰਮ ਹਨ । ਇਹ ਹਨ ਸਾਡੀਆਂ ਉਮੀਦਾਂ ਜੋ ਅਸੀਂ ਪੰਜਾਬ ਦੀ ਡਿਵੈਲਪਮੈਂਟ ਕਰਕੇ ਫਿਰ ਪੰਜਾਬ ਨੂੰ ਮੂਹਰਲੀ ਕਤਾਰ ਵਿਚ ਲੈ ਜਾਣਾ ਚਾਹੁੰਦੇ ਹਾਂ ।

10.55 A.M. (ਇਸ ਸਮੇਂ* ਸਰਦਾਰ ਜਸਦੇਵ ਸਿੰਘ ਸੰਧੂ, ਮੈਂਬਰ, ਪੈਨਲ ਆਫ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ )

ਚੇਅਰਮੈਨ ਸਾਹਿਬ, ਜਿੱਥੇ ਇਹ ਡਿਵੈਲਪਮੈਂਟ ਦੀਆਂ ਸਕੀਮਾਂ ਹਨ ਉਥੇ ਕੁਝ ਸੁਜੈਸ਼ਨਜ਼ ਵੀ ਹਨ। ਕੁਝ ਸਾਨੂੰ ਕਿਸਾਨਾਂ ਨੂੰ ਰਿਲੀਫ ਦੇਣਾ ਚਾਹੀਦਾ ਹੈ। ਮੇਰੀ ਰਾਏ ਹੈ ਕਿ ਜੋ ਕਾਂਗਰਸ ਸਰਕਾਰ ਨੇ ਕਿਸਾਨਾਂ ਤੇ ਵੱਡੇ ਵੱਡੇ ਜਜ਼ੀਏ ਜਾਂ ਟੈਕਸ ਲਗਾਏ ਹੋਏ ਸਨ, ਜਿਸ ਤਰ੍ਹਾਂ ਕਿ 1 ਰੁਪਿਆ ਸੈਂਕੜਾ ਮਾਰਕਿਟ ਸੈਸ ਹੈ, ਕਮੱਰਸ਼ੀਅਲ ਟੈਕਸ ਹੈ ਚਾਰ ਰੁਪਏ ਪਰ ਏਕੜ ਦਾ, ਇਹ ਨਹੀਂ ਹੋਣੇ ਚਾਹੀਦੇ । ਇਸ ਤਰ੍ਹਾਂ ਦੇ ਜੋ ਟੈਕਸ ਪਿਛਲੀ ਕਾਂਗਰਸ ਸਰਕਾਰ ਨੇ ਲਗਾਏ ਸਨ ਉਹ ਨਹੀਂ ਲਗਾਣੇ ਚਾਹੀਦੇ, ਉਨ੍ਹਾਂ ਦੀ ਕਿਸਾਨਾਂ ਨੂੰ ਰਿਆਇਤ ਦੇਣੀ ਚਾਹੀਦੀ ਹੈ ਔਰ ਇਹ ਪਹਿਲੇ ਹੱਥ ਹੀ ਰਿਆਇਤਾਂ ਦੇ ਦੇਣ ਦੀ ਸਰਕਾਰ ਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਔਰ ਮੈਂ ਆਸ ਕਰਾਂਗਾ ਕਿ ਸਾਡੀ ਸਰਕਾਰ ਇਹ ਕੰਮ ਪਹਿਲ ਦੇ ਆਧਾਰ ਤੇ ਕਰੇਗੀ। ਇਸ ਦੇ ਨਾਲ ਹੀ ਪ੍ਰਾਇਰਟੀਜ਼ ਫਿਕਸ ਕਰਨ ਦੀ ਗੱਲ ਹੈ । ਸੇਮ ਪੈਣ ਨਾਲ, ਪੰਜਾਬ ਦੀਆਂ ਲਿੰਕ ਰੋਡਜ਼ ਦਾ ਕੰਮ ਰੁਕਣ ਦਾ ਮਸਲਾ ਹੈ, ਉਹ ਇਕ ਨੰਬਰ ਤੇ ਲਿਆਉਣਾ ਚਾਹੀਦਾ ਹੈ । ਇਹ ਔਖੀ ਗੱਲ ਵੀ ਨਹੀਂ ਹੈ । ਇਹ ਵੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਪੰਜਾਬ ਦੇ ਹਰ ਪਿੰਡ ਤਕ ਬੱਸ ਦੀ ਪਹੁੰਚ ਕੀਤੀ ਜਾਵੇ, ਇਹ ਵੀ ਜ਼ਰੂਰੀ ਹੈ। ਮੇਰੀਆਂ ਇਹ ਬੇਨਤੀਆਂ ਹਨ ਔਰ ਬਰਨਾਲਾ ਸਾਹਿਬ ਦੀ ਸਰਕਾਰ ਨੂੰ ਪੰਜਾਬ ਦੇ ਕਿਸਾਨ ਨੂੰ ਰਿਲੀਫ ਦੇਣਾ ਚਾਹੀਦਾ ਹੈ ਔਰ ਡਿਵੈਲਪਮੈਂਟ ਦੀਆਂ ਸਕੀਮਾਂ ਜੋ ਹਨ ਜਿਨ੍ਹਾਂ ਵਿਚ ਪਹਿਲਾਂ ਨੰਬਰ ਲਿੰਕ ਰੋਡਜ਼ ਔਰ ਬੱਸ ਸਰਵਿਸ ਦਾ ਹੈ, ਨੂੰ ਪੂਰਾ ਕਰ ਦੇਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ।

ਚੇਅਰਮੈਨ ਸਾਹਿਬ, ਉਮੀਦਾਂ ਦੇ ਨਾਲ ਨਾਲ ਪ੍ਰਾਰਥਨਾ ਕਰਦੇ ਹਾਂ। ਉਮੀਦਾਂ ਜੋ ਲਾਈਆਂ ਹਨ ਡਿਵੈਲਪਮੈਂਟ ਦੀਆਂ, ਜੋ ਪੰਜਾਬ ਨੂੰ ਪਹਿਲੀ ਕਤਾਰ ਵਿਚ ਲਿਆਉਣ ਦੀਆਂ, ਉਹ ਤਾਂ ਹੀ ਪੂਰੀਆਂ ਹੋ ਸਕਦੀਆਂ ਹਨ ਜੇਕਰ ਮਾਹੌਲ ਸ਼ਾਂਤੀ ਦਾ ਹੋਵੇਗਾ, ਜਿਸ ਸ਼ਾਂਤੀ ਵਾਸਤੇ ਸੰਤ ਬਾਬਾ ਹਰਚੰਦ ਸਿੰਘ ਜੀ ਲੌਂਗੋਵਾਲ ਨੇ ਅਕਾਰਡ ਕੀਤਾ ਸੀ, ਜੋ ਉਹ ਅਕਾਰਡ ਹੈ ਉਸ ਤੇ ਸੱਚੇ ਦਿਲੋਂ, ਲਫਜ਼-ਬ-ਲਫਜ਼ ਨੇਕ-ਦਿਲੀ ਨਾਲ ਅਮਲ ਕੀਤਾ ਜਾਵੇ ਤਾਂ ਸਾਡੀ ਉਹ ਪ੍ਰਾਰਥਨਾ ਪੂਰੀ ਹੋ ਸਕਦੀ ਹੈ। ਅਗਰ ਕਮੀ-ਪੇਸ਼ੀ ਰਹਿ ਗਈ, ਤਾਂ ਫਿਰ ਜੋ ਉਮੀਦਾਂ ਹਨ ਉਹ ਪੂਰੀਆਂ ਨਹੀਂ ਹੋ ਸਕਣਗੀਆਂ । ਇਸ ਲਈ ਗਵ੍ਰਨਰ ਸਾਹਿਬ ਦੇ ਐਡਰੈਸ ਵਿਚ ਜੋ ਸੈਕੰਡ ਵਰਡ 'ਪ੍ਰਾਰਥਨਾ' ਦਾ ਹੈ ਉਹ ਜ਼ਰੂਰੀ ਹੈ ।

ਤੀਸਰਾ ਮੇਰਾ ਪੁਆਇੰਟ ਹੈ ਕਿ ਸਾਡੀਆਂ ਅੱਖਾਂ ਵਿਚ ਹੰਝੂ ਹਨ । ਸਾਰਾ ਪੰਜ ਸਾਲਾਂ ਦਾ ਪਿਛਲਾ ਇਤਹਾਸ ਭਿਆਨਕ ਹੈ। ਇਸ ਵਾਸਤੇ ਕਿਸ ਦੀ ਜ਼ਿੰਮੇਵਾਰੀ ਹੈ, ਇਹ ਧਿਆਨ ਦੇਣ ਵਾਲੀ ਗੱਲ ਹੈ। ਜਦੋਂ ਵੀ ਸ਼੍ਰੋਮਣੀ ਅਕਾਲੀ ਦਲ ਕੋਈ ਪੰਜਾਬ ਦੀ ਤਰੱਕੀ ਵਾਸਤੇ ਅੱਛੀ ਗੱਲ ਕਰਦਾ ਹੈ ਤਾਂ ਵਿਰੋਧੀ ਧਿਰ ਦਾ ਕੰਮ ਹੁੰਦਾ ਹੈ ਕਿ ਗਲਤੀ ਪੁਆਇੰਟ ਆਊਟ ਕਰੇ, ਪਰ ਇਹ ਨਹੀਂ ਹੁੰਦਾ ਰਿਹਾ । ਜਦੋਂ ਵੀ ਦਲ ਪੰਜਾਬ ਦੀ ਤਰੱਕੀ ਲਈ ਗੱਲ ਕਰਦਾ ਹੈ ਤਾਂ ਉਸ ਵੇਲੇ ਹੀ ਸਾਡੇ ਮੋਹਰੇ ਜੋ ਵੀਰ ਬੈਠੇ ਹਨ ਉਹ ਰਸਤੇ ਵਿਚ ਆ ਖੜੇ ਹੁੰਦੇ ਹਨ । ਅਗਰ ਆਨੰਦਪੁਰ ਸਾਹਿਬ ਦੇ ਮੱਤੇ ਰਾਹੀਂ ਸੂਬਿਆਂ ਦੀਆਂ

Original with;
Punjab Vidhan Sabha
Digitized by;
Panjab Digital Library

ਸਰਕਾਰਾਂ ਲਈ ਵੱਧ ਅਧਿਕਾਰਾਂ ਦੀ ਮੰਗ ਕਰਦੇ ਹਾਂ, ਜਦੋਂ ਵੀ ਅਸੀਂ ਮਤੇ ਦਾ ਨਾਮ ਲੈਂਦੇ ਹਾਂ ਤਾਂ ਸਾਰੀ ਕਾਂਗਰਸ ਪਾਰਟੀ ਉਠ ਕੇ ਰਸਤੇ ਵਿਚ ਆ ਜਾਂਦੀ ਹੈ ਕਿ ਇਹ ਮਤਾ ਕਿਉਂ ਰੱਖਿਆ ਗਿਆ ਹੈ ਹਾਲਾਂ ਕਿ ਇਸ ਮਤੇ ਵਿਚ ਕੋਈ ਐਸੀ ਗੱਲ ਨਹੀਂ ਹੈ, ਕੋਈ ਅਤਿਵਾਦ ਜਾਂ ਦੇਸ਼ ਦੇ ਨੁਕਸਾਨ ਦੀ ਗੱਲ ਨਹੀਂ ਹੈ, ਇਹ ਤਾਂ ਨਿਰੋਲ ਪੰਜਾਬੀਆਂ ਦੇ ਭਲੇ ਲਈ ਇਕ ਤਰੱਕੀ ਦਾ ਮਤਾ ਹੈ। ਇਸ ਮਤੇ ਅਨੁਸਾਰ ਸਭ ਤੋਂ ਪਹਿਲਾਂ ਲੜਾਈ ਸ਼ੁਰੂ ਕੀਤੀ ਕਿ ਪੰਜਾਬ ਦੇ ਦਰਿਆਵਾਂ ਦਾ ਪਾਣੀ ਖੋਹ ਲਿਆ ਗਿਆ ਹੈ। ਅਗਰ ਪੰਜਾਬ ਦੀ ਸਰਕਾਰ ਪਾਸ ਵੱਧ ਅਧਿਕਾਰ ਹੁੰਦੇ ਤਾਂ ਕਦੇ ਇਹ ਪਾਣੀ ਸਾਥੋਂ ਨਾ ਖੋਹਿਆ ਜਾਂਦਾ ਪਰ ਸਰਦਾਰ ਦਰਬਾਰਾ ਸਿੰਘ ਸਾਰੇ ਪੰਜਾਬੀਆਂ ਦਾ ਕਤਲ ਕਰਨ ਵਾਸਤੇ ਪਾਣੀ ਦੇ ਸੈਂਟਰ ਦੇ ਫੈਸਲੇ ਤੇ ਦਸਤਖਤ ਕਰਕੇ ਆਏ। ਉਹ ਦਸਤਖਤ ਉਨ੍ਹਾਂ ਨੂੰ ਇਸ ਕਰਕੇ ਕਰਨੇ ਪਏ ਕਿ ਜਦੋਂ ਸੈਂਟਰ ਦੀ ਸਰਕਾਰ ਨੇ ਕਿਹਾ ਕਿ ਜਾਂ ਤਾਂ ਕੁਰਸੀ ਛੱਡ ਦੇ ਨਹੀਂ ਤਾਂ ਇਥੇ ਅੰਗੂਠਾ ਲਗਾ ਦੇ ਕਿ ਵੱਧ ਪਾਣੀ ਹਰਿਆਣੇ ਨੂੰ ਦਿੱਤਾ ਜਾਵੇਗਾ। ਪਰ ਅਸੀਂ ਇਸ ਵਾਸਤੇ ਪਿਛਲੇ 5 ਸਾਲਾਂ ਤੋਂ ਜ਼ੋਰ ਦੀ ਲੜਾਈ ਲੜਦੇ ਰਹੇ ਹਾਂ ਔਰ ਇਹ ਉਸ ਦਾ ਨਤੀਜਾ ਹੈ ਕਿ ਅੱਜ ਅਸੀਂ ਇਸ ਪਾਸੇ ਆਉਣ ਵਿਚ ਕਾਮਯਾਬ ਹੋਏ ਹਾਂ ਔਰ ਆਪਣੇ ਪੰਜਾਬ ਦੇ ਹੱਕਾਂ ਨੂੰ ਕਾਇਮ ਰਖਿਆ ਹੈ। ਮੈਂ ਦਸੱਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਵੇਲੇ ਔਰ ਸਾਡੇ ਵੇਲੇ ਫਰਕ ਕਿੰਨਾ ਸੀ। ਜਦੋਂ ਪਹਿਲੇ ਸਾਡੀ ਅਕਾਲੀ ਪਾਰਟੀ ਦੀ ਸਰਕਾਰ ਸੀ ਤਾਂ ਉਸ ਵੇਲੇ ਪਾਣੀ ਦਾ ਜਿਹੜਾ ਮਸਲਾ ਹੈ ਇਸ ਵਾਸਤੇ ਲੜ ਕੇ 61 ਲੱਖ ਏਕੜ ਫੁਟ ਪਾਣੀ ਪੰਜਾਬ ਵਾਸਤੇ ਮਨਜ਼ੂਰ ਕਰਵਾ ਲਿਆ ਸੀ ਪਰ ਜਦੋਂ ਇਨ੍ਹਾਂ ਸਾਹਮਣੇ ਬੈਠੇ ਭਰਾਵਾਂ ਦੀ ਸਰਕਾਰ ਆਈ ਤਾਂ ਇਨ੍ਹਾਂ ਨੇ ਸਿਰਫ 42 ਲੱਖ ਏਕੜ ਫੁਟ ਪਾਣੀ ਲਿਆ। 19 ਲੱਖ ਫੁਟ ਏਕੜ ਪਾਣੀ ਰਾਜਸਥਾਨ ਨੂੰ ਦੇ ਦਿੱਤਾ। ਹੁਣ ਤੁਸੀਂ ਦਸੋ ਕਿ ਇਨ੍ਹਾਂ ਨੇ ਪੰਜਾਬ ਦੇ ਕਿਸਾਨਾਂ ਵਾਸਤੇ ਕੀ ਭਲੇ ਦਾ ਕੰਮ ਕੀਤਾ। ਅਸੀਂ ਵੱਧ ਅਧਿਕਾਰਾਂ ਰਾਹੀਂ ਇਹ ਮੰਗ ਕਰਦੇ ਹਾਂ ਕਿ ਪੰਜਾਬ ਦੇ ਜਿਹੜੇ ਹੱਕ ਹਨ ਉਹ ਜ਼ਰੂਰ ਮਿਲਣੇ ਚਾਹੀਦੇ ਹਨ। ਫਿਰ ਪਾਣੀ ਦੇ ਨਾਲ ਜਿਹੜੀ ਬਿਜਲੀ ਪੈਦਾ ਹੁੰਦੀ ਹੈ ਇਸ ਤੇ ਉਹ ਆਪਣਾ ਹੱਕ ਮੰਗਣ ਲਗ ਪਏ। ਜਦੋਂ ਬਾਦਲ ਸਾਹਿਬ ਦੀ ਸਰਕਾਰ ਸੀ ਤਾਂ ਉਸ ਵੇਲੇ ਇਹ ਮਸਲਾ ਦੇਸਾਈ ਸਾਹਿਬ ਕੋਲ ਵੀ ਗਿਆ ਸੀ ਔਰ ਦੇਸਾਈ ਸਾਹਿਬ ਨੇ ਫੈਸਲਾ ਦਿੰਦੇ ਹੋਏ ਇਹ ਕਿਹਾ ਸੀ ਕਿ ਰਾਜਸਥਾਨ ਨੂੰ ਪਾਣੀ ਤਾਂ ਦੇ ਦਿੱਤਾ ਹੈ ਹੁਣ ਬਿਜਲੀ ਤੇ ਇਨ੍ਹਾਂ ਦਾ ਕੀ ਹੱਕ ਹੈ। ਬਿਜਲੀ ਸਾਰੀ ਦੀ ਸਾਰੀ ਪੰਜਾਬ ਦੀ ਹੋਣੀ ਚਾਹੀਦੀ ਹੈ। ਪਰ ਇਹ ਉਸ ਤੇ ਵੀ ਕਾਇਮ ਨਾ ਰਹੇ ਔਰ ਬਿਜਲੀ ਜਿਹੜੀ ਪੰਜਾਬ ਵਿਚ ਪੈਦਾ ਹੁੰਦੀ ਹੈ ਰਾਜਸਥਾਨ ਨੂੰ ਦਿੰਦੇ ਰਹੇ। ਚੇਅਰਮੈਨ ਸਾਹਿਬ, ਮਿਹਨਤ ਪੰਜਾਬ ਦਾ ਕਿਸਾਨ ਕਰਦਾ ਹੈ ਪਰ ਬਿਜਲੀ ਔਰ ਪਾਣੀ ਰਾਜਸਥਾਨ ਨੂੰ ਦਿੱਤਾ ਜਾਂਦਾ ਹੈ। ਰਾਜਸਥਾਨ ਵਿਚ ਜ਼ਮੀਨ ਦਾ ਰੇਟ 20 ਰੁਪਏ ਕਿੱਲਾ ਹੈ ਪਰ ਪੰਜਾਬ ਵਿਚ ਇਹ 40 ਹਜ਼ਾਰ ਰੁਪਏ ਕਿੱਲਾ ਹੈ। ਇਹ ਇਤਨਾ ਫਰਕ ਕਿਉਂ ਹੈ ਕਿਉਂਕਿ ਇਥੇ ਪੰਜਾਬ ਵਿਚ ਜ਼ਮੀਨ ਨੂੰ ਪਾਣੀ ਔਰ ਬਿਜਲੀ ਮਿਲਦੀ ਹੈ ਔਰ ਮੈਂ ਦਸਦਾ ਹਾਂ ਕਿ ਇਹ ਜਿਹੜਾ ਪਾਣੀ ਔਰ ਬਿਜਲੀ ਵਿਚ ਪੰਜਾਬ ਨਾਲ ਵਿਤਕਰਾ ਕੀਤਾ ਗਿਆ ਇਸ ਦੇ ਪਿਛੇ ਬਹੁਤ ਵਡੀ ਸਾਜ਼ਸ਼ ਸੀ ਉਸ ਸਾਜ਼ਸ਼ ਦੇ ਨਾਲ ਪੰਜਾਬ ਨੂੰ ਇਹ ਤਬਾਹ ਕਰਨਾ ਚਾਹੁੰਦੇ ਸਨ ਜਿਸ ਦੇ ਵਾਸਤੇ ਅਸੀਂ ਲੜਾਈ ਕੀਤੀ ਔਰ ਹੁਣ ਵੀ ਵੱਧ ਅਧਿਕਾਰਾਂ ਲਈ ਮੰਗ ਕਰਦੇ ਹਾਂ। ਅਨੰਦਪੁਰ ਸਾਹਿਬ ਦੇ ਮਤੇ ਦਾ ਇਹ ਬਹੁਤ ਵਿਰੋਧ ਕਰਦੇ ਹਨ। ਉਸ ਵਿਚ ਕੀ ਹੈ। ਉਸ ਵਿਚ ਸਿਰਫ ਵੱਧ ਅਧਿਕਾਰਾਂ ਦੀ ਮੰਗ ਹੀ ਹੈ। ਅੱਜ 35-36 ਸਾਲ ਹੋ ਗਏ ਹਨ ਦੇਸ਼ ਅਜ਼ਾਦ ਹੋਇਆਂ ਨੂੰ ਪਰ ਪੰਜਾਬ ਵਿਚ ਕੋਈ ਹੈਵੀ ਇੰਡਸਟਰੀ ਨਹੀਂ ਲਗ ਸਕੀ। ਸਾਨੂੰ ਪੰਜਾਬ ਵਿਚ ਇੰਡਸਟਰੀ ਲਾਉਣ ਵਾਸਤੇ ਸੈਂਟਰ ਸਰਕਾਰ ਕੋਲੋਂ ਲਾਇਸੈਂਸ ਲੈਣਾ ਪੈਂਦਾ ਹੈ। ਜੇ ਅਸੀਂ ਮੰਗ ਕਰਦੇ ਹਾਂ ਤਾਂ ਸਾਡੀ ਮੰਗ ਮੰਨੀ ਨਹੀਂ ਜਾਂਦੀ। ਅਸੀਂ ਕਿਹਾ ਕਿ ਪੰਜਾਬ ਵਿਚ ਨਰਮਾ ਬਹੁਤ ਹੁੰਦਾ ਹੈ, ਇਥੇ ਕੋਈ ਟੈਕਸਟਾਈਲ ਇੰਡਸਟਰੀ ਲਾ ਦਿਓ ਪਰ ਇਜਾਜ਼ਤ ਨਹੀਂ ਦਿੱਤੀ ਗਈ। ਜਿਸ ਹਿਸਾਬ ਨਾਲ ਪੰਜਾਬ ਵਿਚ ਗੰਨਾ ਪੈਦਾ ਹੁੰਦਾ ਹੈ ਉਸ ਹਿਸਾਬ ਨਾਲ ਪੰਜਾਬ ਵਿਚ ਘੱਟੋ ਘੱਟ 25 ਖੰਡ ਮਿਲਾਂ ਦੀ ਹੋਰ ਲੋੜ ਹੈ ਪਰ ਸਾਨੂੰ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਵਿੰਦਰ ਸਿੰਘ ਭੂੰਦੜ]

ਇਸ ਵਾਸਤੇ ਕੋਈ ਲਾਇਸੈਂਸ ਨਹੀਂ ਦਿੱਤਾ ਜਾਂਦਾ ਜਦ ਕਿ ਪੰਜਾਬ ਵਿਚ ਪਰੋਡਕਸ਼ਨ ਬਹੁਤ ਹੁੰਦੀ ਹੈ ਪਰ ਹੈਵੀ ਇੰਡਸਟਰੀ ਕੋਈ ਨਹੀਂ ਦਿੱਤੀ ਜਾਂਦੀ। ਬਗੈਰ ਕਿਸੇ ਕਾਰਨ ਦੇ ਵਿਰੋਧ ਕੀਤਾ ਜਾਂਦਾ ਹੈ। ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਕਹਾਂਗਾ ਕਿ ਇਹ ਜਿਹੜਾ ਪੰਜਾਬ ਦੇ ਨਾਲ ਵਤੀਰਾ ਕੀਤਾ ਜਾ ਰਿਹਾ ਹੈ, ਇਹ ਪੰਜਾਬ ਨੂੰ ਤਬਾਹ ਕਰਨ ਵਾਲਾ ਕਦਮ ਹੈ। ਕਲ੍ਹ ਮੈਂ ਆਪਣੇ ਖਜ਼ਾਨਾ ਮੰਤਰੀ ਨੂੰ ਪੁੱਛ ਰਿਹਾ ਸੀ ਕਿ ਤੁਸੀਂ ਹੁਣ ਪੰਜਾਬ ਦੀ ਤਰੱਕੀ ਕਿਵੇਂ ਕਰਨੀ ਹੈ, ਬੜੇ ਕਾਬਲ ਮਨਿਸਟਰ ਹਨ, ਤਾਂ ਉਨ੍ਹਾਂ, ਨੇ ਜਵਾਬ ਦਿੱਤਾ ਕਿ ਪਿਛੇ 380 ਕਰੋੜ ਦਾ ਘਾਟਾ ਛੱਡ ਗਏ ਹਨ। ਜਿਸ ਸੂਬੇ ਦਾ 380 ਕਰੋੜ ਦਾ ਘਾਟਾ ਹੋਵੇ ਉਹ ਤਰੱਕੀ ਕਿਵੇਂ ਕਰੇਗਾ ਔਰ ਉਹ ਘਾਟਾ ਕਿਵੇਂ ਪੂਰਾ ਕੀਤਾ ਜਾਵੇਗਾ ? ਆਖਿਰ ਇਹ ਘਾਟਾ ਤਾਂ ਦਿੱਲੀ ਦੇ ਪੈਸੇ ਨਾਲ ਹੀ ਪੂਰਾ ਹੋਣਾ ਹੈ । ਔਰ ਦਿੱਲੀ ਦੀ ਸਰਕਾਰ ਨੇ ਇਹ ਪੈਸਾ ਕੋਈ ਆਪਣੇ ਕੋਲੋਂ ਨਹੀਂ ਦੇਣਾ ਔਰ ਨਾ ਹੀ ਕਿਸੇ ਹੋਰ ਸੂਬੇ ਤੋਂ ਇਕਠਾ ਹੋਇਆ ਪੈਸਾ ਸਾਨੂੰ ਦੇਣਾ ਹੈ। ਇਹ ਪੈਸਾ ਸਾਡਾ ਹੀ ਸਾਨੂੰ ਦੇਣਾ ਹੈ ਪਰ ਉਸ ਵਿਚ ਵੀ ਉਹ ਗੁਰੇਜ਼ ਕਰਦੇ ਹਨ। ਮੈਂ ਦਸੱਦਾ ਹਾਂ ਕਿ ਸਾਡਾ ਟੈਕਸ ਦਾ ਸਿਸਟਮ ਦੋਹਰਾ ਸਿਸਟਮ ਹੈ। ਇਕ ਸਟੇਟ ਟੈਕਸ ਲਗਦੇ ਹਨ ਔਰ ਇਕ ਸੈਂਟਰਲ ਟੈਕਸ ਲਗਦੇ ਹਨ । ਕਿਉਂਕਿ ਪੰਜਾਬ ਵਿਚ ਕਿਸਾਨ ਮਿਹਨਤ ਬਹੁਤ ਕਰਦੇ ਹਨ ਇਸ ਕਾਰਨ ਇਥੇ ਪੈਦਾਵਾਰ ਜ਼ਿਆਦਾ ਹੁੰਦੀ ਹੈ। ਪੈਦਾਵਾਰ ਜ਼ਿਆਦਾ ਹੁੰਦੀ ਹੈ ਤਾਂ ਉਸ ਤੇ ਟੈਕਸ ਦੀ ਆਮਦਨ ਵੀ ਸੈਂਟਰਲ ਸਰਕਾਰ ਨੂੰ ਬਾਕੀ ਸੂਬਿਆਂ ਨਾਲੋਂ ਜ਼ਿਆਦਾ ਹੁੰਦੀ ਹੈ। ਬਰਨਾਲਾ ਸਾਹਿਬ ਆਪਣੇ ਸੂਬੇ ਦੇ ਰਾਹੀਂ ਜਿਹੜਾ ਟੈਕਸ ਦਾ ਰੁਪਿਆ ਸੈਂਟਰਲ ਗੌਰਮਿੰਟ ਨੂੰ ਜਾਂਦਾ ਹੈ ਉਸ ਵਿਚੋਂ ਸਟੇਟ ਵਾਸਤੇ ਪੈਸਾ ਮੰਗਦੇ ਹਨ ਤਾਂ ਪੂਰਾ ਪੈਸਾ ਨਹੀਂ ਮਿਲਦਾ । ਮੈਂ ਸਾਹਮਣੇ ਬੈਠੇ ਸਾਥੀਆਂ ਨੂੰ ਦਸੱਣਾ ਚਾਹੁੰਦਾ ਹਾਂ ਕਿ ਸਾਡੀ ਲੜਾਈ ਕੋਈ ਜ਼ਾਤੀ ਲੜਾਈ ਨਹੀਂ ਹੈ। ਸਾਡੀ ਲੜਾਈ ਪੰਜਾਬ ਦੇ ਲੋਕਾਂ ਦੇ ਹਿੱਤਾਂ ਵਾਸਤੇ ਹੈ। ਮੈਂ ਇਨ੍ਹਾਂ ਨੂੰ ਇਹ ਵੀ ਦਸੱਣਾ ਚਾਹੁੰਦਾ ਹਾਂ ਕਿ ਜਿੰਨੇ ਟਰੈਕਟਰ ਸਾਰੇ ਹਿੰਦੁਸਤਾਨ ਵਿਚ ਵਰਤੇ ਜਾਂਦੇ ਹਨ ਉਤਨੇ ਇਕਲੇ ਪੰਜਾਬ ਵਿਚ ਹਨ, ਜਿਤਨੀ ਖਾਦ ਔਰ ਪੈਸਟੀਸਾਈਡਜ਼ ਪੰਜਾਬ ਵਿਚ ਵਰਤੀ ਜਾਂਦੀ ਹੈ ਉਤਨੀ ਸਾਰੇ ਹਿੰਦੁਸਤਾਨ ਵਿਚ ਨਹੀਂ ਵਰਤੀ ਜਾਂਦੀ । ਔਰ ਜੇ ਇਨ੍ਹਾਂ ਚੀਜ਼ਾਂ ਦਾ ਇਸਤੇਮਾਲ ਪੰਜਾਬ ਵਿਚ ਜ਼ਿਆਦਾ ਹੈ ਤਾਂ ਉਸ ਤੋਂ ਸੈਂਟਰ ਨੂੰ ਟੈਕਸਾਂ ਰਾਹੀਂ ਆਮਦਨ ਵੀ ਸਭ ਤੋਂ ਜ਼ਿਆਦਾ ਪੰਜਾਬ ਤੋਂ ਹੀ ਹੁੰਦੀ ਹੈ। ਜਿੰਨਾ ਡੀਜ਼ਲ ਔਰ ਤੇਲ ਪੰਜਾਬ ਵਿਚ ਵਰਤਿਆ ਜਾਂਦਾ ਹੈ ਉਤਨਾ ਸਾਰੇ ਹਿੰਦੁਸਤਾਨ ਵਿਚ ਕਿਸੇ ਸੂਬੇ ਵਿਚ ਨਹੀਂ ਵਰਤਿਆ ਜਾਂਦਾ। ਇਸ ਲਈ ਸਾਡੀ ਇਹ ਮੰਗ ਹੈ ਕਿ ਸਾਨੂੰ ਆਪਣਾ ਪੈਸਾ ਲੈਣ ਵਾਸਤੇ ਸੈਂਟਰ ਕੋਲ ਨਾ ਜਾਣਾ ਪਵੇ ਬਲਕਿ ਸਾਡਾ ਪੈਸਾ ਸਾਨੂੰ ਇਥੇ ਹੀ ਮਿਲ ਜਾਣਾ ਚਾਹੀਦਾ ਹੈ। ਪੰਜਾਬ ਦਾ ਮਿਲਟਰੀ ਵਿਚ ਡੇਢ ਪਰਸੈਂਟ ਹਿੱਸਾ ਹੈ, ਉਸੇ ਮੁਤਾਬਿਕ ਸੈਂਟਰ ਨੂੰ ਸਾਡਾ ਪੈਸਾ ਰਖ ਕੇ ਬਾਕੀ ਸਾਰਾ ਪੈਸਾ ਜਿਹੜਾ ਕਿ ਪੰਜਾਬ ਦੇ ਲੋਕਾਂ ਤੋਂ ਟੈਕਸਾਂ ਦੇ ਰੂਪ ਵਿਚ ਇਕੱਠਾ ਕੀਤਾ ਜਾਂਦਾ ਹੈ, ਉਹ ਸਾਨੂੰ ਮੋੜਨਾ ਚਾਹੀਦਾ ਹੈ । ਇਹ ਸਾਡੀ ਮੰਗ ਹੈ। ਇਸ ਵਾਸਤੇ ਅਸੀਂ ਵੱਧ ਅਧਿਕਾਰਾਂ ਦੀ ਮੰਗ ਕਰਦੇ ਹਾਂ । ਜੇ ਸਾਨੂੰ ਆਪਣਾ ਪੈਸਾ ਆਪ ਵਰਤਣ ਦੇ ਅਧਿਕਾਰ ਮਿਲਣਗੇ ਤਾਂ ਸਾਡਾ ਪੰਜਾਬ ਖੁਸ਼ਹਾਲ ਹੋਵੇਗਾ ਔਰ ਅਸੀਂ ਵੱਧ ਤਰੱਕੀ ਕਰ ਸਕਾਂਗੇ । ਜੇ ਸਾਨੂੰ ਵੱਧ ਅਧਿਕਾਰ ਮਿਲਣ ਤਾਂ ਆਉਣ ਵਾਲੇ 5 ਸਾਲਾਂ ਵਿਚ ਸਿਰਫ ਹਿੰਦੁਸਤਾਨ ਵਿਚ ਹੀ ਨਹੀਂ ਬਲਕਿ ਸਾਰੀ ਦੁਨੀਆਂ ਵਿਚ ਪੰਜਾਬ ਇਕ ਨੰਬਰ ਤੇ ਸੂਬਾ ਬਣ ਸਕਦਾ ਹੈ। ਜਿਹੜਾ ਅਨੰਦਪੁਰ ਸਾਹਿਬ ਦਾ ਮਤਾ ਪਾਸ ਕੀਤਾ, ਇਹ ਇਸ ਦੇ ਨਾਂ ਤੋਂ ਡਰਦੇ ਹਨ, ਮੈਂ ਇਨ੍ਹਾਂ ਨੂੰ ਦੱਸਦਾ ਹਾਂ ਕਿ ਅਨੰਦਪੁਰ ਸਾਹਿਬ ਵਿਚ ਹੋਏ ਫੈਸਲੇ ਵਿਚ ਹੀ ਹਿੰਦੂਆਂ ਨੂੰ ਜਿਨੇਊ ਪਵਾਏ ਸਨ ਔਰ ਉਨ੍ਹਾਂ ਦੀ ਰਖਿਆ ਕੀਤੀ ਸੀ ਫਿਰ ਜੇ ਕਦੇ ਹਿੰਦੁਸਤਾਨ ਵਿਚ ਕਿਸੇ ਹੋਰ ਮੁਲਕ ਨੇ ਮਾੜੀ ਅੱਖ ਨਾਲ ਵੇਖਿਆ ਤਾਂ ਭਾਵੇਂ ਉਹ ਪਾਕਿਸਤਾਨ ਹੋਵੇ ਜਾਂ ਹੋਰ ਮੁਲਕ, ਤਾਂ ਪੰਜਾਬ ਦੇ ਬਹਾਦਰਾਂ ਨੇ ਹੀ ਸਭ ਤੋਂ ਵੱਧ ਯੋਗਦਾਨ ਦਿੱਤਾ ਹੈ । (ਥੰਪਿੰਗ)

Original with;
Punjab Vidhan Sabha
Digitized by;
Panjab Digital Library

ਚੇਅਰਮੈਨ ਸਾਹਿਬ, ਹੁਣ ਮੈਂ ਖੇਤੀਬਾੜੀ ਦੀ ਗਲ ਕਰਦਾ ਹਾਂ। ਖੇਤੀਬਾੜੀ ਪੰਜਾਬ ਦੇ ਲੋਕਾਂ ਦੀ ਜਿੰਦ ਜਾਨ ਹੈ। 70—75 ਪ੍ਰਤੀਸ਼ਤ ਅਬਾਦੀ ਖੇਤੀਬਾੜੀ ਤੇ ਨਿਰਭਰ ਕਰਦੀ ਹੈ। ਹਿੰਦੁਸਤਾਨ ਜਿਹੜਾ ਕਦੇ ਅਮਰੀਕਾ ਅੱਗੇ ਅਤੇ ਕਦੇ ਰਸ਼ੀਆ ਅਗੇ ਅਨਾਜ ਵਾਸਤੇ ਹੱਥ ਅੱਡਦਾ ਸੀ, ਉਸ ਤੋਂ ਛੁਟਕਾਰਾ ਪੰਜਾਬ ਦੇ ਕਿਸਾਨ ਨੇ ਹੀ ਦਿਵਾਇਆ ਹੈ। ਪਰ ਅੱਜ ਪੰਜਾਬ ਦੇ ਕਿਸਾਨ ਦੀ ਉਪਜ ਚਾਹੇ ਉਹ ਕਣਕ ਹੋਵੇ, ਝੋਨਾ ਹੋਵੇ ਜਾਂ ਨਰਮਾਂ ਹੋਵੇ ਉਹ ਮੰਡੀਆਂ ਵਿਚ ਰੁਲਦੀ ਰਹਿੰਦੀ ਹੈ। ਉਸ ਦੀ ਕੋਈ ਪਰਵਾਹ ਨਹੀਂ ਕੀਤੀ ਜਾਂਦੀ। ਮੈਂ ਸਮਝਦਾ ਹਾਂ ਕਿ ਇਸ ਨੂੰ ਰੋਕਣ ਦੇ 2 ਤਰੀਕੇ ਹਨ। ਪੰਜਾਬ ਦੀ ਤਰੱਕੀ ਵਾਸਤੇ ਮੈਂ ਕੁਝ ਡਾਈਵਰਸੀਫੀਕੇਸ਼ਨ ਆਫ ਰੀਸੋਰਸਿਜ਼ ਬਾਰੇ ਦੱਸਣਾ ਚਾਹੁੰਦਾ ਹਾਂ। ਦਿੱਲੀ ਦੀ ਸਰਕਾਰ ਸਾਡੇ ਨਾਲ ਪੈਸੇ ਦੇ ਮਾਮਲੇ ਵਿਚ ਵਿੱਤਕਰਾ ਕਰਦੀ ਹੈ। ਜਿਸ ਕਰਕੇ ਅਸੀਂ ਵਾਧੂ ਅਧਿਕਾਰ ਮੰਗਦੇ ਹਾਂ। ਦਿੱਲੀ ਦੀ ਸਰਕਾਰ ਸਾਡੀ ਸਾਰੀ ਪੈਦਾਵਾਰ ਨੂੰ ਸਟੋਰ ਕਰਦੀ ਹੈ। ਐਫ. ਸੀ.ਆਈ. ਵਾਲੇ ਸਾਡੀ ਪੈਦਾਵਾਰ ਦੀ ਕੁਆਲਿਟੀਜ਼ ਨੂੰ ਘਟਾ ਦਿੰਦੇ ਹਨ। ਇਹ ਦਿੱਲੀ ਦੀ ਸਰਕਾਰ ਸਾਡੇ ਨਾਲ ਬੈਠ ਕੇ 5 ਸਾਲਾਂ ਵਾਸਤੇ ਇਕੋ ਵਾਰ ਰੇਟ ਫਿਕਸ ਕਰ ਲੈਣ ਤਾਕਿ ਅਸੀਂ ਵੱਧ ਤੋਂ ਵੱਧ ਪੈਦਾਵਾਰ ਪੈਦਾ ਕਰ ਸਕੀਏ। ਦਿੱਲੀ ਦੀ ਸਰਕਾਰ ਵੀ ਆਪਣੇ ਸਟੋਰਾਂ ਵਿਚੋਂ ਮਾਲ ਸਟੇਟ ਟਰੇਡਿੰਗ ਕਾਰਪੋਰੇਸ਼ਨ ਦੇ ਰਾਹੀਂ ਮਾਲ ਬਾਹਰਲੇ ਮੁਲਕਾਂ ਵਿਚ ਭੇਜਦੀ ਹੈ ਤਾਂ ਇਹ ਸਾਨੂੰ ਮਾਲ ਐਕਸ-ਪੋਰਟ ਕਰਨ ਦੀ ਇਜ਼ਾਜ਼ਤ ਦੇ ਦੇਣ ਤਾਂਕਿ ਇਹ ਮਾਲ ਅਸੀਂ ਭੇਜ ਸਕੀਏ। ਖਾਸ ਤੌਰ ਤੇ ਪਰਮਲ ਚਾਵਲ ਅਤੇ ਬਾਸਮਤੀ ਚਾਵਲ ਬਾਹਰਲੇ ਮੁਲਕਾਂ ਵਿਚ ਮਿਲਦਾ ਨਹੀਂ ਹੈ ਅਤੇ ਇਸ ਦੀ ਡੀਮਾਂਡ ਵੀ ਬਹੁਤ ਹੈ। ਮੈਂ ਦੱਸਦਾ ਹਾਂ ਕਿ ਸਾਡੇ ਪੰਜਾਬ ਨਾਲੋਂ 21 ਸੂਬਿਆਂ ਦੀ ਜਮੀਨ ਜ਼ਿਆਦਾ ਹੈ। ਪਾਣੀ ਜ਼ਿਆਦਾ ਉਥੇ ਹੈ, ਬਿਜਲੀ ਜ਼ਿਆਦਾ ਹੈ ਅਤੇ ਰਿਆਇਤਾਂ ਸਾਡੇ ਨਾਲੋਂ ਉਨ੍ਹਾਂ 21 ਸੂਬਿਆਂ ਵਿਚ ਜ਼ਿਆਦਾ ਹਨ ਪਰ ਪ੍ਰੋਡਕਸ਼ਨ ਪੰਜਾਬ ਦੀ ਜ਼ਿਆਦਾ ਹੈ। ਬਾਹਰਲੇ ਸੂਬਿਆਂ ਵਾਲੇ ਇਕ ਏਕੜ ਜ਼ਮੀਨ ਵਿਚੋਂ 20 ਮਣ ਪ੍ਰੋਡਕਸ਼ਨ ਕਰਦੇ ਹਨ, ਕਈ 16 ਮਣ ਕੱਢਦੇ ਹਨ ਜਦ ਕਿ ਸਾਡੇ ਪੰਜਾਬ ਵਿਚ ਕਿਸਾਨ ਇਕ ਏਕੜ ਪਿਛੇ 32 ਮਣ ਪੈਦਾਵਾਰ ਕਰਦਾ ਹੈ ਜਿਸ ਕਰਕੇ ਅਸੀਂ ਡੀਮਾਂਡ ਕਰਦੇ ਹਾਂ ਕਿ ਭਾਅ ਨਿਸਚਿਤ ਕਰਨ ਦਾ ਅਧਿਕਾਰ ਸਾਡੇ ਕੋਲ ਹੋਣਾ ਚਾਹੀਦਾ ਹੈ। ਇਸ ਦੇ ਨਾਲ ਨਾ ਕੇਵਲ ਪੰਜਾਬ ਦਾ ਕਿਸਾਨ ਖੁਸ਼ਹਾਲ ਹੋਵੇਗਾ ਬਲਕਿ ਪੰਜਾਬ ਸਾਰਾ ਤਰੱਕੀ ਕਰੇਗਾ। ਇਹ ਹੀ ਕਾਰਨ ਹੈ ਕਿ ਸਾਨੂੰ ਪੰਜਾਬ ਦੇ ਕਿਸਾਨ ਵਾਸਤੇ ਲੜਨਾ ਪੈ ਰਿਹਾ ਹੈ ਤਾਕਿ ਅਸੀਂ ਪੰਜਾਬ ਦੀ ਬਰਬਾਦੀ ਨੂੰ ਖਤਮ ਕਰ ਸਕੀਏ। ਪੰਜਾਬ ਦੇ ਕਿਸਾਨ ਦਾ ਝੋਨਾ ਮੰਡੀਆਂ ਵਿਚ ਰੁੱਲ ਰਿਹਾ ਹੈ। ਐਫ.ਸੀ.ਆਈ. ਵਾਲੇ ਪੈਡੀ 18 ਪ੍ਰਤੀਸ਼ਤ ਮੋਆਇਸਚਰ ਦੀ ਨਹੀਂ ਚੁੱਕ ਰਹੇ ਜਦ ਕਿ ਮੇਰੇ ਵਕਤ ਇਹ 22 ਪ੍ਰਤੀਸ਼ਤ ਤੱਕ ਚੁੱਕਦੇ ਰਹੇ ਹਨ। ਸੈਂਟਰ ਦੀ ਸਰਕਾਰ ਨੇ ਇਸ ਦੇ ਰੇਟ ਵੀ ਕਾਫੀ ਲੋਟ ਮਿੱਥੇ ਹਨ ਔਰ ਪੰਜਾਬ ਦੇ ਕਿਸਾਨ ਦਾ ਇਸ ਨਾਲ ਨੁਕਸਾਨ ਹੋਇਆ ਹੈ ਜਿਸ ਦੇ ਲਈ ਸਾਨੂੰ ਲੜਨਾ ਪਵੇਗਾ। ਅਸੀਂ ਜਦੋਂ ਛੱਡ ਕੇ ਗਏ ਸੀ ਤਦ ਭਾਅ 145 ਰੁਪਏ ਕੁਇੰਟਲ ਸੀ ਔਰ ਹੁਣ ਇਹ ਵੱਧ ਕੇ 160-161 ਰੁਪਏ ਹੋ ਗਿਆ ਹੈ। ਕਣਕ ਅਤੇ ਚਾਵਲ ਇਕ ਐਸੀ ਚੀਜ਼ ਹੈ ਜਿਸ ਦਾ ਖਾਏ ਬਗੈਰ ਗੁਜ਼ਾਰਾ ਕਿਸੇ ਦਾ ਵੀ ਨਹੀਂ ਹੋ ਸਕਦਾ ਔਰ ਇਸ ਦੇ ਰੇਟ ਕਿੰਨੇ ਘੱਟ ਹਨ। ਦੂਸਰੀ ਤਰਫ਼ ਸੀਮਿੰਟ ਦੇ ਰੇਟ ਅਸੀਂ ਜਦੋਂ ਛੱਡ ਕੇ ਗਏ ਸੀ ਉਦੋਂ 20 ਰੁਪਏ ਬੋਰੀ ਸੀ ਜਦ ਕਿ ਹੁਣ ਇਸ ਦਾ ਰੇਟ 85 ਰੁਪਏ ਬੋਰੀ ਹੋ ਗਿਆ ਹੈ। ਕਣਕ ਜਦ ਕਿ ਸਾਰਿਆ ਦੀ ਜਿੰਦ ਜਾਨ ਹੈ ਪਰ ਸੀਮਿੰਟ ਦੇ ਰੇਟ ਕਿੰਨੇ ਵੱਧ ਗਏ ਹਨ ਕਿਉਂਕਿ ਸੈਂਟਰ ਦੀ ਸਰਕਾਰ ਕਾਰ-ਖਾਨੇਦਾਰਾਂ ਦੇ ਨਾਲ ਪਿਛਲੇ 35 ਸਾਲਾਂ ਤੋਂ ਮਿਲੀ ਹੋਈ ਹੈ ਅਤੇ ਬਿਰਲਾਂ ਔਰ ਟਾਟਾ ਵਾਲੇ ਇਨ੍ਹਾਂ ਦੇ ਨਾਲ ਹਨ ਜਿਸ ਕਰਕੇ ਰੇਟ ਵੱਧ ਜਾਂਦੇ ਹਨ। ਜਦ ਕਿ ਕਣਕ ਦੇ ਰੇਟ 150 ਰੁਪਏ ਤੋਂ 151 ਰੁਪਏ ਕਰ ਦੇਣਗੇ ਔਰ ਪੰਜਾਬ ਵਿਚ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ 100 ਰੁਪਏ ਪਿਛੇ 1 ਰੁਪਿਆ ਜਜ਼ੀਆ ਟੈਕਸ ਲਗਾ ਦਿੱਤਾ ਸੀ। ਜਿਸ ਕਰਕੇ ਸਾਨੂੰ ਸੈਂਟਰ ਦੇ ਨਾਲ ਲੜਨਾ ਪੈਂਦਾ ਹੈ। ਅਗਰ ਅਸੀਂ ਵੱਧ ਅਧਿਕਾਰਾਂ ਦੀ ਗੱਲ ਕਰਦੇ ਹਾਂ ਤਾਂ ਇਹ ਦਿੱਲੀ, ਕਾਨਪੁਰ ਵਰਗੀਆਂ ਘਟਨਾਵਾਂ ਸਾਡੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਵਿੰਦਰ ਸਿੰਘ ਭੂੰਦੜ]

ਸਿੱਖਾਂ ਨਾਲ ਕਰਵਾ ਦਿੰਦੇ ਹਨ ਅਤੇ ਬਲਿਊ ਸਟਾਰ ਓਪਰੇਸ਼ਨ ਕਰਵਾ ਦਿੰਦੇ ਹਨ। ਇਨ੍ਹਾਂ ਸਾਰੀਆਂ ਘਟਨਾਵਾਂ ਦਾ ਸਬੂਤ who are guilty, ਰਿਪੋਰਟ ਦਸਦੀ ਹੈ, ਇਹ ਘਟਨਾਵਾਂ ਕਿਉਂ ਹੋਈਆਂ ਅਤੇ ਇਸ ਦੇ ਲਈ ਕੌਣ ਜਿੰਮੇਵਾਰ ਸੀ, ਇਸੇ ਕਰਕੇ ਅਸੀਂ ਆਨੰਦਪੁਰ ਸਾਹਿਬ ਦਾ ਮਤਾ ਪਾਸ ਕਰਕੇ ਮੰਗ ਕੀਤੀ ਹੈ। ਅਸੀਂ ਸਾਰੇ ਪੰਜਾਬ ਵਿਚ ਸਰਬੱਤ ਦਾ ਭਲਾ ਚਾਹੁੰਦੇ ਹਾਂ ਔਰ ਸਾਡੀ ਅਕਾਲੀ ਪਾਰਟੀ ਸਰਕਾਰ ਵੀ ਪੰਜਾਬੀਆਂ ਦਾ ਸਰਬੱਤ ਦਾ ਭਲਾ ਚਾਹੁੰਦੀ ਹੈ। ਇਹ ਹੀ ਸਾਡਾ ਮਿਸ਼ਨ ਹੈ। ਚੇਅਰਮੈਨ ਸਾਹਿਬ, ਇਹ ਜਿਹੜਾ ਸੰਤ ਜੀ ਅਤੇ ਪ੍ਰਾਈਮ ਮਨਿਸਟਰ ਸਾਹਿਬ ਵਿਚਕਾਰ ਅਕਾਰਡ ਹੋਇਆ ਹੈ ਇਸ ਨੂੰ ਸਿਰੇ ਚੜ੍ਹਾਉਣ ਤਾਕਿ ਸਾਰਾ ਕੁਝ ਠੀਕ ਹੋ ਸਕੇ। ਅਗਰ ਅਕਾਰਡ ਵਿਚ ਕੋਈ ਕਮੀ ਰਹਿ ਗਈ ਤਾਂ ਸਾਡੇ ਲਈ ਮੁਸ਼ਕਲ ਹੋਵੇਗੀ, ਕਿਉਂਕਿ ਦਿੱਲੀ ਵਿਚ ਬੈਠੇ ਬੜੇ ਵੱਡੇ ਵੱਡੇ ਅਫਸਰ ਅਕਾਰਡ ਦੀ ਸਪਿਰਟ ਨੂੰ ਬਦਲਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ ਜਿਸ ਤਰ੍ਹਾਂ ਮੈਥਿਊ ਕਮਿਸ਼ਨ ਵਿਚ ਟਰਮਜ਼ ਆਫ ਰੈਫਰੈਂਸ ਨੂੰ ਚੇਂਜ ਕਰ ਦਿਤਾ ਸੀ। ਇਹ ਦੁੱਖਦਾਈ ਘਟਨਾਵਾਂ ਕਿਉਂ ਹੋਈਆਂ ਇਸ ਦੀ ਰਿਪੋਰਟ ਸਾਨੂੰ ਦਿੱਲੀ ਵਿਚ ਬੈਠੇ ਲੋਕ ਦੱਸਦੇ ਹਨ। ਜਿਨ੍ਹਾਂ ਲੋਕਾਂ ਨੇ ਪੰਜਾਬ ਵਿਚ ਕਤਲੇਆਮ ਕਰਵਾਇਆ ਅਤੇ ਦੁੱਖਦਾਈ ਘਟਨਾਵਾਂ ਕਰਵਾਈਆਂ ਅਤੇ ਸਾਰੇ ਪੰਜਾਬ ਦੇ ਲੋਕਾਂ ਦਾ ਨੁਕਸਾਨ ਹੋਇਆ ਉਹ ਲੋਕ ਹੁਣ ਨੰਗੇ ਹੋਣ ਲਗ ਪਏ ਹਨ। ਜਿਸ ਤਰ੍ਹਾਂ ਪੰਜਾਬ ਵਿਚ ਗੁਰਿੰਦਰ ਸਿੰਘ ਅਗਰ ਖੁਸ਼ਕਿਸਮਤੀ ਨਾਲ ਹਾਲੇ ਜ਼ਿੰਦਾ ਹੁੰਦਾ ਤਾਂ ਜਿਹੜੇ ਪਰਦੇ ਪਿਛੇ ਛੁੱਪੇ ਹੋਏ ਸਨ ਉਹ ਬਾਹਰ ਆ ਜਾਣੇ ਸਨ ਪਰ ਉਸ ਨੂੰ ਜਾਣ ਬੁਝ ਕੇ ਮਾਰ ਦਿੱਤਾ ਪਰ ਜਿੰਨੇ ਵੀ ਘੰਟੇ ਜ਼ਿੰਦਾ ਰਿਹਾ ਉਹ ਕਾਫੀ ਕੁਝ ਦੱਸ ਗਿਆ। ਜਿਹੜਾ ਪੰਜਾਬ ਦੇ ਭਲੇ ਵਾਸਤੇ ਹੈ ਅਤੇ ਪੰਜਾਬ ਦੇ ਲੋਕਾਂ ਨੂੰ ਪਤਾ ਲਗ ਸਕਿਆ ਹੈ। ਇਨ੍ਹਾਂ ਘਟਨਾਵਾਂ ਦੇ ਕਾਰਨ ਇਹ ਅੱਜ ਭਰਾ ਟ੍ਰੈਜ਼ਰੀ ਬੈਂਚਿਜ਼ ਤੋਂ ਆਪੋਜੀਸ਼ਨ ਦੇ ਵਿਚ ਬੈਠੇ ਹਨ।

ਮੈਂ ਇਸ ਮਤੇ ਦੀ ਪ੍ਰੋੜ੍ਹਤਾ ਕਰਦਾ ਹੋਇਆ ਇਸ ਗਵਰਨਰ ਐਡਰੈਸ ਦਾ ਧੰਨਵਾਦ ਕਰਦਾ ਹਾਂ ਅਤੇ ਇਸ ਦੇ ਨਾਲ ਇਹ ਵੀ ਕਹਿੰਦਾ ਹਾਂ ਕਿ ਇਹ ਸਾਡਾ ਦੇਸ਼ ਹੈ, ਪੰਜਾਬ ਅਤੇ ਪੰਜਾਬੀਆਂ ਦੀ ਭਲਾਈ ਲਈ ਸਦਾ ਸ਼੍ਰੋਮਣੀ ਅਕਾਲੀ ਦਲ ਲੜਦਾ ਰਹੇਗਾ ਅਤੇ ਇਹ ਬਰਨਾਲਾ ਸਾਹਿਬ ਦੀ ਸਰਕਾਰ ਦਾ ਫਰਜ਼ ਹੈ ਕਿ ਪੰਜਾਬ ਦੀ ਭਲਾਈ ਵਾਸਤੇ ਕੰਮ ਕਰੇ। ਮੈਂ ਫੇਰ ਇਸ ਮਤੇ ਦੀ ਪ੍ਰੋੜ੍ਹਤਾ ਕਰਦਾ ਹੋਇਆ ਗਵਰਨਰ ਸਾਹਿਬ ਦਾ ਧੰਨਵਾਦ ਕਰਦਾ ਹਾਂ।

**Mr. Chairman** : Motion moved—

"That an Address be presented to the Governor in the following terms :—

**'That the Members of this House assembled in this Session are deeply grateful to the Governor for the Address which he has been pleased to deliver to the House on the 16th October, 1985."**

**ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ** (ਮੁਕਤਸਰ) : ਚੇਅਰਮੈਨ ਸਾਹਿਬ, ਮੈਂ ਗਵਰਨਰ ਐਡਰੈਸ ਦੇ ਬਾਰੇ ਵਿਚਾਰ ਰੱਖਣ ਤੋਂ ਪਹਿਲਾਂ ਅੱਜ ਦੇ ਹਾਲਾਤ ਸਬੰਧੀ ਕੁਝ ਮੁੱਢਲੀਆਂ ਗੱਲਾਂ ਦੱਸਣੀਆਂ ਜ਼ਰੂਰੀ ਸਮਝਦੀ ਹਾਂ। ਮੈਂ ਇਸ ਐਡਰੈਸ ਨੂੰ ਇਕ ਨਾਰਮਲ ਸਮੇਂ ਦਾ ਜਾਂ ਰੁਟੀਨ ਐਡਰੈਸ ਨਹੀਂ ਸਮਝਾਂਗੀ ਅਤੇ ਨਾ ਹੀ ਆਪੋਜ਼ੀਸ਼ਨ ਦੇ ਲੀਡਰ ਦੇ ਤੌਰ ਤੇ ਇਕ ਰੁਟੀਨ ਤਕਰੀਰ ਕਰਾਂਗੀ। ਮੇਰੇ ਸਾਹਮਣੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਜੀ ਅਤੇ ਸੰਤ ਜੀ ਦਾ ਸਮਝੌਤਾ ਹੈ। ਜਿਸ ਨੇ ਦੁਖਾਂਤ ਘਟਨਾਵਾਂ ਦਾ ਮਾਰਿਆ ਹੋਇਆ ਪੰਜਾਬ ਨੂੰ ਅਤੇ ਡੂੰਘੇ ਦਰਦ ਭਰੇ ਪੰਜਾਬ ਨੂੰ ਅਤੇ ਲਹੂ ਦੇ ਨਾਲ ਭਿਝੇ ਹੋਏ ਪੰਜਾਬ ਨੂੰ ਇਸ ਸਮਝੌਤੇ ਨੇ ਸਾਨੂੰ ਸਾਰਿਆਂ ਨੂੰ ਇਸ ਐਡਰੈਸ ਤੱਕ ਪਹੁੰਚਾਇਆ ਹੈ। ਅਸੀਂ ਸਾਰੇ ਪੰਜਾਬੀ ਇਨ੍ਹਾਂ ਦੋਨਾਂ ਹੱਸਤੀਆਂ ਦੀ ਦੇਣ ਨੂੰ ਭੁਲਾ ਨਹੀਂ ਸਕਦੇ ਅਤੇ ਨਾ ਹੀ ਸੰਤ ਜੀ ਦੀ ਕੁਰਬਾਨੀ ਨੂੰ ਭੁਲਾ ਸਕਦੇ ਹਾਂ। ਸੰਤ ਜੀ ਨੇ ਇਹ ਦਿਨ ਇਥੇ ਲਿਆਉਣ ਲਈ ਆਪਣੀ ਜਾਨ ਦੀ ਕੁਰਬਾਨੀ ਦਿੱਤੀ ਹੈ।

Original with;
Punjab Vidhan Sabha
Digitized by;
Panjab Digital Library

ਚੇਅਰਮੈਨ ਸਾਹਿਬ, ਜਿਸ ਤਰ੍ਹਾਂ ਪ੍ਰਧਾਨ ਮੰਤਰੀ ਜੀ ਨੇ ਕਿਹਾ ਸੀ ਕਿ ਇਲੈਕਸ਼ਨ ਵਿਚ ਜਿੱਤ ਹਾਰ ਦਾ ਸਵਾਲ ਨਹੀਂ ਹੈ, ਸਵਾਲ ਤਾਂ ਪੰਜਾਬ ਵਿਚ ਅਤਿਵਾਦ, ਵੱਖਵਾਦ ਦੇ ਖਿਲਾਫ਼ ਔਰ ਪੰਜਾਬ ਵਿਚ ਅਮਨ, ਖੁਸ਼ਹਾਲੀ ਅਤੇ ਅਖੰਡਤਾ ਲਈ ਜਦੋ ਜਹਿਦ ਹੈ। (ਥੰਪਿੰਗ) ਜਿਸ ਦੀ ਪਰਾਪਤੀ ਲਈ ਰੂਲਿੰਗ ਪਾਰਟੀ ਅਤੇ ਆਪੋਜ਼ੀਸ਼ਨ ਪਾਰਟੀ ਦੋਵੇਂ ਹਿੱਸੇਦਾਰ ਹਨ। ਮੇਰੀ ਪਾਰਟੀ ਦੇ ਸਾਹਮਣੇ ਇਸ ਵੇਲੇ ਸਭ ਤੋਂ ਪਹਿਲਾ ਕੰਮ ਇਹ ਹੈ ਕਿ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਜੀ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਵਿਚਕਾਰ ਹੋਏ ਸਮਝੌਤੇ ਨੂੰ ਸਿਰੇ ਚੜ੍ਹਾਇਆ ਜਾਵੇ (ਥੰਪਿੰਗ) ਚੇਅਰਮੈਨ ਸਾਹਿਬ, ਇਸ ਕੰਮ ਵਿਚ ਆਪੋਜ਼ੀਸ਼ਨ ਪਾਰਟੀ ਆਪਣਾ ਪੂਰਾ ਸਹਿਯੋਗ ਪੰਜਾਬ ਸਰਕਾਰ ਨੂੰ ਦੇਵੇਗੀ। (ਥੰਪਿੰਗ) ਲੇਕਿਨ ਗੌਰਮਿੰਟ ਦੀਆਂ ਕਮਜ਼ੋਰੀਆਂ ਔਰ ਐਡਮਨਿਸਟਰੇਸ਼ਨ ਵਿਚ ਕਮੀਆਂ ਅਤੇ ਹਾਈ ਹੈਂਡਿਡਨੈਸ ਕੁਰੱਪਸ਼ਨ ਨੂੰ ਐਕਸਪੋਜ਼ ਕਰੇਗੀ। ਮੇਰੀ ਪਾਰਟੀ ਕਨਸਟਰੱਕਟਿਵ ਰੋਲ ਅਦਾ ਕਰੇਗੀ ਪੌਜ਼ੇਟਿਵ ਕ੍ਰਿਟੇਸਿਜ਼ਮ ਕਰੇਗੀ। ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਸਫਾ 5 ਤੇ ਕਿਹਾ ਹੈ:

> "....but will also attach greatest importance to generating new avenues of gainful employment. The rehabilitation programmes for the youth, as also for such other sections of the Punjabi society both in Punjab and outside whose even tenor of life was disrupted by recent events will receive the highest priority. The Government will also take effective measures to disburse compensation for loss of life and property of all the citizens of the State as a consequence of events and agitations from Ist August, 1982 onwards."

ਚੇਅਰਮੈਨ ਸਾਹਿਬ, ਅਸੀਂ ਇਨ੍ਹਾਂ ਲਫਜ਼ਾਂ ਦੀ ਸ਼ਲਾਘਾ ਕਰਦੇ ਹਾਂ ਅਸੀਂ ਇਸ ਗੱਲ ਤੇ ਸਰਕਾਰ ਦੇ ਨਾਲ ਸਹਿਮਤ ਹਾਂ। (ਥੰਪਿੰਗ) ਪ੍ਰਧਾਨ ਮੰਤਰੀ, ਸ੍ਰੀ ਰਾਜੀਵ ਗਾਂਧੀ ਜੀ ਨੇ ਪਾਰਲੀਮੈਂਟ ਦੀਆਂ ਜਦੋਂ ਇਲੈਕਸ਼ਨਾਂ ਹੋਈਆਂ ਤਾਂ ਉਸ ਵੇਲੇ ਕਿਹਾ ਸੀ ਕਿ ਪੰਜਾਬ ਦਾ ਜਿਹੜਾ ਮਸਲਾ ਹੈ, ਉਸ ਨੂੰ ਸਭ ਤੋਂ ਪਹਿਲਾਂ ਸੁਲਝਾਇਆ ਜਾਵੇਗਾ। ਪੰਜਾਬ ਦੇ ਮਸਲੇ ਨੂੰ ਸੁਲਝਾਉਣ ਵਾਸਤੇ ਸਭ ਤੋਂ ਪਹਿਲਾਂ ਤਿੰਨ ਮੈਂਬਰੀ ਕਮੇਟੀ ਬਣਾਈ ਜਿਸ ਵਿਚ ਹੋਮ ਮਨਿਸਟਰ ਸਾਹਿਬ, ਸ੍ਰੀ ਨਰਸਿਮਹਾ ਰਾਓ ਸੀ ਅਤੇ ਐਜੂਕੇਸ਼ਨ ਮਨਿਸਟਰ, ਸ੍ਰੀ ਕੇ. ਸੀ. ਪੰਤ ਸਾਹਿਬ ਸਨ। ਉਨ੍ਹਾਂ ਨੇ ਸਾਰੇ ਪੰਜਾਬ ਦਾ ਦੌਰਾ ਕੀਤਾ ਅਤੇ ਸਾਰਾ ਜਾਇਜ਼ਾ ਲਿਆ। ਇਸ ਤੋਂ ਪਹਿਲਾਂ ਹੁਸੈਨੀਵਾਲਾ ਵਿਚ ਪ੍ਰਾਈਮ ਮਨਿਸਟਰ ਆਏ। ਚੇਅਰਮੈਨ ਸਾਹਿਬ, ਪੰਜਾਬ ਦੀ ਇਕਾਨੌਮੀ ਜਿਹੜੀ ਬਿਲਕੁਲ ਪਿਛੇ ਪੈ ਚੁੱਕੀ ਹੈ, ਉਸ ਨੂੰ ਦੋਬਾਰਾ ਬਹਾਲ ਕੀਤਾ ਜਾਵੇ। ਉਸ ਨੂੰ ਮੁੱਖ ਰੱਖਦੇ ਹੋਏ ਥੀਨ ਡੈਮ ਜੋ ਕਿ ਸਦੀਆਂ ਤੋਂ ਚਲਿਆ ਆ ਰਿਹਾ ਸੀ, ਉਸ ਦੀ ਮਨਜ਼ੂਰੀ ਦਿਤੀ। 1200 ਕਰੋੜ ਰੁਪਿਆ ਖਰਚ ਹੋਣਾ ਹੈ, ਪਰ ਮੇਰੇ ਵੀਰ, ਜਿਸ ਨੇ ਸੈਕੰਡ ਕੀਤਾ ਹੈ, ਨੇ ਬਹੁਤ ਸਾਰੀਆਂ ਗਲਾਂ ਕਹੀਆਂ ਹਨ ਅਤੇ ਕਿਹਾ ਹੈ ਕਿ ਬਹੁਤ ਸਾਰਾ ਪੈਸਾ ਸੈਂਟਰ ਸਰਕਾਰ ਤੋਂ ਲੈਣਾ ਹੈ। ਜਿਸ ਨੇ ਇਹ ਰੈਜ਼ੋਲਿਊਸ਼ਨ ਮੂਵ ਕੀਤਾ ਸਿਵਾਏ ਗੱਲਾਂ ਦੇ ਹੋਰ ਕੁਝ ਨਹੀਂ ਹੈ। ਜਿਹੜੇ ਵੀਰ ਨੇ ਸੈਕੰਡ ਕੀਤਾ ਜਦੋਂ ਉਹ ਪਹਿਲੀ ਦਫਾ ਇਥੇ ਹਾਊਸ ਵਿਚ ਜਿਤ ਕੇ ਆਏ ਸੀ ਤਾਂ ਉਸ ਨਾਲੋਂ ਉਨ੍ਹਾਂ ਨੇ ਕਾਫੀ ਇੰਪਰੂਵ ਕੀਤਾ ਹੈ ਅਤੇ ਲੋਕਾਂ ਨੂੰ ਖੁਸ਼ ਕਰਨ ਵਾਸਤੇ ਕਾਫੀ ਗੱਲਾਂ ਕਹੀਆਂ ਗਈਆਂ ਹਨ ਪਰ ਸੈਂਟਰ ਨੇ ਜੋ ਪੈਸਾ ਦਿਤਾ ਹੈ ਉਸ ਦੀ ਤਾਰੀਫ ਨਹੀਂ ਕੀਤੀ। ਸਰਦਾਰ ਸੁਖਦੇਵ ਸਿੰਘ ਜੀ ਨੇ, ਚੇਅਰਮੈਨ ਸਾਹਿਬ, ਕਿਹਾ ਹੈ ਕਿ ** ** ** ਜੇਕਰ ਇਥੇ ਜ਼ਿਆਦਾ ਬੀਬੀਆਂ ਹੋਣ ਤਾਂ ਮਾਹੌਲ ਅੱਛਾ ਰਹਿੰਦਾ ਹੈ।

**Mr. Chairman** : Please address the Chair

**ਸਰਦਾਰ ਸੁਖਦੇਵ ਸਿੰਘ ਢਿੱਲੋਂ** : ** ** ** ** ** ** ** **

**ਸ੍ਰੀ ਸਭਾਪਤੀ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

---

**Expunged as ordered by the Chair

Original with;
Punjab Vidhan Sabha
Digitized by;
Panjab Digital Library

**ਸਰਦਾਰਨੀ ਗੁਰਬਿੰਦਰ ਕੌਰ ਬਰਾੜ** : ਚੇਅਰਮੈਨ ਸਾਹਿਬ, ਬੜੀ ਅੱਛੀ ਗੱਲ ਹੈ ਕਿ ਇਹ ਮੇਰਾ ਸਤਿਕਾਰ ਕਰਦੇ ਹਨ ਪਰ ਇਹ ਬੀਬੀਆਂ ਨੂੰ ਬਹੁਤ ਯਾਦ ਕਰਦੇ ਹਨ। (ਹਾਸਾ) ਪ੍ਰਧਾਨ ਮੰਤਰੀ ਜੀ ਨੇ ਹੁਸੈਨੀਵਾਲਾ ਵਿਚ ਕੋਚ ਫੈਕਟਰੀ ਦਾ ਐਲਾਨ ਕੀਤਾ ਔਰ ਸਾਨੂੰ ਖੁਸ਼ੀ ਹੈ ਕਿ ਉਸ ਦਾ ਨੀਂਹ ਪੱਥਰ ਰਖਿਆ ਗਿਆ ਹੈ। ਇਸ ਨਾਲ ਇੰਪਲਾਇਮੈਂਟ ਮਿਲੇਗੀ ਔਰ ਅਨਇਮਪਲਾਇਮੈਂਟ ਘਟੇਗੀ। ਚੇਅਰਮੈਨ ਸਾਹਿਬ, ਪ੍ਰਧਾਨ ਮੰਤਰੀ ਜੀ ਨੇ ਕਿਸਾਨਾਂ ਨੂੰ ਵ੍ਹੀਟ ਤੇ 5 ਰੁਪਏ ਬੋਨਸ ਦੇ ਤੌਰ ਤੇ ਦਿਤਾ। ਇਹ ਸਾਰਾ ਕੁਝ ਸੈਂਟਰ ਨੇ ਪੰਜਾਬ ਦੀ ਇਕਾਨੌਮੀ ਨੂੰ ਬਹਾਲ ਕਰਨ ਵਾਸਤੇ ਕੀਤਾ ਹੈ। ਸਭ ਤੋਂ ਵੱਡੀ ਗੱਲ ਪ੍ਰਧਾਨ ਮੰਤਰੀ, ਸ੍ਰੀ ਰਾਜੀਵ ਜੀ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਵਿਚਕਾਰ ਅਕਾਰਡ ਉਤੇ ਦੋਨਾਂ ਦੇ ਦਸਤਖਤ ਹੋਏ। ਇਹ ਗੱਲ ਕੋਈ ਮਾਮੂਲੀ ਨਹੀਂ ਹੈ। ਸਾਡਾ ਚੇਅਰਮੈਨ ਸਾਹਿਬ, ਹੁਣ ਦੋਨਾਂ ਦਾ ਫਰਜ਼ ਬਣਦਾ ਹੈ ਕਿ ਉਸ ਅਕਾਰਡ ਨੂੰ ਸਿਰੇ ਚੜ੍ਹਾਇਆ ਜਾਵੇ। ਇਹ ਜਿਹੜਾ ਅਕਾਰਡ ਹੋਇਆ ਹੈ, ਇਸ ਵਿਚ ਤਿੰਨ ਗੱਲਾਂ ਹਨ। ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਲੀਡਰ ਆਫ ਦੀ ਹਾਊਸ ਨੂੰ ਕਹਾਂਗੀ ਕਿ ਪੀਸ ਕਮਿਊਨਲ ਹਾਰਮਨੀ ਅਤੇ ਯੂਨਿਟੀ ਐਂਡ ਇੰਟੈਗਰਿਟੀ ਆਫ ਦੀ ਕੰਟਰੀ ਹੈ। ਇਹ ਹੁਣ ਸਰਕਾਰ ਉਤੇ ਨਿਰਭਰ ਹੈ ਕਿ ਇਸ ਅਕਾਰਡ ਵਲ ਧਿਆਨ ਦੇਣ। ਸਟੇਟ ਦੀ ਡਿਵੈਲਪਮੈਂਟ ਵਾਸਤੇ ਇਰੀਗੇਸ਼ਨ ਐਂਡ ਪਾਵਰ ਵੱਲ ਧਿਆਨ ਦੇਣਾ ਸਭ ਤੋਂ ਜ਼ਰੂਰੀ ਹੁੰਦਾ ਹੈ। ਮੈਂ ਥੀਨ ਡੈਮ ਦਾ ਪਹਿਲਾਂ ਜ਼ਿਕਰ ਕਰ ਚੱਕੀ ਹਾਂ। 1985-86 ਵਿਚ 75 ਕਰੋੜ ਅਤੇ 1986 ਤੋਂ 100 ਕਰੋੜ ਰੁਪਿਆ ਖਰਚ ਹੋਵੇਗਾ ਟੋਟਲ ਖਰਚਾ ਇਨ੍ਹਾਂ ਨੇ 700 ਕਰੋੜ ਦਾ ਲਗਾ-ਇਆ ਹੈ। ਪਰ ਮੇਰੀ ਇਨਫਰਮੇਸ਼ਨ ਦੇ ਮੁਤਾਬਿਕ ਇਹ ਖਰਚਾ 1200 ਕਰੋੜ ਰੁਪਏ ਦੇ ਕਰੀਬ ਲਗੇਗਾ। ਇਹ ਸਾਰਾ ਪੈਸਾ ਸਰਕਾਰ ਨੇ ਖਰਚ ਕਰਨਾ ਹੈ। ਪਿਛੇ ਜਦੋਂ ਸ੍ਰੀ ਅਰੁਨ ਨਹਿਰੂ, ਪਾਵਰ ਐਂਡ ਇਰੀ-ਗੇਸ਼ਨ ਮਨਿਸਟਰ ਆਏ ਸਨ, ਉਨ੍ਹਾਂ ਨੇ ਕਿਹਾ ਸੀ ਕਿ ਨਿਸਚਿਤ ਸਮੇਂ ਤੋਂ ਪਹਿਲਾਂ ਇਸ ਪ੍ਰਾਜੈਕਟ ਨੂੰ ਖਤਮ ਕੀਤਾ ਜਾਵੇ। ਹੁਣ ਚੇਅਰਮੈਨ ਸਾਹਿਬ, ਗਵਰਨਰ ਸਾਹਿਬ ਦੇ ਐਡਰੈਸ ਵਿਚ ਲਿਖਿਆ ਹੈ ਕਿ ਇਸ ਨੂੰ ਮੁੜ ਤਰਤੀਬ ਦੇ ਕੇ ਜਲਦੀ ਪੂਰਾ ਕੀਤਾ ਜਾਵੇ। ਕੰਡੀ ਪ੍ਰਾਜੈਕਟ 94 ਮੈਗਾਵਾਟ ਦੀ ਹੈ। ਹਿਮਾਚਲ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਦੀ ਸਰਕਾਰ ਨਾਲ ਗਲ ਬਾਤ ਕਰਕੇ ਹਾਈਡਲ ਪ੍ਰਾਜੈਕਟ ਰਾਹੀਂ 600 ਮੈਗਾਵਾਟ ਅਤੇ ਵਾਸਪਾ ਪ੍ਰਾਜੈਕਟ ਤੋਂ 400 ਮੈਗਾਵਾਟ ਬਿਜਲੀ ਮਿਲੇਗੀ। ਕਿਸਾਨਾਂ ਨੂੰ, ਚੇਅਰਮੈਨ ਸਾਹਿਬ, ਬਿਜਲੀ ਦੀ ਬਹੁਤ ਲੋੜ ਹੈ। ਇੰਡਸਟਰੀਜ਼ ਲਈ ਵੀ ਬਿਜਲੀ ਦੀ ਬਹੁਤ ਜ਼ਰੂਰਤ ਹੈ। ਸਾਰਿਆਂ ਨੂੰ ਪਤਾ ਹੈ ਕਿ ਪਿੰਡਾਂ ਵਿਚ ਪਾਣੀ ਦਾ ਕਿਸ ਤਰ੍ਹਾਂ ਥੋੜ੍ਹੀ ਜਿਹੀ ਗੱਲ ਤੇ ਝਗੜਾ ਹੋ ਜਾਂਦਾ ਹੈ। ਕਈ ਵਾਰ ਉਸ ਦੇ ਗੰਭੀਰ ਰਿਜ਼ਲਟ ਨਿਕਲਦੇ ਹਨ। ਮੈਂ ਲੀਡਰ ਆਫ਼ ਦੀ ਹਾਊਸ ਨੂੰ ਯਕੀਨ ਦਿਵਾਉਂਦੀ ਹਾਂ ਕਿ ਸਾਡੀ ਪਾਰਟੀ ਅਟਾਮਿਕ ਪਾਵਰ ਪਲਾਂਟ ਅਤੇ ਹੋਰ ਪਾਵਰ ਪਲਾਂਟ ਲੈਣ ਵਿਚ ਮਦਦ ਕਰੇਗੀ। ਪਬਲਿਕ ਸੈਕਟਰ ਸਟੇਟ ਦੀ ਇਕਾਨੌਮੀ ਦੀ ਰੀੜ ਦੀ ਹੱਡੀ ਹੁੰਦੀ ਹੈ। ਇਸ ਵੱਲ ਧਿਆਨ ਦੇਣਾ ਬਹੁਤ ਜ਼ਰੂਰੀ ਹੈ।

ਚੇਅਰਮੈਨ ਸਾਹਿਬ, ਇਕ ਗੱਲ ਮੈਂ ਇਹ ਕਹਿਣੀ ਚਾਹੁੰਦੀ ਹਾਂ ਕਿ ਪੰਜਾਬ ਦੇ ਕਿਸਾਨ ਨੂੰ ਉਸ ਦੀ ਸਹੀ ਪੈਦਾਵਾਰ ਦੀ ਸਹੀ ਕੀਮਤ ਮਿਲਣੀ ਚਾਹੀਦੀ ਹੈ। ਮੁਲਕ ਦੀ ਸੇਵਾ ਕਰਨ ਵਿਚ, ਪੰਜਾਬ ਦੇ ਕਿਸਾਨ ਨੇ ਔਰ ਪੰਜਾਬੀਆਂ ਨੇ, ਫੂਡ ਪ੍ਰੋਡਕਸ਼ਨ ਵਿੱਚ ਔਰ ਮੁਲਕ ਦੀ ਡਿਫੈਂਸ ਵਿਚ ਬੜਾ ਉਘਾ ਹਿਸਾ ਪਾਇਆ ਹੈ। ਪੰਜਾਬ ਦੇ ਕਿਸਾਨ ਨੇ ਐਨਾ ਅਨਾਜ ਪੈਦਾ ਕੀਤਾ ਕਿ ਅਜੇ ਸਾਨੂੰ ਬਾਹਰਲੇ ਮੁਲਕਾਂ ਤੋਂ ਅਨਾਜ ਲਿਆਉਣ ਦੀ ਲੋੜ ਨਹੀਂ। ਤਕਰੀਬਨ 60% ਦੇ ਕਰੀਬ ਹਿੱਸਾ ਅਸੀਂ ਸੈਂਟਰਲ ਪੂਲ ਵਿੱਚ ਦੇ ਰਹੇ ਹਾਂ। ਔਰ ਅਗਰ ਕਿਸਾਨ ਨੂੰ ਇਹ ਪਤਾ ਲਗ ਜਾਵੇ ਕਿ ਉਸ ਦੇ ਨਾਲ ਕੋਈ ਧੱਕਾ ਨਹੀਂ ਹੋਵੇਗਾ ਔਰ ਉਸ ਦੀਆਂ ਜਿਨਸਾਂ ਦੀ ਸਹੀ ਕੀਮਤ ਪਹਿਲਾਂ ਹੀ

Original with;
Punjab Vidhan Sabha
Digitized by;
Panjab Digital Library

ਮੁਕੱਰਰ ਹੋ ਜਾਵੇ ਤਾਂ ਉਨ੍ਹਾਂ ਦਾ ਹੌਂਸਲਾ ਵਧ ਜਾਵੇਗਾ। ਇਹ ਨਹੀਂ ਹੋਣਾ ਚਾਹੀਦਾ ਕਿ ਜਦੋਂ ਉਹ ਅਨਾਜ ਮੰਡੀ ਵਿੱਚ ਲੈ ਕੇ ਜਾਵੇ ਤਾਂ ਹੀ ਕੀਮਤ ਮੁਕੱਰਰ ਹੋਵੇ। ਪਹਿਲਾਂ ਕੀਮਤ ਅਨਾਊਂਸ ਕਰਨ ਨਾਲ ਉਹ ਵੀ ਪਲਾਨ ਬਣਾ ਸਕਦਾ ਹੈ ਕਿ ਕੰਮ ਕਿਸ ਤਰ੍ਹਾਂ ਕਰਨਾ ਹੈ। ਇਹ ਮੇਰੀ ਅਪੀਲ ਹੈ। ਬਾਕੀ ਹੋਰ ਜਿੰਨੀਆਂ ਵੀ ਪਰੋਕਿਓਰਮੈਂਟ ਏਜੰਸੀਜ਼ ਹਨ, ਉਨ੍ਹਾਂ ਨੂੰ ਵੀ ਵਕਤ ਸਿਰ ਕੰਮ ਕਰਨਾ ਚਾਹੀਦਾ ਹੈ। ਕੱਲ੍ਹ ਇਸ ਬਾਰੇ ਇਕ ਰੈਜ਼ੋਲਿਊਸ਼ਨ ਵੀ ਆਇਆ ਸੀ ਜਿਸ ਤੇ ਦੋਵੇਂ ਪਾਸੇ ਤੋਂ ਮੈਂਬਰ ਸਾਹਿਬਾਨ ਬੋਲੇ ਸਨ। ਉਸ ਵਿਚ ਇਸ ਗੱਲ ਦਾ ਜ਼ਿਕਰ ਵੀ ਆਇਆ ਸੀ ਕਿ ਕੀਮਤਾਂ ਦੀ ਨਿਯੁਕਤੀ ਵਕਤ ਸਿਰ ਹੋਣੀ ਚਾਹੀਦੀ ਹੈ ਅਤੇ ਏਜੰਸੀਜ਼ ਨੂੰ ਸਹੀ ਤਰੀਕੇ ਨਾਲ ਕੰਮ ਕਰਨਾ ਚਾਹੀਦਾ ਹੈ।

ਚੇਅਰਮੈਨ ਸਾਹਿਬ, ਇਕ ਹੋਰ ਗੱਲ ਮੈਂ ਇਹ ਕਹਿਣੀ ਚਾਹੁੰਦੀ ਹਾਂ ਕਿ ਪੰਜਾਬ ਦੇ ਕਿਸਾਨ ਨੂੰ ਵੀ ਇੰਟਰਸਟ ਫਰੀ ਲੋਨ ਮਿਲਣਾ ਚਾਹੀਦਾ ਹੈ ਤਾਂਕਿ ਉਹ ਵੀ ਆਪਣੇ ਕੰਮ ਨੂੰ ਅੱਗੇ ਲਿਜਾ ਸਕੇ। ਇਸ ਤਰ੍ਹਾਂ ਦਾ ਲੋਨ ਇੰਡਸਟਰੀ ਵਿੱਚ ਵੀ ਬੜੀ ਦਫਾ ਮਿਲਦਾ ਹੈ। ਇਹ ਮੇਰੀ ਅਪੀਲ ਹੈ।

ਚੇਅਰਮੈਨ ਸਾਹਿਬ, ਪੰਜਾਬ ਦੀ ਇੰਡਸਟਰੀ ਐਗਰੋ ਬੇਸਡ ਇੰਡਸਟਰੀ ਹੋਣੀ ਚਾਹੀਦੀ ਹੈ। ਬਹੁਤ ਸਾਰੀਆਂ ਐਸੀਆਂ ਚੀਜ਼ਾਂ ਹਨ ਜਿਹੜੀਆਂ ਕਿ ਰਾਅ ਮੈਟੀਰੀਅਲ ਦੀ ਸ਼ਕਲ ਵਿੱਚ ਬਾਹਰ ਜਾਂਦੀਆਂ ਹਨ। ਉਨ੍ਹਾਂ ਲਈ ਅਗਰ ਏਥੇ ਹੀ ਇੰਡਸਟਰੀ ਮਿਲ ਜਾਵੇ ਔਰ ਉਹ ਚੀਜ਼ਾਂ ਉਸ ਵਿੱਚ ਹੀ process ਕਰ ਲਈਆਂ ਜਾਣ ਤਾਂ ਪੰਜਾਬ ਦੇ ਕਿਸਾਨ ਨੂੰ ਜ਼ਿਆਦਾ ਲਾਭ ਹੋ ਸਕਦਾ ਹੈ।

ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਲੀਡਰ ਆਫ ਦੀ ਹਾਊਸ ਨੂੰ ਇਕ ਹੋਰ ਬੇਨਤੀ ਕਰਨੀ ਚਾਹੁੰਦੀ ਹਾਂ ਕਿ ਜਿਹੜੇ ਵੀ ਵੱਡੇ ਵੱਡੇ ਪਿੰਡ ਹਨ, ਉਨ੍ਹਾਂ ਦੇ ਕਿਸਾਨ ਬਜਾਏ ਇਸ ਦੇ ਕਿ ਆਪਣੀ ਫਸਲ ਚੁਕ ਕੇ ਕਿਧਰੇ ਹੋਰ ਮੰਡੀ ਵਿਚ ਲਿਜਾਣ, ਉਨ੍ਹਾਂ ਵਿੱਚ ਹੀ ਪਰੋਕਿਓਰਮੈਂਟ ਸੈਂਟਰਜ਼ ਬਣਾ ਦਿੱਤੇ ਜਾਣ ਤਾਂ ਕਿਸਾਨਾਂ ਨੂੰ ਇਸ ਗਲ ਦਾ ਵੀ ਫਾਇਦਾ ਹੋ ਜਾਵੇਗਾ। ਹੁਣ ਜਿਵੇਂ ਮੇਰੇ ਹਲਕੇ ਵਿਚ ਹਰੀਕੇ ਕਲਾਂ ਵੱਡਾ ਪਿੰਡ ਹੈ ਅਗਰ ਉਥੋਂ ਹੁਣ 47,000 ਕੁਇੰਟਲ ਵ੍ਹੀਟ ਦੀ ਪਰੋਕਿਓਰ-ਮੈਂਟ ਕੀਤੀ ਗਈ ਹੈ, ਉਥੇ Rice procurement ਸਕੀਮ ਨੂੰ ਲਾਗੂ ਕੀਤਾ ਜਾਵੇ ਤਾਂ ਫਾਇਦਾ ਹੋ ਜਾਵੇਗਾ।

ਚੇਅਰਮੈਨ ਸਾਹਿਬ, ਸਾਡੇ ਇਲਾਕੇ ਵਿਚ ਜਿਹੜੀਆਂ ਪਿਛਲੀਆਂ ਬਾਰਸ਼ਾਂ ਹੋਈਆਂ ਹਨ, ਉਨ੍ਹਾਂ ਦਾ ਪਾਣੀ ਹਾਲੇ ਤੱਕ ਖੜ੍ਹਾ ਹੈ ਅਤੇ ਸੜਕਾਂ ਰੁੜ ਗਈਆਂ ਹਨ। ਉਥੇ ਅਗਲੀ ਫਸਲ ਵੀ ਨਹੀਂ ਬੀਜੀ ਜਾ ਸਕਦੀ। ਇਹ ਗੱਲ ਮੈਂ ਤੁਹਾਡੇ ਰਾਹੀਂ ਇਨ੍ਹਾਂ ਦੇ ਨੋਟਿਸ ਵਿੱਚ ਲਿਆਉਣੀ ਚਾਹੁੰਦੀ ਹਾਂ ਕਿ ਇਸ ਬਾਰੇ ਕੁਝ ਨਾ ਕੁਝ ਜ਼ਰੂਰ ਕਰਨਾ ਚਾਹੀਦਾ ਹੈ। ਅਗਰ ਪਿੰਡਾਂ ਵਿਚ ਪਰੋਕਿਓਰਮੈਂਟ ਸੈਂਟਰਜ਼ ਬਣਾ ਦਿਤੇ ਜਾਣਗੇ ਤਾਂ ਏਜੰਸੀਆਂ ਆਪਣੇ ਆਪ ਉਥੇ ਆ ਕੇ ਅਨਾਜ ਖਰੀਦਣਗੀਆਂ ਅਤੇ ਕਿਸਾਨਾਂ ਨੂੰ ਦਿੱਕਤ ਨਹੀਂ ਹੋਵੇਗੀ। ਮੇਰੇ ਹਲਕੇ ਵਿੱਚ ਲਬਾਣੀਆਂ ਵਾਲੀ ਪਿੰਡ ਹੈ ਜਿਸ ਨੂੰ ਕਿ ਮੁਕਤਸਰ ਅਤੇ ਸਾਦਕ ਮੰਡੀਆਂ ਲਗਦੀਆਂ ਹਨ ਪਰ ਉਥੋਂ ਦੀਆਂ ਸੜਕਾਂ ਦੀ ਹਾਲਤ ਏਨੀ ਖਰਾਬ ਹੈ ਕਿ 15 ਮਿੰਟ ਦੇ ਸਫਰ ਨੂੰ ਪੂਰਾ ਕਰਨ ਵਿਚ ਡੇਢ ਘੰਟਾ ਲੱਗ ਜਾਂਦਾ ਹੈ। ਇਸ ਗੱਲ ਬਾਰੇ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ।

**ਟਰੇਜ਼ਰੀ ਬੈਂਚਿਜ਼ ਵਲੋਂ ਆਵਾਜ਼ਾਂ :** ਇਹ ਤਾਂ ਪਿਛਲੀ ਸਰਕਾਰ ਦੀ ਦੇਣ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰਨੀ ਗੁਰਬਿੰਦਰ ਕੌਰ ਬਰਾੜ** : ਇਹ ਤਾਂ ਰੱਬ ਦੀ ਦੇਣ ਹੈ। ਇਹ ਗੱਲ ਵੀ ਚੇਅਰਮੈਨ ਸਾਹਿਬ, ਮੈਂ ਕਹਿਣੀ ਚਾਹੁੰਦੀ ਹਾਂ ਕਿ ਜ਼ਿਲ੍ਹਾ ਫਰੀਦਕੋਟ ਵਿੱਚ ਵਾਟਰ ਲੌਗਿੰਗ ਬੜੀ ਹੋ ਰਹੀ ਹੈ। ਇਸ ਲਈ ਵਾਟਰ ਲੌਗਡ ਏਰੀਆਜ਼ ਵਿੱਚ ਡਰੇਨੇਜ ਬਣਾਉਣੀਆਂ ਬੜੀ ਜ਼ਰੂਰੀ ਹਨ ਤਾਂਕਿ ਸਾਰਾ ਪਾਣੀ ਉਨ੍ਹਾਂ ਵਿਚ ਹੀ ਸੀਪ ਹੋ ਜਾਵੇ ਅਤੇ ਬਾਹਰ ਜਾ ਸਕੇ। ਸਰਕਾਰ ਇਸ ਵੱਲ ਜਲਦੀ ਧਿਆਨ ਦੇਵੇ। ਮੈਂ ਇਹ ਵੀ ਪੁੱਛਣਾ ਚਾਹੁੰਦੀ ਹਾਂ ਕਿ ਇਸ ਦੇ ਬਾਰੇ ਕੀ ਕਦਮ ਉਠਾ ਰਹੇ ਹਨ ਤਾਂਕਿ ਸਾਨੂੰ ਕੁਝ ਰਾਹਤ ਮਿਲੇ। ਇਹ ਕੰਮ ਵਾਰ ਫੁਟਿੰਗ ਤੇ ਹੋਣਾ ਚਾਹੀਦਾ ਹੈ।

ਹੁਣ ਔਰਤ ਹੋਣ ਦੇ ਨਾਤੇ, ਚੇਅਰਮੈਨ ਸਾਹਿਬ, ਮੈਂ ਕੁਝ ਗੱਲਾਂ ਕਰਨੀਆਂ ਚਾਹੁੰਦੀ ਹਾਂ। ਚੇਅਰਮੈਨ ਸਾਹਿਬ, ਪ੍ਰਧਾਨ ਮੰਤਰੀ ਜੀ ਨੇ ਵੂਮੈਨ ਵੈਲਫੇਅਰ ਤੇ, ਫਸਟ ਟਾਈਮ ਇਨ ਦੀ ਹਿਸਟਰੀ ਆਫ ਇੰਡੀਆ, ਇਹ ਮਨਿਸਟਰੀ ਕਾਇਮ ਕੀਤੀ ਗਈ ਹੈ। ਇਹ ਡਿਪਾਰਟਮੈਂਟ ਪਹਿਲਾਂ ਮਿਸਿਜ਼ ਚੰਦਰ ਸ਼ੇਖਰ ਅਤੇ ਹੁਣ ਮਿਸਿਜ਼ ਅਲਵਾ ਕੋਲ ਹੈ। ਅੱਧੀ ਤੋਂ ਜ਼ਿਆਦਾ ਆਬਾਦੀ ਕਿਉਂਕਿ ਔਰਤਾਂ ਦੀ ਹੈ, ਇਸ ਲਈ ਜਿੰਨਾ ਚਿਰ ਤੱਕ ਉਨ੍ਹਾਂ ਨੂੰ ਨਾ ਉਚਾ ਚੁੱਕਿਆ ਗਿਆ, ਉਨ੍ਹਾਂ ਨੂੰ ਉਨ੍ਹਾਂ ਦੇ ਪੈਰਾਂ ਤੇ ਖੜ੍ਹਾ ਨਾ ਕੀਤਾ ਗਿਆ ਅਤੇ ਉਨ੍ਹਾਂ ਦੀ ਆਰਥਿਕ ਦਸ਼ਾ ਨਾ ਸੁਧਾਰੀ ਗਈ, ਉਨਾ ਚਿਰ ਤਕ ਦੇਸ਼ ਦੀ ਹਾਲਤ ਨਹੀਂ ਸੁਧਰ ਸਕਦੀ। ਔਰਤਾਂ ਅਤੇ ਬੱਚਿਆਂ ਨੂੰ ਵੀ ਸੋਸ਼ਲ ਵੈਲਫੇਅਰ ਪ੍ਰੋਗਰਾਮ ਦੇ ਵਿੱਚ ਉਸੇ ਤਰ੍ਹਾਂ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ ਜਿਸ ਤਰ੍ਹਾਂ ਕਿ ਸ਼ਡਿਊਲਡ ਕਾਸਟਸ ਅਤੇ ਬੈਕਵਰਡ ਕਲਾਸਿਜ਼ ਨੂੰ ਦਿਤੀਆਂ ਜਾਂਦੀਆਂ ਹਨ। ਤੁਸੀਂ ਹੈਰਾਨ ਹੋਵੋਗੇ ਕਿ ਜਦੋਂ ਤੋਂ ਦੇਸ਼ ਆਜ਼ਾਦ ਹੋਇਆ ਹੈ, ਤਾਂ ਦੇਸ਼ ਦੀ ਅੱਧੀ ਪਾਪੂਲੇਸ਼ਨ ਜਿਹੜੀ ਕਿ ਔਰਤਾਂ ਦੀ ਹੈ, ਇਲਿਟਰੇਟ ਹੈ। ਜਿੰਨਾ ਚਿਰ ਉਨ੍ਹਾਂ ਨੂੰ ਲਿਟਰੇਟ ਨਹੀਂ ਕੀਤਾ ਜਾਵੇਗਾ ਉਹ ਆਪਣੇ ਬੱਚਿਆਂ ਨੂੰ ਕਿਸ ਤਰ੍ਹਾਂ ਪੜ੍ਹਾ ਸਕਣਗੀਆਂ ਜਿਹੜੇ ਕਿ ਦੇਸ਼ ਦਾ ਭਵਿੱਖ ਹਨ। ਜਿੰਨਾ ਚਿਰ ਦੇਸ਼ ਦੇ ਬੱਚੇ ਲਾਇਕ ਨਹੀਂ ਬਣਦੇ ਉਨਾ ਚਿਰ ਦੇਸ਼ ਅੱਗੇ ਨਹੀਂ ਵੱਧ ਸਕਦਾ। ਇਹ ਜਿਹੜਾ 2001 ਸਾਲ ਆ ਰਿਹਾ ਹੈ, ਇਸ ਦੇ ਵਿਚ ਅਸੀਂ ਕਿਸ ਤਰ੍ਹਾਂ ਦੇ ਲੋਕ ਅੱਗੇ ਭੇਜਣੇ ਹਨ, ਇਸ ਬਾਰੇ ਜ਼ਰੂਰ ਵਿਚਾਰ ਕਰਨਾ ਚਾਹੀਦਾ ਹੈ। ਪੰਜਾਬ ਸੂਬਾ ਹਰ ਪੱਖ ਤੋਂ ਅੱਗੇ ਰਿਹਾ ਹੈ ਅਤੇ ਮੈਨੂੰ ਪੂਰੀ ਉਮੀਦ ਹੈ ਕਿ ਇਸ ਮਾਮਲੇ ਵਿਚ ਵੀ ਸਭ ਨਾਲੋਂ ਅੱਗੇ ਹੀ ਰਹੇਗਾ।

ਚੇਅਰਮੈਨ ਸਾਹਿਬ, ਇਕ ਗਲ ਇਨ੍ਹਾਂ ਨੇ ਗਵਰਨਰ ਐਡਰੈਸ ਵਿੱਚ ਬਹੁਤ ਸੁਹਣੀ ਲਿਖੀ ਹੈ ਕਿ ਇਲੈਕਟ੍ਰਾਨਿਕ ਇੰਡਸਟਰੀ ਵਾਸਤੇ ਕੋਈ 700 ਲੜਕੀਆਂ ਨੂੰ ਟਰੇਨਿੰਗ ਦਿਤੀ ਜਾਵੇਗੀ। ਬਹੁਤ ਸਾਰੀਆਂ ਲੇਡੀਜ਼ ਪਹਿਲਾਂ ਹੀ ਟੀਚਰਜ਼, ਨਰਸਿਜ਼ ਅਤੇ ਡਾਕਟਰਜ਼ ਹਨ ਅਤੇ ਹੁਣ ਤੁਹਾਨੂੰ ਐਮ. ਐਲ. ਏਜ਼. ਵੀ ਬਣੀਆਂ ਦਿਖਾਈ ਦੇਂਦੀਆਂ ਹਨ। ਹਾਲਾਂ ਕਿ ਹਾਲ ਅਸੀਂ ਥੋੜ੍ਹੀਆਂ ਹੀ ਹਾਂ। 117 ਦੇ ਹਿਸਾਬ ਨਾਲ ਤਾਂ ਕੋਈ 25-30 ਲੇਡੀ ਐਮ. ਐਲ. ਏਜ਼. ਹੋਣੀਆਂ ਚਾਹੀਦੀਆਂ ਹਨ। ਉਨਾਂ ਲਈ ਸੋਸ਼ਿਓ ਇਕਨਾਮਿਕ ਪ੍ਰਾਜੈਕਟਸ ਵੀ ਚਾਲੂ ਕਰਨੇ ਚਾਹੀਦੇ ਹਨ ਤਾਂਕਿ ਟਰੇਨਿੰਗ ਲੈ ਕੇ ਉਹ ਆਪਣੇ ਪੈਰਾਂ ਤੇ ਆਪ ਖੜੀਆਂ ਹੋ ਸਕਣ।

ਚੇਅਰਮੈਨ ਸਾਹਿਬ, ਇਨ੍ਹਾਂ ਨੇ ਗਵਰਨਰ ਐਡਰੈਸ ਵਿੱਚ ਜ਼ਿਕਰ ਕੀਤਾ ਹੈ ਕਿ 1.5 ਕਰੋੜ ਦੇ ਇਸਤਰੀਆਂ ਨੂੰ ਕਰਜ਼ੇ ਦਿੱਤੇ ਜਾਣਗੇ। ਇਹ ਬਹੁਤ ਸ਼ਲਾਘਾਯੋਗ ਕਦਮ ਹੈ ਅਤੇ ਉਮੀਦ ਹੈ ਕਿ ਆਪਣੇ ਉਤਰ ਵਿੱਚ ਸਰਕਾਰ ਇਸ ਬਾਰੇ ਦਸੇਗੀ ਕਿ ਕਿਤਨੀ ਰਕਮ ਕਰਜ਼ੇ ਦੇ ਤੌਰ ਤੇ ਦਿਤੀ ਗਈ ਹੈ। ਅਜ ਇਲੈਕਟਰਾਨਿਕ ਇੰਡਸਟਰੀ ਵਿੱਚ ਲੜਕੀਆਂ ਕੰਮ ਕਰ ਸਕਦੀਆਂ ਹਨ, ਹੈਵੀ ਇੰਡਸਟਰੀ ਦੇ ਐਨਸਿਲਰੀ ਯੂਨਿਟਸ ਵਿੱਚ ਕੰਮ ਕਰ ਸਕਦੀਆਂ ਹਨ ਅਤੇ ਟੈਲੀਫੋਨ ਇੰਡਸਟਰੀ ਵਿੱਚ

Original with;
Punjab Vidhan Sabha
Digitized by;
Panjab Digital Library

ਤਾਂ ਪਹਿਲਾਂ ਹੀ ਕੰਮ ਕਰਦੀਆਂ ਹਨ। ਇਨ੍ਹਾਂ ਨੂੰ ਵੀ ਸੋਸ਼ਲ ਵੈਲਫੇਅਰ ਪ੍ਰੋਗਰਾਮ ਵਿੱਚ ਲਿਆਂਦਾ ਜਾਵੇ ਤਾਂਕਿ ਉਹ ਵੀ ਤਰੱਕੀ ਕਰ ਸਕਣ। **Population Control** ਕਰਨਾ ਬੜਾ ਜ਼ਰੂਰੀ ਹੈ, ਆਬਾਦੀ ਤਰੱਕੀ ਕਰਦੀ ਹੈ ਅਤੇ ਅਗਰ ਆਬਾਦੀ ਵੱਧਦੀ ਗਈ ਤਾਂ ਜਿੰਨੀ ਵੀ ਤਰੱਕੀ ਕਰਾਂਗੇ ਉਹ ਦਿਖਾਈ ਨਹੀਂ ਦੇਵੇਗੀ।

ਜਿਹੜਾ ਵਿਧਵਾ ਅਤੇ ਬੇਸਹਾਰਾ ਇਸਤਰੀਆਂ ਨੂੰ 50 ਰੁਪਏ ਪ੍ਰਤੀ ਮਾਂਹ ਆਰਥਿਕ ਸਹਾਇਤਾ ਦੇਣ ਦਾ ਜ਼ਿਕਰ ਹੈ, ਉਸ ਦੇ ਬਾਰੇ ਮੈਂ ਪੁੱਛਣਾ ਚਾਹਵਾਂਗੀ ਕਿ ਕਿੰਨੇ ਬੈਨੀਫਿਸ਼ਿਅਰੀ ਹਾਲੇ ਤੱਕ ਇਸ ਦੇ ਅਧੀਨ ਆ ਚੁੱਕੇ ਹਨ ਅਤੇ ਕਿੰਨਿਆਂ ਨੂੰ ਹੋਰ ਇਸ ਸਕੀਮ ਤੋਂ ਫਾਇਦਾ ਦਿੱਤਾ ਜਾ ਸਕਦਾ ਹੈ।

ਪਿਛਲੇ ਸਾਲਾਂ ਵਿਚ ਜੋ ਹਾਲਾਤ ਪੰਜਾਬ ਵਿਚ ਰਹੇ ਹਨ, ਉਨ੍ਹਾਂ ਨਾਲ ਟਰੇਡ ਔਰ ਇੰਡਸ-ਟਰੀ ਨੂੰ ਬਹੁਤ ਧੱਕਾ ਲਗਾ ਹੈ। ਖਾਸ ਕਰ ਟਰੇਡਿੰਗ ਨੂੰ ਬਹੁਤ ਨੁਕਸਾਨ ਹੋਇਆ ਹੈ। ਮੇਰੀ ਪਾਰਟੀ ਦੇ ਬਹੁਤ ਸਾਰੇ ਮੈਂਬਰ ਟਰੇਡਿੰਗ ਤੇ ਬੋਲਦੇ ਹੋਏ ਇਸ ਵਲ ਸਰਕਾਰ ਦਾ ਧਿਆਨ ਦਿਵਾਉਣਗੇ।

ਚੇਅਰਮੈਨ ਸਾਹਿਬ, ਇਹ ਹੈਲਥ ਜਿਹੜੀ ਹੈ, ਇਹ ਇਕ ਬੜਾ ਇੰਪਾਰਟੈਂਟ ਪ੍ਰੋਗਰਾਮ ਹੈ।

ਡਰਿੰਕਿੰਗ ਵਾਟਰ ਸਪਲਾਈ ਸਕੀਮ ਜਿਹੜੀ ਹੈ, ਇਹ ਪਿੰਡਾਂ ਵਿਚ ਹੋਣੀ ਲਾਜ਼ਮੀ ਹੈ। ਇਹ ਲਗਜ਼ਰੀ ਨਹੀਂ ਹੈ ਬਲਕਿ ਨਸੈਸਿਟੀ ਹੈ। ਇਸ ਸਬੰਧ ਵਿਚ ਮੈਂ ਇਹ ਦੱਸਣਾ ਚਾਹੁੰਦੀ ਹਾਂ ਕਿ ਨਹਿਰਾਂ ਦਾ ਜਿਹੜਾ ਪਾਣੀ ਵਾਟਰ ਵਰਕਸ ਨੂੰ ਜਾਂਦਾ ਹੈ, ਉਹ ਓਪਨ ਖਾਲਿਆਂ ਰਾਹੀਂ ਜਾਂਦਾ ਹੈ। ਇਹ ਠੀਕ ਨਹੀਂ ਹੈ। ਕਈ ਲੋਕ ਇਸ ਪਾਣੀ ਵਿਚ ਕਪੜੇ ਧੋਂਦੇ ਹਨ। ਇਹ ਖਾਲੇ ਓਪਨ ਹੋਣ ਨਾਲ ਕਈ ਬਿਮਾਰੀਆਂ ਫੈਲ ਜਾਣ ਦਾ ਡਰ ਹੁੰਦਾ ਹੈ। ਮੇਰੇ ਵੇਖਣ ਵਿਚ ਆਇਆ ਹੈ ਕਿ ਇਕ ਵਾਰ ਇਸੇ ਕਰਕੇ ਟਾਇਫਾਇਡ ਫੈਲ ਗਿਆ ਸੀ। ਸੋ, ਇਹ ਨਾਲੀਆਂ ਕਵਰਡ ਹੋਣੀਆਂ ਚਾਹੀਦੀਆਂ ਹਨ। ਜਿਥੇ ਜਿਥੇ ਲੋੜ ਹੋਵੇ ਉਥੇ ਉਥੇ ਵਾਟਰ ਟੈਂਕਾਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਸਾਨੂੰ ਪਤਾ ਹੈ ਕਿ ਪਾਣੀ ਦੀ ਕਿੰਨੀ ਮੁਸ਼ਕਲ ਹੈ। ਖੈਰ, ਹੁਣ ਤਾਂ ਹਾਲਾਤ ਬਹੁਤ ਸੁਧਰ ਗਏ ਹਨ, ਪਿੰਡਾਂ ਵਿਚ ਸੜਕਾਂ ਬਣ ਗਈਆਂ ਹਨ ਅਤੇ ਪਾਣੀ ਵੀ ਮਿਲ ਰਿਹਾ ਹੈ। ਪਰ, ਫਿਰ ਵੀ ਪਾਣੀ ਦੇ ਇੰਤਜ਼ਾਮ ਵਿਚ ਹੋਰ ਸੁਧਾਰ ਕਰਨ ਦੀ ਲੋੜ ਹੈ। ਮੈਂ ਹੈਲਥ ਦੇ ਬਾਰੇ ਗੱਲ ਕਰ ਰਹੀ ਸੀ। ਸਾਡਾ ਪੰਜਾਬ ਕਿਸੇ ਜ਼ਮਾਨੇ ਵਿਚ ਬੜਾ ਅੱਗੇ ਸੀ ਬਾਕੀ ਸਟੇਟਾਂ ਨਾਲੋਂ ਪਰ ਹੁਣ ਕੇਰਲਾ, ਆਂਧਰਾ ਪ੍ਰਦੇਸ਼ ਅਤੇ ਮਦਰਾਸ ਵਗੈਰਾ, ਸਾਡੇ ਨਾਲੋਂ ਕਿਤੇ ਅੱਗੇ ਨਿਕਲ ਗਏ ਹਨ ਪੰਜਾਬ ਵਿਚ ਇਨਫੈਂਟ ਮਾਰਟੈਲਿਟੀ ਕੇਰਲਾ ਤੋਂ ਪੰਜਾਬ ਨਾਲੋਂ ਡੇਢ ਗੁਣਾ ਜ਼ਿਆਦਾ ਹੈ। ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਸ਼ਰਾਬ ਪੀਣ ਦੇ ਮਾਮਲੇ ਵਿਚ ਪੰਜਾਬ ਹਿੰਦੁਸਤਾਨ ਦੇ ਹੀ ਨਹੀਂ ਸਗੋਂ ਦੁਨੀਆਂ ਦੇ ਕਈ ਹਿੱਸਿਆਂ ਨਾਲੋਂ ਅੱਗੇ ਹੈ। ਲੀਡਰ ਆਫ ਦੀ ਹਾਊਸ ਨੂੰ ਪਤਾ ਹੀ ਹੈ ਕਿ ਇਸ ਤੋਂ ਕਿੰਨੀ ਆਮਦਨ ਹੁੰਦੀ ਹੈ। ਅਫਸੋਸ ਦੀ ਗੱਲ ਹੈ ਕਿ ਪੀਣ ਵਾਸਤੇ ਸ਼ਰਾਬ ਤਾਂ ਮਿਲ ਜਾਂਦੀ ਹੈ ਪਰ ਪਾਣੀ ਨਹੀਂ ਮਿਲਦਾ।

ਸਾਡੀ ਸਟੇਟ ਵਿਚ ਫੈਮਿਲੀ ਵੈਲਫੇਅਰ ਦਾ ਕੀ ਪ੍ਰੋਗਰਾਮ ਹੈ, ਇਸ ਬਾਰੇ ਵੀ ਜੇ ਚਾਨਣਾ ਪਾ ਦਿਤਾ ਜਾਵੇ ਤਾਂ ਬਹੁਤ ਅੱਛੀ ਗੱਲ ਹੋਵੇਗੀ। ਕਿਸੇ ਜ਼ਮਾਨੇ ਵਿਚ ਚਾਈਨਾ ਦੀ ਪਾਪੂਲੇਸ਼ਨ ਸਾਡੇ ਨਾਲੋਂ ਕਿਤੇ ਜ਼ਿਆਦਾ ਸੀ ਪਰ ਉਸ ਨੇ ਆਪਣੀ ਪਾਪੂਲੇਸ਼ਨ ਤੇ ਕੰਟਰੋਲ ਕਰ ਲਿਆ ਹੈ। ਉਥੇ ਇਕ ਜੋੜੇ ਵਾਸਤੇ ਇਕ ਹੀ ਬੱਚੇ ਦਾ ਨਿਸ਼ਾਨਾ ਰਖਿਆ ਗਿਆ ਹੈ। ਇਸ ਦੇ ਉਲਟ ਸਾਡੇ ਮੁਲਕ ਵਿਚ ਆਬਾਦੀ ਹਾਲੇ ਵੀ ਕਾਫੀ ਰਫਤਾਰ ਨਾਲ ਵੱਧਦੀ ਜਾ ਰਹੀ ਹੈ। ਇਸ ਬਾਰੇ ਸਾਨੂੰ ਜ਼ਰੂਰ ਵਿਚਾਰ ਕਰਨਾ ਚਾਹੀਦਾ ਹੈ। ਕਿਉਂਕਿ ਤਰੱਕੀ ਬੇਸ਼ੱਕ ਜਿੰਨੀ ਮਰਜ਼ੀ ਕਰ ਲਓ, ਜੇ

Original with;
Punjab Vidhan Sabha
Digitized by;
Panjab Digital Library

[ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ]

ਆਬਾਦੀ ਦੇ ਵਾਧੇ ਨੂੰ ਨਾ ਰੋਕਿਆ ਗਿਆ ਤਾਂ ਗਰੀਬੀ ਦੂਰ ਨਹੀਂ ਹੋ ਸਕਦੀ। ਇਸ ਵਾਸਤੇ ਇਹ ਬੜਾ ਜ਼ਰੂਰੀ ਹੈ ਕਿ ਇਸ ਵੱਲ ਧਿਆਨ ਦਿੱਤਾ ਜਾਵੇ।

ਚੇਅਰਮੈਨ ਸਾਹਿਬ, ਮੈਨੂੰ ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਸਾਡੀ ਗੈਰਹਾਜ਼ਰੀ ਵਿਚ ਜਨਤਾ ਪਾਰਟੀ ਦੇ ਕਿਸੇ ਮੈਂਬਰ ਨੇ ਸਵਰਗਵਾਸੀ ਸ੍ਰੀਮਤੀ ਇੰਦਰਾ ਗਾਂਧੀ, ਸਾਬਕਾ ਪ੍ਰਧਾਨ ਮੰਤਰੀ, ਦੀ ਸ਼ਾਨ ਦੇ ਵਿਰੁੱਧ ਬੜੇ ਭੱਦੇ ਲਫਜ਼ ਕਹੇ। ਮੇਰੀ ਪਾਰਟੀ ਇਸ ਤੇ ਸਖ਼ਤ ਇਤਰਾਜ਼ ਕਰਦੀ ਹੈ। ਉਨ੍ਹਾਂ ਲਫਜ਼ਾਂ ਨੂੰ ਡਿਲੀਟ ਕਰਨਾ ਚਾਹੀਦਾ ਹੈ। ਸ੍ਰੀਮਤੀ ਇੰਦਰਾ ਗਾਂਧੀ ਦੁਨੀਆਂ ਦੇ ਮਹਾਨ ਨੇਤਾ ਸਨ ਔਰ ਇਸ ਹਾਊਸ ਵਿਚ ਉਨ੍ਹਾਂ ਬਾਰੇ ਇਹੋ ਜਿਹੇ ਲਫਜ਼ ਕਹਿਣੇ ਬੜੀ ਭੈੜੀ ਗਲ ਹੈ। ਇਸ ਵੇਲੇ ਲੋੜ ਇਸ ਗਲ ਦੀ ਹੈ ਕਿ ਅਸੀਂ ਇਕ ਦੂਜੇ ਤੇ ਅਟੈਕ ਕਰਨ ਦੀ ਬਜਾਏ ਪੰਜਾਬ ਅਕਾਰਡ ਨੂੰ ਸਿਰੇ ਚੜ੍ਹਾਉਣ ਵਾਸਤੇ ਕੋਸ਼ਿਸ਼ਾਂ ਕਰੀਏ ਅਤੇ ਪੰਜਾਬ ਦੇ ਭਲੇ ਵਾਸਤੇ ਸੋਚੀਏ। ਇਕ ਦੂਜੇ ਉਤੇ ਅਟੈਕ ਕਰਨ ਵਾਸਤੇ ਹਾਲੇ ਸਾਡੇ ਕੋਲ ਬਹੁਤ ਟਾਈਮ ਹੈ। ਉਹ ਅਸੀਂ ਬਾਅਦ ਵਿਚ ਵੀ ਕਰ ਸਕਦੇ ਹਾਂ ਪਰ ਹਾਲ ਦੀ ਘੜੀ ਸਾਨੂੰ ਸਾਰਿਆਂ ਨੂੰ ਇਸ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਧੰਨਵਾਦ।

**ਸਰਦਾਰ ਕਿਰਪਾਲ ਸਿੰਘ ਢਿੱਲੋਂ** (ਕਪੂਰਥਲਾ): ਚੇਅਰਮੈਨ ਸਾਹਿਬ, ਆਪ ਦੀ ਬਹੁਤ ਮਿਹਰਬਾਨੀ ਹੈ ਕਿ ਆਪ ਦੀ ਨਜ਼ਰੇ ਇਨਾਇਤ ਮੇਰੇ ਤੇ ਆਈ ਹੈ ਔਰ ਆਪ ਨੇ ਮੈਨੂੰ ਬੋਲਣ ਦਾ ਮੌਕਾ ਦਿਤਾ ਹੈ। ਅਜ ਅਸੀਂ ਗਵਰਨਰ ਸਾਹਿਬ ਦੇ ਭਾਸ਼ਣ ਤੇ ਬੋਲ ਰਹੇ ਹਾਂ। ਚੇਅਰਮੈਨ ਸਾਹਿਬ, ਇਹ ਜੋ ਰਾਜਪਾਲ ਦਾ ਭਾਸ਼ਣ ਹੈ, ਇਸ ਨੂੰ ਮੁੱਖ ਤੌਰ ਤੇ ਮੈਂ 3 ਹਿੱਸਿਆਂ ਵਿਚ ਵੰਡਦਾ ਹਾਂ। ਪਹਿਲਾ ਹਿਸਾ ਉਨ੍ਹਾਂ ਹਾਲਾਤ ਨਾਲ ਤਾਲੁਕ ਰਖਦਾ ਹੈ ਜੋ ਪੰਜਾਬ ਵਿਚ ਪਿਛਲੇ 2–3 ਸਾਲਾਂ ਤੋਂ ਚਲਦੇ ਰਹੇ ਹਨ। ਚੇਅਰਮੈਨ ਸਾਹਿਬ, ਮੈਂ ਆਪ ਦਾ ਧਿਆਨ ਜੋਹਨ ਮਿਲਟਨ ਵੱਲ ਦਿਵਾਉਣਾ ਚਾਹੁੰਦਾ ਹਾਂ। ਉਸ ਨੇ 2 ਕਿਤਾਬਾਂ ਲਿਖੀਆਂ। ਇਕ, 'ਪੈਰਾਡਾਈਜ਼ ਲਾਸਟ' ਅਤੇ ਦੂਸਰੀ 'ਪੈਰਾਡਾਈਜ਼ ਰੀਗੇਨਡ'। ਇਹ ਦੋਨੋਂ ਕਿਤਾਬਾਂ ਉਸ ਦੀ ਮਾਨਸਿਕ ਦਸ਼ਾ, ਉਸਦੀ ਮਾਨਸਿਕ ਅਵਸਥਾ ਦੀਆਂ ਸੂਚਕ ਹਨ। ਉਹ 40 ਸਾਲ ਦੀ ਉਮਰ ਵਿਚ ਬਲਾਈਂਡ ਹੋ ਗਿਆ ਸੀ ਅਤੇ ਉਸ ਬਲਾਈਂਡਨੈੱਸ ਤੋਂ ਬਾਅਦ ਜੋ ਜਾਗਰਤੀ ਉਸ ਨੂੰ ਆਈ, ਉਹ ਉਸ ਵੇਲੇ ਉਸ ਵਿਚ ਨਹੀਂ ਸੀ ਜਦੋਂ ਉਸ ਦੀਆਂ ਅੱਖਾਂ ਠੀਕ ਸਨ। ਇਸੇ ਚੀਜ਼ ਨੂੰ ਉਸਨੇ ਆਪਣੀਆਂ ਇਨ੍ਹਾਂ ਕਿਤਾਬਾਂ ਵਿਚ ਦਰਸਾਇਆ ਹੈ। ਮੈਂ ਇਹ ਗਲ ਇਥੇ ਕਿਉਂ ਦੁਹਰਾਉਣ ਦੀ ਕੋਸ਼ਿਸ਼ ਕਰ ਰਿਹਾ ਹਾਂ? ਦੁਨੀਆਂ ਦੇ ਵਿਚ ਜੋ ਪਾਰਲੀਮੈਂਟ ਸਿਸਟਮ ਹੈ, ਉਸ ਵਿਚ ਇਹ ਗੱਲ ਸਾਫ ਹੈ ਕਿ ਲੋਕਾਂ ਦੀ ਆਵਾਜ਼ ਸੁਪਰੀਮ ਹੈ। ਲੋਕਾਂ ਦੀ ਆਵਾਜ਼ ਨਾਲ ਬਣੀ ਹੋਈ ਸਰਕਾਰ ਡੈਮੋਕਰੇਟਿਕ ਸਿਸਟਮ ਨੂੰ, ਡੈਮੋਕਰੇਸੀ ਨੂੰ ਚਲਾਉਂਦੀ ਹੈ। ਡੈਮੋਕਰੇਟਿਕ ਸਰਕਾਰ ਲੋਕਾਂ ਦੀ ਆਪਣੀ ਸਰਕਾਰ ਹੁੰਦੀ ਹੈ ਕਿਉਂਕਿ 'Government is of the peeple, by the poeple and for the people' ਇਸ ਤਰ੍ਹਾਂ ਦੀ ਸਰਕਾਰ ਨੂੰ ਕਦੇ ਵੀ ਗੱਦੀ ਤੋਂ ਉਤਾਰਨਾ ਹੋਵੇ, ਅਨਡੂ ਕਰਨਾ ਹੋਵੇ ਤਾਂ ਉਸ ਵਾਸਤੇ ਡੈਮੋਕਰੇਟਿਕ ਮਈਅਰਜ਼ ਹਨ। ਪੰਜਾਬ ਦੇ ਇਤਿਹਾਸ ਵਿਚ 4 ਅਕਤੂਬਰ, 1983 ਦਾ ਦਿਨ ਬਲੈਕ ਦਿਨ ਸੀ। ਮੇਰੇ ਆਪਣੇ ਹੀ ਨਗਰ ਢਿਲਵਾਂ ਵਿਚ ਅਨਜਾਨ, ਮਾਸੂਮ 6 ਬੰਦਿਆਂ ਨੂੰ ਬੱਸ ਵਿਚੋਂ ਉਤਾਰ ਕੇ ਸ਼ਹੀਦ ਕਰ ਦਿੱਤਾ ਗਿਆ। ਉਸ ਤੋਂ ਬਾਅਦ ਇਹ ਸਿਲਸਿਲਾ ਲਗਾਤਾਰ ਚਲਦਾ ਰਿਹਾ ਅਤੇ ਅਖੀਰ ਵਿਚ ਇਥੇ ਗਵਰਨਰੀ ਰਾਜ ਹੋ ਗਿਆ। ਲੋਕਾਂ ਦੀ ਸਰਕਾਰ ਨੂੰ ਤੋੜਨ ਵਾਸਤੇ ਗੋਲੀ ਦਾ ਸਹਾਰਾ ਲਿਆ ਗਿਆ। ਮੈਂ ਸਮਝਦਾ ਹਾਂ ਕਿ ਜੇ ਕਿਸੇ ਬੱਚੇ ਨੂੰ ਕੋਈ ਭੈੜੀ ਆਦਤ ਪੈ ਜਾਵੇ ਤਾਂ ਕਿਸੇ ਵੇਲੇ ਉਹ ਆਪਣੇ ਘਰ ਵਿਚ ਹੀ ਉਹੀ ਆਦਤ ਵਰਤ ਸਕਦਾ ਹੈ। ਮੈਂ ਇਸ

Original with;
Punjab Vidhan Sabha
Digitized by;
Panjab Digital Library

ਖਤਰੇ ਨੂੰ ਪਰਗਟ ਕਰਦਾ ਹਾਂ ਕਿ ਪੰਜਾਬ ਵਿਚ ਜਿਹੜਾ ਟਰੈਂਡ ਪਹਿਲਾਂ ਚਲ ਰਿਹਾ ਸੀ, ਕਿਤੇ ਉਹ ਦੁਬਾਰਾ ਸ਼ੁਰੂ ਨਾ ਹੋ ਜਾਵੇ ਮੈਂ ਸਮਝਦਾ ਹਾਂ ਕਿ 29 ਸਤੰਬਰ ਦਾ ਦਿਨ ਸਾਡੇ ਵਾਸਤੇ ਬੜਾ ਮੁਬਾਰਕ ਦਿਨ ਆਇਆ ਹੈ ਜਿਸ ਕਰਕੇ ਅਸੀਂ ਇਥੇ ਸਾਰੇ ਰਲ ਕੇ ਬੈਠੇ ਹਾਂ। ਇਹ ਦਿਨ ਬਹੁਤ ਭਿਆਨਕ ਹਾਲਾਤ ਤੋਂ ਬਾਅਦ ਆਇਆ ਹੈ। ਇਸ ਚੀਜ਼ ਵਾਸਤੇ ਮੈਂ ਪੰਜਾਬ ਦੇ ਰਾਜਪਾਲ ਨੂੰ ਵੀ ਕਰੈਡਿਟ ਦਿੰਦਾ ਹਾਂ ਜਿਨ੍ਹਾਂ ਦੇ ਪ੍ਰੇਮ ਅਤੇ ਐਫਰਟਸ ਕਰਕੇ ਪੰਜਾਬ ਵਿਚ ਡੈਮੋਕਰੇਟਿਕ ਰਾਜ ਸਥਾਪਤ ਹੋਇਆ ਹੈ। ਇਸ ਕੰਮ ਵਾਸਤੇ ਨਿਰਸੰਦੇਹ ਬਹੁਤ ਸਾਰਾ ਹਿੱਸਾ ਲੌਂਗੋਵਾਲ ਜੀ ਨੇ ਵੀ ਪਾਇਆ। ਅਜ ਉਹ ਸਾਡੇ ਵਿਚ ਹਾਜ਼ਰ ਨਹੀਂ ਹਨ। ਉਨ੍ਹਾਂ ਨੇ ਆਪਣੇ ਆਪ ਨੂੰ ਪੰਜਾਬ ਦਾ ਮਹਾਤਮਾ ਗਾਂਧੀ ਸਾਬਤ ਕਰ ਦਿਤਾ। ਉਨ੍ਹਾਂ ਨੇ ਹਾਲਾਤ ਨੂੰ ਠੀਕ ਕਰਨ ਵਾਸਤੇ ਕਿਸੇ ਵੀ ਚੀਜ਼ ਦੀ ਪਰਵਾਹ ਨਹੀਂ ਕੀਤੀ ਅਤੇ ਆਪਣੀ ਜਾਨ ਕੁਰਬਾਨ ਕਰ ਦਿੱਤੀ। ਉਨ੍ਹਾਂ ਨੇ ਰਾਜੀਵ ਗਾਂਧੀ ਜੀ ਨਾਲ ਮਿਲ ਕੇ ਪੰਜਾਬ ਦਾ ਮਸਲਾ ਹੱਲ ਕੀਤਾ ਅਤੇ ਮੁਸ਼ਕਲ ਹਾਲਾਤ ਦੇ ਵਿਚ ਦ੍ਰਿੜਤਾ ਦਾ ਪ੍ਰਗਟਾਵਾ ਕੀਤਾ। ਉਹ ਇਕ ਐਸੇ ਰਸਤੇ ਵਿਚੋਂ ਲੰਘੇ ਜਿਸ ਵਿਚ ਆਦਮੀ ਵਾਸਤੇ ਰੀਟਰੀਟ ਕਰਨਾ ਸੰਭਵ ਨਾ ਹੋਵੇ। ਉਨ੍ਹਾਂ ਨੇ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਜਿਨ੍ਹਾਂ ਵਿਚ ਮੌਜੂਦਾ ਮੁੱਖ ਮੰਤਰੀ ਅਤੇ ਮੌਜੂਦਾ ਵਿੱਤ ਮੰਤਰੀ ਵੀ ਸ਼ਾਮਲ ਹਨ, ਇਕ ਬੜੇ ਪੇਚੀਦਾ ਮਸਲੇ ਦਾ ਹੱਲ ਕੀਤਾ। ਮੈਂ ਸੰਤ ਲੌਂਗੋਵਾਲ ਜੀ ਅਤੇ ਇਨ੍ਹਾਂ ਸੱਜਣਾ ਨੂੰ ਬਹੁਤ ਮੁਬਾਰਕਬਾਦ ਦਿੰਦਾ ਹਾਂ।

ਸੰਤ ਜੀ ਨੇ ਐਨਾ ਵੱਡਾ ਕੰਮ ਕੀਤਾ ਹੈ ਮੈਂ ਅਰਦਾਸ ਕਰਦਾ ਹਾਂ ਕਿ ਪ੍ਰਮਾਤਮਾ ਦੇ ਚਰਨਾ ਵਿਚ ਉਨ੍ਹਾਂ ਦੀ ਆਤਮਾਂ ਦਾ ਨਿਵਾਸ ਰਹੇ। ਇਨ੍ਹਾਂ ਸ਼ਬਦਾਂ ਨਾਲ ਮੈਂ ਬਰਨਾਲਾ ਸਾਹਿਬ ਜੋ ਅੱਜ ਦੇ ਮੁੱਖ ਮੰਤਰੀ ਜੀ ਹਨ ਇਨ੍ਹਾਂ ਦੇ ਰੋਲ ਬਾਰੇ ਹਾਊਸ ਦਾ ਧਿਆਨ ਦਿਲਾਉਣਾ ਚਾਹੁੰਦਾ ਹਾਂ। ਇਨ੍ਹਾਂ ਦਾ ਰਸਤਾ ਬਹੁਤ ਹੀ ਤਲਵਾਰ ਦੀ ਧਾਰ ਤੇ ਚਲਣ ਵਾਲਾ ਹੈ ਔਰ ਇਹ ਰਸਤਾ ਬਿਲਕੁਲ ਜ਼ਾਹਰ ਹੈ। ਸਾਡੀ ਪਾਰਟੀ ਵਲੋਂ ਅੱਗੇ ਵੀ ਵਿਸ਼ਵਾਸ ਦਿਲਾਇਆ ਗਿਆ ਹੈ ਅਤੇ ਮੈਂ ਹੁਣ ਫਿਰ ਅਰਜ਼ ਕਰਦਾ ਹਾਂ ਕਿ ਇਨ੍ਹਾਂ ਨੂੰ ਜੋ ਵੀ ਦੁਸ਼ਵਾਰੀਆਂ ਪੇਸ਼ ਆਉਣਗੀਆਂ ਉਸ ਲਈ ਸਾਡੀ ਪਾਰਟੀ ਵਲੋਂ ਇਨ੍ਹਾਂ ਨੂੰ ਪੂਰੀ ਕੋਆਪ੍ਰੇਸ਼ਨ ਦਿੱਤੀ ਜਾਏਗੀ ਔਰ ਕੋਆਰਡੀਨੇਸ਼ਨ ਰਖੀ ਜਾਏਗੀ। ਇਥੇ ਪੀਸ ਜ਼ਰੂਰੀ ਚਾਹੀਦਾ ਹੈ। ਅਸੀਂ ਸ਼ੁਰੂ ਵਿਚ ਦੱਸਿਆ ਸੀ ਕਿ ਇਸ ਭਾਸ਼ਣ ਦੇ ਤਿੰਨ ਹਿੱਸੇ ਹਨ। ਇਸ ਦਾ ਵਿਚਕਾਰਲਾ ਹਿੱਸਾ ਡਿਵੈਲਪਮੈਂਟ ਦਾ ਹੈ। ਪਹਿਲਾ ਹਿੱਸਾ ਹਿਸਟਰੀ ਔਰ ਟਾਈਮ ਦਾ ਯੁਗ ਹੈ ਜਿਸ ਵਿਚ ਅਸੀਂ ਸਾਰੇ ਸਮੱਰਥਨ ਕਰਦੇ ਹਾਂ। ਆਖ਼ਰੀ ਪੈਰਾ ਰਾਜਪਾਲ ਜੀ ਦੇ ਭਾਸ਼ਣ ਦਾ ਕਾਨੂੰਨੀ ਅਵਸਥਾ, ਭਾਈਚਾਰਾ, ਰਾਸ਼ਟਰੀ ਏਕਤਾ ਔਰ ਉਨਤੀ ਅਤੇ ਵਿਕਾਸ ਬਾਰੇ ਹੈ। ਇਸ ਲਈ ਅਸੀਂ ਪਾਬੰਦ ਰਹਾਂਗੇ। ਇਸ ਲਈ ਸਾਡੀ ਕੋਆਪ੍ਰੇਸ਼ਨ ਔਰ ਕੋਆਰਡੀਨੇਸ਼ਨ ਹਮੇਸ਼ਾ ਰਹੇਗੀ।

ਚੇਅਰਮੈਨ ਸਾਹਿਬ, ਮੈਂ ਸਮਝਦਾ ਹਾਂ ਕਿ ਪ੍ਰਾਈਮ ਮਨਿਸਟਰ ਸਾਹਿਬ ਸ੍ਰੀ ਰਾਜੀਵ ਗਾਂਧੀ ਦਾ ਰੋਲ ਉਨ੍ਹਾਂ ਦੇ ਨਾਮ ਮੁਤਾਬਿਕ ਹੈ। ਜਿਵੇਂ ਕਿ ਉਨ੍ਹਾਂ ਦੇ ਨਾਮ ਨੂੰ ਪੰਜ ਸਿਲੈਬਲ ਲਗਦੇ ਹਨ ਰਾਜੀਵ। 'ਆਰ' ਦਾ ਮਤਲਬ ਹੈ ਰਾਈਟ। 'ਏ' ਦਾ ਮਤਲਬ ਹੈ ਐਕਸ਼ਨ। 'ਜੇ' ਦਾ ਮਤਲਬ ਹੈ ਜੰਕਚਰ। 'ਆਈ' ਦਾ ਮਤਲਬ ਹੈ ਇੰਡੀਅਨ ਔਰ 'ਵੀ' ਦਾ ਮਤਲਬ ਹੈ ਵੈਟਰਨ। ਜਿਸ ਤਰ੍ਹਾਂ ਦਾ ਇਨ੍ਹਾਂ ਦਾ ਨਾਮ ਹੈ ਉਸੇ ਤਰ੍ਹਾਂ ਹੀ ਇਨ੍ਹਾਂ ਦੇ ਕੰਮ ਹਨ। ਹਿੰਦੁਸਤਾਨੀ ਸਪਿਰਟ ਵਿਚ ਸੋਚ ਕੇ ਜੋ ਉਸ ਲਈ ਸਹੀ ਕੰਮ ਹੈ ਉਸ ਨੂੰ ਇਹ ਹੱਥੋਂ ਨਹੀਂ ਜਾਣ ਦਿੰਦੇ। ਇਹੀ ਚੀਜ਼ ਇਨ੍ਹਾਂ ਦੇ ਨਾਮ ਵਿਚ ਲੁਕੀ ਹੋਈ ਹੈ। ਇਹੀ ਗਲ ਇਨ੍ਹਾਂ ਨੇ ਪੰਜਾਬ ਦੇ ਮਸਲੇ ਵਿਚ ਕਰਕੇ ਦਿਖਾਈ ਹੈ। ਹੁਣ ਤਕ ਜੋ ਵੀ ਇਨ੍ਹਾਂ ਨੇ ਕੀਤਾ ਹੈ ਉਸ ਤੋਂ ਉਨ੍ਹਾਂ ਦੀ ਕਰਨੀ ਔਰ ਕਥਨੀ ਸਿੱਧ ਹੁੰਦੀ ਹੈ। ਮੇਰੇ ਦੋਸਤ ਭੂੰਦੜ ਸਾਹਿਬ ਨੇ ਇਥੇ ਬੋਲਦਿਆਂ ਕਿਹਾ ਸੀ ਕਿ ਜੇਕਰ ਸੈਂਟਰ ਵਾਲੇ ਇਸ ਗਲ ਤੇ ਸਿਨਸੀਅਰ ਰਹਿਣਗੇ ਜੋ ਅਕਾਰਡ ਸੰਤ ਜੀ ਔਰ ਪ੍ਰਾਈਮ ਮਨਿਸਟਰ ਦੇ ਦਰਮਿਆਨ

Original with;
Punjab Vidhan Sabha
Digitized by;
Panjab Digital Library

[ਸਰਦਾਰ ਕਿਰਪਾਲ ਸਿੰਘ ਢਿੱਲੋਂ]

ਹੋਇਆ ਹੈ ਤਾਂ ਫਿਰ ਇਥੇ ਪੰਜਾਬ ਦਾ ਮਸਲਾ ਹੱਲ ਹੋਵੇਗਾ। ਮੈਂ ਸਮਝਦਾ ਹਾਂ ਕਿ ਇਹ ਗੱਲ ਦੋਵੇਂ ਬੰਨੇ ਠੀਕ ਰਹਿਣੀ ਚਾਹੀਦੀ ਹੈ। ਪ੍ਰਾਈਮ ਮਨਿਸਟਰ ਸਾਹਿਬ ਨੇ ਜੋ ਕੁਝ ਹੁਣ ਤਕ ਕਿਹਾ ਹੈ, ਉਹ ਕੀਤਾ ਹੈ ਅਤੇ ਉਨ੍ਹਾਂ ਦੇ ਇਰਾਦੇ ਪ੍ਰਤੀ ਕੋਈ ਸ਼ੰਕਾ ਜ਼ਾਹਿਰ ਨਹੀਂ ਕੀਤੀ ਜਾ ਸਕਦੀ। ਇਸ ਲਈ ਇਨ੍ਹਾਂ ਨੂੰ ਮੈਂ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਇਸ ਅਕਾਰਡ ਪ੍ਰਤੀ ਦੋਹਾਂ ਧਿਰਾਂ ਤੋਂ ਨੇਕ ਨੀਤੀ ਨਾਲ ਚਲ ਕੇ ਅਗਾਂਹ ਵੱਧਣਾ ਚਾਹੀਦਾ ਹੈ।

ਚੇਅਰਮੈਨ ਸਾਹਿਬ, ਹੁਣ ਮੈਂ ਰਾਜਪਾਲ ਜੀ ਦੇ ਭਾਸ਼ਣ ਦੇ ਦੂਸਰੇ ਹਿੱਸੇ ਵਲ ਆਉਂਦਾ ਹਾਂ ਜੋ ਕਿ ਸਾਡੇ ਸਾਹਮਣੇ ਹੈ। ਇਸ ਮੁਲਕ ਵਿਚ ਬਹੁਤ ਭਿੰਨ ਭਿੰਨ ਚੀਜ਼ਾਂ ਹਨ, ਭਿੰਨ ਭਿੰਨ ਇਥੇ ਕਲਚਰ ਹੈ, ਭਿੰਨ ਭਿੰਨ ਇਥੇ ਧਰਮ ਹਨ, ਰਸਮੋਂ ਰਿਵਾਜ, ਖਾਣਾ ਪੀਣਾ ਅੱਡੋ ਅੱਡ ਹੈ। ਪ੍ਰਦੇਸ਼ ਵਿਚ ਭਿੰਨ ਭਿੰਨ ਚੀਜ਼ਾਂ ਹਨ। ਇਸ ਮੁਲਕ ਦਾ ਕੰਮ ਤਾਂ ਹੀ ਸਿਰੇ ਚਾੜ੍ਹਿਆ ਜਾ ਸਕਦਾ ਹੈ ਜੇਕਰ ਇਥੇ ਭਿੰਨਤਾ ਵਿਚ ਅਭਿੰਨਤਾ ਪੈਦਾ ਕੀਤੀ ਜਾ ਸਕੇ। ਯੂਨਿਟੀ ਇਨ ਡਾਈਵਰਸਿਟੀ। ਭਿੰਨਤਾ ਨੂੰ ਅਭਿੰਨਤਾ ਨਾਲ ਚਲਾਉਣ ਦਾ ਕੰਮ ਸਾਹਮਣੇ ਰਖਿਆ ਜਾਏ ਅਤੇ ਉਸ ਹਿਸਾਬ ਨਾਲ ਕੰਮ ਕੀਤਾ ਜਾਏ ਤਾਂ ਠੀਕ ਰਹੇਗਾ।

ਸਾਡੇ ਇਹ ਜੋ ਰਾਜਪਾਲ ਜੀ ਦਾ ਭਾਸ਼ਣ ਹੈ ਇਸ ਵਿਚ ਕੁਝ ਤਰੁੱਟੀਆਂ ਵੀ ਹਨ। ਇਹ ਤਰੁੱਟੀਆਂ ਡਿਵੈਲਪਮੈਂਟ ਦੇ ਕੰਮ ਨੂੰ ਵਰਨਣ ਕਰਨ ਵਿਚ ਹੋਈਆਂ ਹਨ। 20–ਨੁਕਾਤੀ ਪ੍ਰੋਗਰਾਮ ਜੋ ਕਿ ਸ੍ਰੀਮਤੀ ਇੰਦਰਾ ਗਾਂਧੀ ਜੀ ਨੇ ਚਲਾਇਆ ਸੀ, ਉਸ ਅਧੀਨ ਪਛੜੀਆਂ ਸ਼੍ਰੇਣੀਆਂ ਨੂੰ ਹਰੀਜਨਾਂ ਨੂੰ ਖਾਸ ਤੌਰ ਤੇ ਪੀਣ ਲਈ ਪਾਣੀ ਮੁਹੱਈਆਂ ਕਰਨ ਬਾਰੇ ਉਨ੍ਹਾਂ ਦੀ ਡਿਵੈਲਪਮੈਂਟ ਕਿਸ ਪ੍ਰਕਾਰ ਹੋਣੀ ਹੈ ਉਸ ਬਾਰੇ ਇਸ ਭਾਸ਼ਣ ਵਿਚ ਕੋਈ ਜ਼ਿਕਰ ਨਹੀਂ ਹੈ।

ਮੁੱਖ ਮੰਤਰੀ ਜੀ ਦੀ ਨੇਕ ਨੀਤੀ ਤੇ ਕਿਸੇ ਨੂੰ ਕੋਈ ਸ਼ਕ ਨਹੀਂ ਹੈ। ਇਨ੍ਹਾਂ ਦੀ ਮਨਿਸਟਰੀ ਨੇ ਸਹੁੰ ਚੁੱਕੀ 29 ਸਤੰਬਰ ਨੂੰ ਪਰ ਇਹ ਇਜਲਾਸ ਬੁਲਾਇਆ ਗਿਆ 14 ਅਕਤੂਬਰ ਨੂੰ। ਮਤਲਬ ਸੁਸਤ ਰਫਤਾਰੀ ਨਾਲ ਕੰਮ ਕੀਤਾ ਗਿਆ। ਇਨ੍ਹਾਂ ਨੂੰ ਤੇਜ਼ ਰਫਤਾਰ ਨਾਲ ਕੰਮ ਕਰਨਾ ਚਾਹੀਦਾ ਹੈ। ਪੰਜਾਬ ਦਾ ਮਸਲਾ ਐਨਾ ਗਹਿਰਾ ਹੋ ਚੁੱਕਾ ਹੈ ਕਿ ਸੁਸਤ ਰਫਤਾਰ ਨਾਲ ਕੰਮ ਕੀਤਾ ਠੀਕ ਨਹੀਂ ਰਹੇਗਾ।

ਇਸੇ ਤਰ੍ਹਾਂ ਹੀ ਐਕਸ ਆਰਮੀ ਸੋਲਜਰਜ਼ ਬਾਰੇ ਫਰੀਕੁਐਂਟਲੀ ਰੈਫਰੈਂਸ ਆਇਆ ਹੈ ਰਾਜਪਾਲ ਜੀ ਦੇ ਭਾਸ਼ਣ ਵਿਚ ਪਰ ਇਨ੍ਹਾਂ ਦੀ ਐਡਜਸਟਮੈਂਟ ਬਾਰੇ ਇਹ ਚੁੱਪ ਹੈ।

ਮੈਂ ਸਮਝਦਾ ਹਾਂ ਕਿ ਅੱਤਵਾਦ ਔਰ ਅੱਡਵਾਦ ਬਾਰੇ ਇਥੇ ਸਾਰੇ ਸੈਂਸੇਟਿਵ ਹਨ। ਸਾਰੇ ਪੰਜਾਬ ਦਾ ਹਿੰਦੂ ਸਿੱਖਾਂ ਤੋਂ ਸਹਿਮਿਆ ਹੋਇਆ ਹੈ ਔਰ ਸਾਰੇ ਹਿੰਦੁਸਤਾਨ ਦਾ ਸਿੱਖ ਸਿਵਾਏ ਪੰਜਾਬ ਦੇ, ਹਿੰਦੂ ਤੋਂ ਸਹਿਮਿਆ ਹੋਇਆ ਹੈ। ਇਸ ਨੂੰ ਸਟ੍ਰਿਕਟਲੀ ਤੌਰ ਤੇ ਔਰ ਫਰਮ ਹੱਥਾਂ ਨਾਲ ਕਿਵੇਂ ਰੋਕਣਾ ਹੈ, ਇਸ ਬਾਰੇ ਰਾਜਪਾਲ ਜੀ ਦਾ ਭਾਸ਼ਣ ਮੁਕੰਮਲ ਤੌਰ ਤੇ ਸਾਈਲੈਂਟ ਹੈ। ਇਹ ਚੀਜ਼ ਨੂੰ ਕਿਵੇਂ ਰੋਕਣਾ ਹੈ, ਇਸ ਲਈ ਇਸ ਭਾਸ਼ਣ ਵਿਚ ਜ਼ਿਕਰ ਹੋਣਾ ਚਾਹੀਦਾ ਸੀ। ਇਸ ਲਈ ਕੀ ਮਯਰਜ਼ ਲੈਣੇ ਹਨ, ਕੀ ਮੈਥਡਜ਼ ਵਰਤਣੇ ਹਨ ਕੁਝ ਵੀ ਸੁਜੈਸਟ ਨਹੀਂ ਕੀਤਾ ਗਿਆ ਹੈ। ਫਾਰ ਅਡਾਪਸ਼ਨ ਆਫ ਇਮੋਸ਼ਨਲ ਇੰਟੈਗਰੇਸ਼ਨ, ਫਾਰ ਅਡਾਪਸ਼ਨ ਆਫ ਸੋਸ਼ਲ ਇੰਟੇਗਰੇਸ਼ਨ, ਫਾਰ ਅਡਾਪਸ਼ਨ ਆਫ ਨੈਸ਼ਨਲ ਇੰਟੈਗਰੇਸ਼ਨ ਐਂਡ ਐਜੂਕੇਸ਼ਨਲ ਇੰਟੇਗਰੇਸ਼ਨ, ਇਸ ਬਾਰੇ ਇਸ ਭਾਸ਼ਣ ਵਿਚ ਨਹੀਂ ਦਸਿਆ ਗਿਆ ਹੈ। ਇਸ ਵੇਲੇ ਪੰਜਾਬ ਵਿਚ ਕਈ ਨਿਰੇ ਸਿੱਖਾਂ ਦੇ ਸਕੂਲ ਹਨ ਔਰ ਕਈ ਨਿਰੇ ਹਿੰਦੂਆਂ ਦੇ ਸਕੂਲ ਹਨ। ਜਦੋਂ ਉਹ ਬੱਚੇ ਵੱਡੇ ਹੋਣਗੇ ਤਾਂ ਉਨ੍ਹਾਂ ਵਿਚ ਵਖਰਾਪਨ ਆਏਗਾ, ਉਨ੍ਹਾਂ ਦਾ ਸੋਚਣ ਦਾ ਢੰਗ ਵਖਰਾ ਵਖਰਾ ਹੋਏਗਾ। ਫਿਰ ਉਨ੍ਹਾਂ ਨੂੰ ਸੋਸ਼ਲ ਇੰਟੈਗਰੇਸ਼ਨ ਲਈ ਪਰਸੂ ਕਰਨਾ ਮੁਸ਼ਕਿਲ ਹੋ ਜਾਏਗਾ। ਇਥੇ ਐਜੂਕੇਸ਼ਨਲ ਇੰਟੈਗਰੇਸ਼ਨ ਕਰਨੀ ਬਹੁਤ

Original with;
Punjab Vidhan Sabha
Digitized by;
Panjab Digital Library

ਜ਼ਰੂਰੀ ਸੀ। ਇਹ ਰਾਜਪਾਲ ਜੀ ਦੇ ਭਾਸ਼ਣ ਦਾ ਇੱਕ ਹਿੱਸਾ ਹੋਣਾ ਚਾਹੀਦਾ ਸੀ। ਪੰਜਾਬ ਦੀ ਇੰਟੈਗਰੇਸ਼ਨ ਸਾਰੇ ਭਾਰਤ ਦੀ ਇੰਟੈਗਰਿਟੀ, ਇਸ ਗਲ ਤੇ ਡਿਪੈਂਡ ਕਰਦੀ ਹੈ ਕਿ ਸਾਡੀ ਆਉਣ ਵਾਲੀ ਸੰਤਾਨ ਕਿਸ ਕਿਸਮ ਦੀ ਹੈ। ਹਰ ਵਰਗ ਇਸ ਦੇਸ਼ ਦਾ ਅਟੁੱਟ ਅੰਗ ਹੈ ਔਰ ਉਨ੍ਹਾਂ ਵਿਚ ਕੋਈ ਭਾਈਚਾਰਕ ਤੌਰ ਤੇ ਅੰਤਰ ਨਹੀਂ ਹੋਣਾ ਚਾਹੀਦਾ ਹੈ।

ਚੇਅਰਮੈਨ ਸਾਹਿਬ, ਇਸ ਦੇ ਨਾਲ ਹੀ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਜਿਸ ਢੰਗ ਨਾਲ ਇਲੈਕਸ਼ਨ ਹੋਏ ਹਨ ਉਸ ਦਾ ਜ਼ਿਕਰ, ਮੈਨਸ਼ਨ ਇਸ ਰਾਜਪਾਲ ਦੇ ਭਾਸ਼ਣ ਵਿਚ ਨਹੀਂ ਕੀਤਾ ਗਿਆ। ਕਲੀਨ ਐਡਮਨਿਸਟਰੇਸ਼ਨ ਕਿਸ ਤਰ੍ਹਾਂ ਲਿਆਉਣੀ ਹੈ, ਭ੍ਰਿਸ਼ਟਾਚਾਰ ਨੂੰ ਰੋਕਣ ਲਈ ਕੀ ਮਯੀਅਰਜ਼ ਅਡਾਪਟ ਕਰਨਗੇ, ਇਸ ਬਾਰੇ ਇਹ ਰਾਜਪਾਲ ਦਾ ਭਾਸ਼ਣ ਸਾਈਲੈਂਟ ਹੈ।

ਚੇਅਰਮੈਨ ਸਾਹਿਬ, ਇਸ ਤੋਂ ਅੱਗੇ ਮੈਂ ਇਹ ਦੱਸਣਾ ਚਾਹੁੰਦਾ ਹਾਂ :

The question is how to keep democracy alive in .... Punjab permanently, and never to have a challenge which may upset the democracy or make it topsy turly, how to keep India united in one unit and at the same time how to keep a permanent harmony between the Hindus and the Sikhs in Punjab particularly and in general in whole of the country and at the same time how to stop once for all, all those innocent killings which are still going on in Punjab and which have still not stopped and tackled in any way.

ਰਾਜਪਾਲ ਦੇ ਭਾਸ਼ਣ ਬਾਰੇ ਮੈਂ ਇਕ ਚੀਜ਼ ਬਰਨਾਲਾ ਸਾਹਿਬ ਨੂੰ ਸਪੈਸੀਫੀਕਲੀ ਕਹਿਣਾ ਚਾਹੁੰਦਾ ਹਾਂ ਕਿ ਉਹ ਅੱਜ ਚੀਫ ਮਨਿਸਟਰ ਹਨ, ਉਹ ਪੁਰਾਣੇ ਐਮ. ਐਲ. ਏ. ਅਤੇ ਵਜ਼ੀਰ ਵੀ ਰਹਿ ਚੁੱਕੇ ਹਨ ਉਨ੍ਹਾਂ ਨੂੰ ਗਵਰਨਰ ਦੇ ਭਾਸ਼ਣ ਵੱਲ ਪੂਰਨ ਤੌਰ ਤੇ ਧਿਆਨ ਦੇਣਾ ਚਾਹੀਦਾ ਸੀ।

ਇਸ ਤੋਂ ਅੱਗੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੈਂ ਇਸ ਤੋਂ ਪਹਿਲਾਂ ਵੀ ਐਮ. ਐਲ. ਏ. ਰਿਹਾ ਹਾਂ ਉਸ ਵੇਲੇ ਅਸੀਂ ਇਤਨੀ ਸਿਕਿਓਰਿਟੀ ਨਹੀਂ ਸੀ ਵੇਖੀ। ਇਥੇ ਬਾਹਰ ਵੀ ਬੜੀ ਸਿਕਿਓਰਿਟੀ ਹੈ, ਐਮ. ਐਲ. ਏ. ਹੋਸਟਲ ਵਿਚ ਵੀ ਬੜੀ ਸਿਕਿਓਰਿਟੀ ਹੈ, ਸੁਤਿਆਂ ਨੂੰ ਵੀ ਸਿਕਿਓਰਿਟੀ ਅਤੇ ਜਾਗਦਿਆਂ ਨੂੰ ਵੀ ਸਿਕਿਓਰਿਟੀ ਹੈ। ਬੜੇ ਸੈਂਸੇਟਿਵ ਜਿਹੇ ਹਾਲਾਤ ਹੋ ਗਏ ਹਨ। ਦਫਤਰ ਵਿਚ ਵੜਨ ਵੇਲੇ ਵੀ ਸਿਕਿਓਰਿਟੀ, ਦਫਤਰ ਤੋਂ ਬਾਹਰ ਨਿਕਲਣ ਵੇਲੇ ਵੀ ਸਿਕਿਓਰਿਟੀ, ਖਾਣ ਵੇਲੇ, ਪੀਣ ਵੇਲੇ, ਵੀ ਸਕਿਓਰਿਟੀ ਯਾਨੀ ਕਿ ਹਾਲਾਤ ਬੜੇ ਸੈਂਸੇਟਿਵ ਬਣ ਗਏ ਹਨ। When we should have a feeling that there is an atmosphere prevailing in Punjab which is absolutely carefree, which is absolutely free from fear and which is free from all sorts of security measures so that the people can move freely in Punjab. ਵਿਸ਼ੇਸ਼ ਸੁਰੱਖਿਆ ਪ੍ਰਬੰਧ ਤੋਂ ਬਿਨਾ ਬੇਪਰਵਾਹੀ ਨਾਲ ਤੁਰ ਫਿਰ ਵੀ ਨਹੀਂ ਸਕਦੇ। ਹਰ ਖੇਤਰ ਵਿਚ ਐਪਰੀਹੈਂਸ਼ਨ ਜਿਹੀ ਆ ਗਈ ਹੈ।

ਹੁਣ ਮੈਂ ਲਾਅ ਐਂਡ ਆਰਡਰ ਦੇ ਬਾਰੇ ਕਹਿਣਾ ਚਾਹੁੰਦਾ ਹਾਂ। ਮੇਰੇ ਸਾਹਮਣੇ ਬਹੁਤ ਸਾਰੀ ਲੰਬੀ ਇਕ ਕਿਤਾਬ ਭਰੀ ਪਈ ਹੈ। ਉਸ ਨੂੰ ਦੇਖਣ ਤੋਂ ਪਤਾ ਲੱਗਦਾ ਹੈ ਕਿ 29 ਤਾਰੀਖ ਤੋਂ ਲੈ ਕੇ ਹੁਣ ਤੱਕ ਜੋ ਕਰਾਈਮ ਹੋ ਰਹੇ ਹਨ ਉਹ ਰੋਜ਼ ਦੇ 3 ਵਾਕਿਆਤ ਬਣਦੇ ਹਨ। ਮੈਂ ਦੋ ਤਿੰਨ ਵਾਕਿਆਤ ਦਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਕਿਰਪਾਲ ਸਿੰਘ ਢਿੱਲੋਂ]

ਜ਼ਿਕਰ ਕਰਕੇ ਫਿਰ ਇਸ ਨੂੰ ਸਕਿੱਪ ਓਵਰ ਕਰ ਜਾਵਾਂਗਾ ਕਿਉਂਕਿ ਹੋਰ ਵੀ ਬਹੁਤ ਸਾਰੇ ਮਸਲੇ ਹਨ। ਮੈਂ 12 ਅਕਤੂਬਰ ਦਾ ਅਖਬਾਰ ਰੈਫਰ ਕਰ ਰਿਹਾ ਹਾਂ। ਤਰਨ ਤਾਰਨ ਵਿਚ ਵਾਕਿਆ ਹੋਇਆ। ਫਿਰ ਦਸੂਹੇ ਦਾ ਵਾਕਿਆ ਹੋਇਆ। ਅਖਬਾਰਾਂ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਰੋਜ਼ ਦੋ ਤਿੰਨ ਵਾਕਿਆਤ ਹੋ ਰਹੇ ਹਨ। ਆਰਡੀਨਰੀ ਕਿਸਮ ਦੇ ਲੋਕਾਂ ਨੇ ਇਹ ਕਰਾਈਮ ਕੀਤੇ ਹਨ। ਇਸ ਪਾਸੇ ਧਿਆਨ ਦੇਣ ਦੀ ਲੋੜ ਹੈ। ਇਹ ਜਿਹੜੇ ਅੱਡਵਾਦੀ ਅਤੇ ਅੱਤਵਾਦੀ ਇਸ ਕਿਸਮ ਦੇ ਕੰਮ ਕਰ ਰਹੇ ਹਨ ਇਹ ਸਾਡੇ ਦੇਸ਼ ਦੀ ਯੂਨਿਟੀ ਲਈ ਖਤਰਾ ਹਨ। ਸਾਨੂੰ ਇਸ ਸਾਰੇ ਮਸਲੇ ਨੂੰ, ਇਸ ਡੀਪ ਰੂਟਿਡ ਮਸਲੇ ਨੂੰ ਹੱਲ ਕਰਨਾ ਪੈਣਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਬਟਾਲਾ ਤੋਂ 35 ਕਿਲੋ ਮੀਟਰ ਦੂਰ ਟ੍ਰਾਂਜ਼ਿਸਟਰ ਬੰਬ ਵਰਤਿਆ ਗਿਆ। ਉਥੇ ਪਰਸ ਖੋਹ ਲਿਆ ਗਿਆ ਜਿਸ ਵਿਚ 37 ਹਜ਼ਾਰ ਰੁਪਿਆ ਸੀ। ਫਿਰ ਜਲੰਧਰ ਵਿਚ ਇਕ ਆਦਮੀ ਰਾਣਾ ਸਿੰਘ ਦਾ ਸਕੂਟਰ ਖੋਹ ਲਿਆ। ਫਿਰ ਬਲਾਚੌਰ ਗੜ੍ਹਸ਼ੰਕਰ ਵਿਚ 2 ਨੌਜਵਾਨਾਂ ਨੇ ਪ੍ਰਿਸਤੌਲ ਵਿਖਾਕੇ ਸੀਨੀਅਰ ਮੈਡੀਕਲ ਅਫਸਰ ਕੋਲੋਂ 37 ਹਜ਼ਾਰ ਰੁਪਿਆ ਖੋਹ ਲਿਆ। ਇਸੇ ਤਰ੍ਹਾਂ 6 ਅਕਤੂਬਰ ਨੂੰ ਜਲੰਧਰ ਵਿਚ ਪ੍ਰਕਾਸ਼ ਚੰਦ ਗੈਂਗਮੈਨ ਦੀ ਹੱਤਿਆ ਕਰਕੇ ਉਸ ਦੀ ਲਾਸ਼ ਨਹਿਰ ਵਿਚ ਸੁੱਟ ਦਿਤੀ। ਮੈਂ ਇਹ ਪੇਪਰ ਟੇਬਲ ਤੇ ਵੀ ਰੱਖ ਸਕਦਾ ਹਾਂ ਕਿਉਂਕਿ ਇਸ ਵਿਚ ਕੋਈ ਕੰਫੀਡੈਂਸ਼ਲ ਗੱਲ ਨਹੀਂ ਹੈ।

ਹੁਣ, ਮੈਂ ਡੀਵੈਲਪਮੈਂਟ ਦੀ ਗੱਲ ਵਲ ਆਉਂਦਾ ਹਾਂ। ਕਿਸੇ ਵੀ ਦੇਸ਼ ਦੀ ਤਰੱਕੀ ਦੇ ਦੋ ਪਹੀਏ ਹੁੰਦੇ ਹਨ। ਇਨ੍ਹਾਂ ਦੋਨਾਂ ਪਹੀਆਂ ਵਿਚੋਂ ਮੁੱਖ ਪਹੀਆ ਐਗਰੀਕਲਚਰ ਅਤੇ ਇੰਡਸਟਰੀ ਹੈ। ਇਹ ਦੋਨੋਂ ਪਹੀਏ ਘੁੰਮਣਗੇ ਤਾਂ ਹੀ ਦੇਸ਼ ਤਰੱਕੀ ਕਰੇਗਾ। ਜੇ ਬਿਜਲੀ ਪੂਰੀ ਨਾ ਮਿਲੇ, ਪਾਣੀ ਪੂਰਾ ਨਾ ਮਿਲੇ ਤਾਂ ਐਗਰੀਕਲਚਰ ਤਰੱਕੀ ਨਹੀਂ ਕਰ ਸਕਦੀ। ਇਸ ਕਰਕੇ ਇਸ ਉਤੇ ਜਿੰਨਾ ਵੀ ਬੋਲਿਆ ਜਾ ਸਕੇ, ਥੋੜ੍ਹਾ ਹੈ। ਇਸ ਵੱਲ ਸਰਕਾਰ ਨੂੰ ਵਿਸ਼ੇਸ਼ ਧਿਆਨ ਦੇਣਾ ਪੈਂਦਾ ਹੈ।

ਚੇਅਰਮੈਨ ਸਾਹਿਬ, ਮੈਂ ਰਾਜਪਾਲ ਦੇ ਭਾਸ਼ਣ ਦੇ ਪੈਰਾ ਨੰ. 13 ਵੱਲ ਆਉਂਦਾ ਹਾਂ। ਉਸ ਵਿਚ ਲਿਖਿਆ ਹੈ ਕਿ ਮੇਰੀ ਸਰਕਾਰ ਨੇ ਜ਼ਰਾਇਤੀ ਪੈਦਾਵਾਰ ਵਧਾਉਣ ਲਈ ਪਰਮ ਅਗੇਤ ਦਿਤੀ ਹੈ ਅਤੇ ਇਸ ਸਬੰਧ ਵਿਚ ਲੰਮੀਆਂ ਪੁਲਾਂਘਾਂ ਪੁੱਟਣਾ ਚਾਹੁੰਦੀ ਹੈ। ਅੱਗੇ ਲਿਖਿਆ ਹੈ ਕਿ ਮਸ਼ੀਨਰੀ ਦੀ ਕਾਰਜਕੁਸ਼ਲਤਾ ਵਧਾਉਣ, ਸਹਿਕਾਰੀ ਸਭਾਵਾਂ ਦੁਆਰਾ ਕਰਜ਼ਾ ਦੇਣ ਅਤੇ ਪੌਦਾ ਸੁਰੱਖਿਆ ਉਪਾਵਾਂ ਲਈ ਕਾਫੀ ਫੰਡਾਂ ਦਾ ਪ੍ਰਬੰਧ ਕਰਨ ਵਲ ਪੂਰਾ ਪੂਰਾ ਧਿਆਨ ਦੇਣ ਦੀ ਤਜਵੀਜ਼ ਹੈ ਅਤੇ ਇਸ ਉਦੇਸ਼ ਦੀ ਪੂਰਤੀ ਲਈ ਇਹ ਰਕਮ 1984–85 ਦੇ ਦੌਰਾਨ, 1,329.80 ਲੱਖ ਰੁਪਏ ਤੋਂ ਵਧਾ ਕੇ ਹੁਣ 1,655.75 ਲੱਖ ਰੁਪਏ ਕਰ ਦਿਤੀ ਗਈ ਹੈ।

ਐਗਰੀਕਲਚਰਲ ਯੂਨੀਵਰਸਿਟੀ ਦੇ ਐਕਸਪਰਟ ਨੇ ਲਿਖਿਆ ਹੈ ਕਿ ਜਿਸ ਕਿਸੇ ਕਿਸਾਨ ਦੀ ਢਾਈ ਏਕੜ ਜ਼ਮੀਨ ਹੈ ਉਸ ਨੂੰ ਇਕ ਸਾਲ ਦਾ 1800 ਰੁਪਿਆ ਬੱਚਤ ਹੋ ਸਕਦੀ ਹੈ ਅਤੇ ਜਿਸ ਦੀ 5 ਏਕੜ ਜ਼ਮੀਨ ਹੈ ਉਸ ਨੂੰ 1550 ਰੁਪਏ ਕੋਲੋਂ ਖਰਚਣੇ ਪੈਂਦੇ ਹਨ। ਇਸ ਲਈ ਮੈਂ ਕਹਾਂਗਾ ਕਿ ਪਰਾਈਸ ਫਿਕਸੇਸ਼ਨ ਵਿਚ ਅਤੇ ਐਗਰੀਕਲਚਰ ਪਰੋਡਿਊਸ ਵਿਚ ਪੈਰਿਟੀ ਹੋਣੀ ਚਾਹੀਦੀ ਹੈ। ਸਾਡੀ 50% ਇਨਕਮ ਐਗਰੀਕਲਚਰ ਤੋਂ ਹੈ। 75 ਤੋਂ 80% ਲੋਕ ਜ਼ਰਾਇਤ ਤੇ ਨਿਰਭਰ ਕਰਦੇ ਹਨ। ਪੰਜਾਬ ਸਾਰੇ ਦੇਸ਼ ਦੀ 25% ਕਣਕ ਪੈਦਾ ਕਰਦਾ ਹੈ। ਇਸ ਲਈ ਸਾਡਾ ਪੰਜਾਬ ਦਾ ਕਿਸਾਨ ਮੁਬਾਰਿਕਬਾਦ ਦਾ ਪਾਤਰ ਹੈ ਜਿਹੜਾ ਸਾਰੇ ਹਿੰਦੁਸਤਾਨ ਵਿਚ ਆਪਣੀ ਉਪਜ ਭੇਜ ਰਿਹਾ ਹੈ। ਸਾਡੇ ਕਿਸਾਨ ਨੇ ਆਪਣੀ ਮਿਹਨਤ ਨਾਲ ਐਨੀ ਪਰੋਡਿਊਸ ਕਰਕੇ ਮੰਡੀਆਂ ਭਰ ਦਿਤੀਆਂ ਹਨ।

Original with;
Punjab Vidhan Sabha
Digitized by;
Panjab Digital Library

**ਸ੍ਰੀ ਬ੍ਰਹਮ ਮੁਹਿੰਦਰਾ** :- ** ** **

**Mr. Chairman**: This is no point of order. ਤੁਸੀਂ ਪੁਰਾਣੇ ਮੈਂਬਰ ਹੋ।

**ਸਰਦਾਰ ਕਿਰਪਾਲ ਸਿੰਘ ਢਿੱਲੋਂ** : ਮੈਂ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਦਾ ਕਿਸਾਨ ਪਰ ਯੂਨਿਟ ਸਭ ਤੋਂ ਜ਼ਿਆਦਾ ਅਨਾਜ ਪੈਦਾ ਕਰਦਾ ਹੈ। ਯੂ. ਐਸ. ਏ. ਵਿਚ ਪਰ ਹੈਕਟੇਅਰ ਪਰੋਡਿਊਸ 2128 ਕਿਲੋ ਗ੍ਰਾਮ ਹੈ। ਕਨੇਡਾ ਵਿਚ ਪਰ ਹੈਕਟੇਅਰ ਪਰੋਡਿਊਸ 1900 ਕਿਲੋਗ੍ਰਾਮ ਹੈ, ਰਸ਼ੀਆ ਵਿਚ ਇਹ 1920 ਕਿਲੋਗ੍ਰਾਮ ਹੈ, ਪਾਕਿਸਤਾਨ ਵਿਚ ਇਹ 1305 ਕਿਲੋਗ੍ਰਾਮ ਹੈ ਪਰ ਪੰਜਾਬ ਵਿਚ ਪਰ ਹੈਕਟੇਅਰ ਪਰੋਡਿਊਸ 2715 ਕਿਲੋ ਗ੍ਰਾਮ ਹੈ। ਪੰਜਾਬ ਵਿਚ ਸਭ ਤੋਂ ਜ਼ਿਆਦਾ ਹੈ। ਇਸ ਲਈ ਮੈਂ ਕਹਾਂਗਾ ਕਿ ਸਾਨੂੰ ਸਾਰਿਆਂ ਨੂੰ ਮਿਲਕੇ ਪੰਜਾਬ ਦੇ ਕਿਸਾਨ ਦੀ ਬਿਹਤਰੀ ਲਈ ਕੁਝ ਕਰਨਾ ਪਵੇਗਾ ਅਤੇ ਉਸ ਨੂੰ ਉਸ ਦੀ ਉਪਜ ਦੇ ਠੀਕ ਭਾਅ ਦਿਵਾਉਣੇ ਚਾਹੀਦੇ ਹਨ। ਉਸ ਦੀ ਜਿਨਸ ਮੰਡੀਆਂ ਵਿਚ ਇਸ ਤਰ੍ਹਾਂ ਰੁਲਦੀ ਨਹੀਂ ਰਹਿਣੀ ਚਾਹੀਦੀ। ਇਸ ਪਾਸੇ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

ਚੇਅਰਮੈਨ ਸਾਹਿਬ, ਇਸ ਤੋਂ ਅੱਗੇ ਮੈਂ ਤੁਹਾਡੇ ਰਾਹੀਂ ਇਸ ਹਾਊਸ ਦਾ ਧਿਆਨ ਪੈਰਾ ਨੰ: 11, 12 ਔਰ 13 ਵੱਲ ਦੁਆਉਣਾ ਚਾਹੁੰਦਾ ਹਾਂ ਜਿਸ ਵਿੱਚ ਨੈਸ਼ਨਲ ਰੂਰਲ ਇਮਪਲਾਇਮੈਂਟ ਪ੍ਰੋਗ-ਰਾਮ ਸ਼ਾਮਲ ਹੈ, ਜਿਸ ਵਿਚ ਰਿਲੀਫ ਫਾਰ ਡਰਾਊਟ ਦਾ ਜ਼ਿਕਰ ਆਉਂਦਾ ਹੈ ਕਿ ਕਿਸ ਤਰ੍ਹਾਂ ਸਾਰੇ ਜ਼ਿਲ੍ਹਿਆਂ ਵਿੱਚ, ਕਿਸ ਤਰ੍ਹਾਂ ਫਲੱਡ ਇਫੈਕਟਿਡ ਏਰੀਆਜ਼ ਦੇ ਵਿਚ ਲੋਕਾਂ ਨੂੰ ਸਰਵਿਸ ਦੇਣੀ ਹੈ ਔਰ ਰਿਆਇਤਾਂ ਦੇਣੀਆਂ ਹਨ। ਇਸ ਸਬੰਧ ਵਿਚ ਮੈਂ ਸਿਰਫ ਇਤਨਾ ਹੀ ਕਹਿਣਾ ਚਾਹੁੰਦਾ ਹਾਂ ਕਿ ਇਸ ਦੇ ਵਾਸਤੇ ਜਿਤਨਾ ਪੈਸਾ ਰਖਿਆ ਹੈ ਉਹ ਤਰੱਕੀ ਦੇ ਕੰਮਾਂ ਦੇ ਪ੍ਰੋਪੋਰਸ਼ਨ ਨਾਲੋਂ ਬਹੁਤ ਘੱਟ ਹੈ। ਇਹ ਇਕ ਜੋਕ, ਇਕ ਮਖੌਲ ਬਣ ਕੇ ਗੱਲ ਰਹਿ ਜਾਵੇਗੀ। ਔਰ ਇਹ ਗੱਲ ਸਿਰਫ ਕਾਗਜ਼ਾਂ ਵਿੱਚ ਹੀ ਰਹਿ ਜਾਣੀ ਹੈ, ਇਤਨੇ ਪੈਸੇ ਨਾਲ ਜੋ ਕੁਝ ਕਿਹਾ ਗਿਆ ਹੈ ਇਸ ਦੀ ਇਮਪਲੀਮੈਂਟੇਸ਼ਨ ਬਿਲਕੁਲ ਨਹੀਂ ਹੋਣੀ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਦੇ ਲਈ ਹੋਰ ਪੈਸਾ ਰਖਣਾ ਚਾਹੀਦਾ ਹੈ। ਚੇਅਰਮੈਨ ਸਾਹਿਬ, ਪ੍ਰਾਇਮਰੀ ਸਕੂਲਾਂ ਦੀਆਂ ਇਮਾਰਤਾਂ ਦਾ ਜੋ ਜ਼ਿਕਰ ਕੀਤਾ ਗਿਆ ਹੈ ਉਸ ਦੇ ਲਈ ਜੋ ਪੈਸਾ ਹੈ ਉਸ ਦੇ ਨਾਲ ਇਮਾਰਤ ਸ਼ਬਦ ਤਾਂ ਬਹੁਤ ਵਡੀ ਗਲ ਹੈ ਇਸ ਨਾਲ ਇਕ ਇਕ ਕਮਰਾ ਵੀ ਉਨ੍ਹਾਂ ਸਕੂਲਾਂ ਵਾਸਤੇ ਨਹੀਂ ਬਣਨਾ। ਅਸੀਂ ਦੇਖਦੇ ਹਾਂ ਕਿ ਸਾਡੇ ਜੋ ਬੱਚੇ ਹਨ ਉਹ ਬਾਹਰ ਧੁੱਪ ਵਿਚ ਬੈਠਦੇ ਹਨ, ਦਰਖਤਾਂ ਥੱਲੇ ਬੈਠੇ ਪੜ੍ਹਦੇ ਹਨ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਇਹ ਨੈਸ਼ਨਲ ਰੂਰਲ ਇਮਪਲਾਇਮੈਂਟ ਪ੍ਰੋਗਰਾਮ ਹੈ ਜਾਂ ਇੰਟੈ-ਗਰੇਟਿਡ ਡਿਵੈਲਪਮੈਂਟ ਪ੍ਰੋਗਰਾਮ ਵਿੱਚ ਅਮਾਊਂਟ ਦਿਤਾ ਹੈ ਉਸ ਦੇ ਨਾਲ ਜੋ ਸਕੂਲ ਹੁਣ ਹਨ, ਅਤੇ ਅਗੋਂ ਜੋ ਖੋਲ੍ਹਣ ਦਾ ਇਰਾਦਾ ਹੈ ਇਤਨੀ ਅਮਾਊਂਟ ਨਾਲ ਉਨ੍ਹਾਂ ਸਾਰਿਆਂ ਨੂੰ ਇਕ ਇਕ ਕਮਰਾ ਵੀ ਨਹੀਂ ਪ੍ਰੋਵਾਈਡ ਕਰ ਸਕੋਗੇ। ਇਸ ਐਡਰੈਸ ਦੇ ਵਿਚ ਦੱਸਿਆ ਗਿਆ ਹੈ ਕਿ ਕਿਸ ਤਰ੍ਹਾਂ ਬੱਚਿਆਂ ਨੂੰ ਐਜੂਕੇਸ਼ਨ ਦੇਣੀ ਹੈ, ਕਿਸ ਤਰ੍ਹਾਂ ਮਾਡਲ ਸਕੂਲ ਬਣਾਉਣੇ ਹਨ ਅਤੇ ਕਿਸ ਤਰ੍ਹਾਂ ਪਿੰਡਾਂ ਵਿਚ ਇਨ੍ਹਾਂ ਸਕੂਲਾਂ ਰਾਹੀਂ ਤਾਲੀਮ ਦੇਣੀ ਹੈ, ਇਹ ਸਾਰਾ ਕੁਝ ਭਾਸ਼ਣ ਵਿਚ ਦਿੱਤਾ ਹੈ। ਪਰ ਜਿੰਨੀ ਪ੍ਰੇਰਨਾ ਇਸ ਭਾਸ਼ਣ ਵਿੱਚ ਇਸ ਦੇ ਮੁਤੱਲਕ ਪਾਈ ਹੈ ਉਸ ਦੇ ਮੁਕਾਬਲੇ ਵਿਚ ਜੋ ਅਮਾਊਂਟ ਹੈ ਉਹ ਬਹੁਤ ਘੱਟ ਹੈ ਔਰ ਇਹ ਅਮਾਊਂਟ ਵਧਾਉਣ ਦੀ ਲੋੜ ਹੈ। ਇਸ ਦੇ ਵਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਕਿਰਪਾਲ ਸਿੰਘ ਢਿੱਲੋਂ]

ਇਸ ਦੇ ਨਾਲ ਹੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਖੁਸ਼ਕ ਜ਼ਿਲ੍ਹੇ ਹਨ ਜਿਥੇ ਬਾਰਸ਼ਾਂ ਨਹੀਂ ਹੋਈਆਂ ਜਿਸ ਤਰ੍ਹਾਂ ਕਪੂਰਥਲਾ, ਜਲੰਧਰ ਔਰ ਹੁਸ਼ਿਆਰਪੁਰ ਹੈ ਔਰ ਜਿਥੇ ਬਾਰਸ਼ਾਂ ਬਹੁਤ ਹੋਈਆਂ ਹਨ, ਫਲੱਡ ਆਏ ਹਨ ਉਨ੍ਹਾਂ ਦਾ ਵੀ ਇਸ ਦੇ ਵਿਚ ਮੈਨਸ਼ਨ ਕੀਤਾ ਹੈ। (ਘੰਟੀ)

**ਸ੍ਰੀ ਸਭਾਪਤੀ:** ਢਿੱਲੋਂ ਸਾਹਿਬ, ਵਾਈਂਡ ਅਪ ਕਰੋ।

**ਸਰਦਾਰ ਕਿਰਪਾਲ ਸਿੰਘ ਢਿੱਲੋਂ:** ਓ. ਕੇ. ਸਰ। ਚੇਅਰਮੈਨ ਸਾਹਿਬ ਬਾਕੀ ਗੱਲਾਂ ਨੂੰ ਵਾਈਂਡ ਅਪ ਕਰਦਾ ਹੋਇਆ ਇਕ ਗੱਲ ਬੜੀ ਜ਼ਰੂਰੀ ਮੈਂ ਆਪਣੀ ਕੰਸਟੀਚਿਊਐਂਸੀ ਦੇ ਬਾਰੇ ਕਰਨਾ ਚਾਹੁੰਦਾ ਹਾਂ। ਮੇਰੀ ਕੰਸਟੀਚਿਊਐਂਸੀ, ਕਪੂਰਥਲਾ ਸ਼ਹਿਰ, ਵਿਚ ਮੁਸਲਮਾਨ ਰਹਿੰਦੇ ਹਨ ਔਰ ਉਨ੍ਹਾਂ ਦੀ ਬਹੁਤ ਵੱਡੀ ਮਸਜਿਦ ਹੈ ਔਰ ਉਹ ਗੌਰਮਿੰਟ ਦੇ ਕੰਟਰੋਲ ਵਿਚ ਹੈ ਪਰ ਉਥੇ ਉਨ੍ਹਾਂ ਦਾ ਕੋਈ ਈਮਾਮ ਨਹੀਂ ਹੈ। ਉਨ੍ਹਾਂ ਦੀ ਮੰਗ ਹੈ ਕਿ ਉਥੇ ਲਈ ਈਮਾਮ ਦਿੱਤਾ ਜਾਵੇ। ਇਸ ਗੱਲ ਵੱਲ ਮੈਂ ਤੁਹਾਡੇ ਰਾਹੀਂ, ਚੇਅਰਮੈਨ ਸਾਹਿਬ, ਸਰਕਾਰ ਦਾ ਧਿਆਨ ਦੁਆਉਣਾ ਚਾਹੁੰਦਾ ਹਾਂ ਕਿ ਜਿਸ ਜ਼ਿਲ੍ਹੇ ਵਿੱਚ ਮੁਸਲਮਾਨ ਮਾਈਨਾਰਟੀ ਵਿਚ ਹੋਣ ਉਨ੍ਹਾਂ ਦਾ ਧਿਆਨ ਰਖਣਾ ਚਾਹੀਦਾ ਹੈ। ਚੀਫ ਮਨਿਸਟਰ ਸਾਹਿਬ ਨੇ ਇਕ ਡੈਪੂਟੇਸ਼ਨ ਨੂੰ ਇਸ ਗੱਲ ਦਾ ਭਰੋਸਾ ਵੀ ਦਿਵਾਇਆ ਹੈ ਕਿ ਮਾਈਨਾਰਟੀ ਵਿੱਚ ਰਹਿੰਦੇ ਲੋਕਾਂ ਦਾ ਅਸੀਂ ਪੂਰਾ ਧਿਆਨ ਰਖਾਂਗੇ। ਇਸ ਲਈ ਮੇਰੀ ਬੇਨਤੀ ਹੈ ਕਿ ਸਰਕਾਰ ਨੂੰ ਉਨ੍ਹਾਂ ਦੇ ਵਾਸਤੇ ਇਸ ਦਾ ਪ੍ਰਬੰਧ ਕਰਨਾ ਚਾਹੀਦਾ ਹੈ।

ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਮੁਰਬੇਬੰਦੀ ਦੇ ਮੌਕੇ ਤੇ ਹਰੀਜਨਾਂ ਨੂੰ ਸ਼ਮਸ਼ਾਨਘਾਟ ਵੀ ਨਹੀਂ ਦਿਤੇ ਗਏ। ਮੇਰੇ ਹਲਕੇ ਵਿਚ 30 ਪਿੰਡ ਐਸੇ ਹਨ ਜਿਥੇ ਹਰੀਜਨਾਂ ਲਈ ਸ਼ਮਸ਼ਾਨ ਘਾਟ ਵੀ ਨਹੀਂ। ਮੈਂ ਸਰਕਾਰ ਦਾ ਧਿਆਨ ਇਸ ਗੱਲ ਵੀ ਦੁਆਉਣਾ ਚਾਹੁੰਦਾ ਹਾਂ ਕਿ ਉਹ ਇਸ ਪਾਸੇ ਆਪਣਾ ਧਿਆਨ ਕਰਕੇ ਉਨ੍ਹਾਂ ਲੋਕਾਂ ਨੂੰ ਸ਼ਮਸ਼ਾਨ ਘਾਟ ਪ੍ਰੋਵਾਈਡ ਕਰੇ।

ਇਸੇ ਤਰ੍ਹਾਂ, ਚੇਅਰਮੈਨ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਮੇਰੇ ਇਲਾਕੇ ਵਿਚ ਗੁਰੂ ਨਾਨਕ ਸਟੇਡੀਅਮ ਦੀ 1973 ਵਿੱਚ ਨੀਂਹ ਰੱਖੀ ਗਈ ਸੀ ਉਹ ਵੀ ਨਾ ਮੁਕੰਮਲ ਹੈ ਉਸ ਨੂੰ ਵੀ ਮੁਕੰਮਲ ਕੀਤਾ ਜਾਵੇ ਅਤੇ ਉਸ ਦੇ ਲਈ ਫੰਡ ਜਾਂ ਗਰਾਂਟ ਜੋ ਹੈ ਉਹ ਦੇ ਕੇ ਇਸ ਕੰਮ ਨੂੰ ਸਿਰੇ ਲਾਇਆ ਜਾਵੇ। ਇਸੇ ਤਰ੍ਹਾਂ ਚੇਅਰਮੈਨ ਸਾਹਿਬ, ਕਾਂਜਲੀ ਦਾ ਪੁੱਲ ਹੈ ਉਹ 7–8 ਸਾਲ ਤੋਂ ਬਣ ਰਿਹਾ ਹੈ ਉਸ ਪੁੱਲ ਨੂੰ ਵੀ ਮੁਕੰਮਲ ਕਰਵਾਇਆ ਜਾਵੇ। ਇਸੇ ਤਰ੍ਹਾਂ ਉਥੇ ਜੋ ਪੁਰਾਣੀ ਅਤੇ ਨਵੀਂ ਮੰਡੀ ਹੈ ਉਹ ਅਨਾਜ ਸਮਾਉਣ ਵਾਸਤੇ ਨਾ ਕਾਫੀ ਹਨ। ਮੈਂ ਸਰਕਾਰ ਦਾ ਇਸ ਗੱਲ ਵਲ ਵੀ ਧਿਆਨ ਦੁਆਉਣਾ ਚਾਹੁੰਦਾ ਹਾਂ ਕਿ ਉਹ ਇਸ ਪਾਸੇ ਵਲ ਵੀ ਆਪਣਾ ਧਿਆਨ ਦੇਵੇ।

ਅੰਤ ਵਿੱਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਰਾਸ਼ਟਰੀ ਏਕਤਾ ਲਈ, ਅਖੰਡਤਾ ਲਈ, ਸਦਭਾਵਨਾ ਲਈ, ਭਾਈਚਾਰੇ ਲਈ ਔਰ ਪੰਜਾਬ ਦੇ ਵਿਕਾਸ ਦੇ ਕੰਮਾਂ ਦੀ ਨੀਤੀ ਲਈ, ਪੰਜਾਬ ਦੀ ਤਰੱਕੀ ਦੇ ਲਈ ਇਹ ਸਰਕਾਰ ਜੋ ਕੁਝ ਕਰੇਗੀ ਅਸੀਂ ਉਸ ਨਾਲ ਪੂਰਾ ਕੋਆਪਰੇਟ ਕਰਾਂਗੇ।

Original with;
Punjab Vidhan Sabha
Digitized by;
Panjab Digital Library

**ਸਰਦਾਰ ਸੁਰਜੀਤ ਸਿੰਘ ਮਿਨਹਾਸ ਐਡਵੋਕੇਟ** (ਆਦਮਪੁਰ) : ਚੇਅਰਮੈਨ ਸਾਹਿਬ, ਇਸ ਨਵੀਂ ਸਰਕਾਰ ਨੇ ਪਿਛਲੇ 5 ਸਾਲਾਂ ਦੇ ਕਰੀਬ ਪੀਰੀਅਡ ਵਿੱਚ ਜੋ ਦੁਖਾਂਤ ਪੰਜਾਬ ਵਿਚ ਵਾਪਰੇ, ਉਸ ਨੂੰ ਇਨਹੈਰਟ ਕੀਤਾ। ਉਸ ਦੁਖਾਂਤ ਬਾਰੇ ਰਾਜਪਾਲ ਸਾਹਿਬ ਨੇ ਆਪਣੇ ਭਾਸ਼ਣ ਦੇ ਆਰੰਭ ਵਿੱਚ ਅੱਖਾਂ ਵਿੱਚ ਹੰਝੂ, ਬੁਲ੍ਹਾਂ ਉਤੇ ਪ੍ਰਾਰਥਨਾ ਅਤੇ ਦਿਲਾਂ ਵਿੱਚ ਨਵੀਆਂ ਉਮੀਦਾਂ ਲੈ ਕੇ ਇਕੱਠੇ ਹੋਣ ਦੀ ਉਨ੍ਹਾਂ ਨੇ ਗਲ ਕੀਤੀ ਹੈ। ਉਸ ਵਿਚ ਸਿਆਸੀ ਸੰਕਟ, ਭਿਆਨਕ ਸਥਿਤੀ ਅਤੇ ਦੁਖਦਾਈ ਘਟ-ਨਾਵਾਂ ਦਾ ਵੀ ਜ਼ਿਕਰ ਕੀਤਾ ਹੈ ਜੋ ਪਿਛਲੇ 2–3 ਸਾਲਾਂ ਤੋਂ ਪੰਜਾਬ ਵਿੱਚ ਹੋਈਆਂ। ਉਹ ਪੰਜਾਬ ਜੋ ਪਹਿਲਾਂ ਅਮਨ, ਸ਼ਾਂਤੀ ਨਾਲ ਰਹਿੰਦਾ ਸੀ ਉਸ ਪੰਜਾਬ ਦੇ ਲੋਕਾਂ ਦੀਆਂ ਕੁਝ ਮੰਗਾਂ ਸਨ ਅਤੇ ਉਹ ਮੰਗਾਂ ਕੇਂਦਰ ਦੀ ਸਰਕਾਰ ਤਕ ਉਠਾਈਆਂ ਗਈਆਂ ਜਿਸ ਦੇ ਲਈ ਸਾਡੇ ਸੰਤ ਬਾਬਾ ਹਰਚੰਦ ਸਿੰਘ ਜੀ ਲੌਂਗੋਵਾਲ ਦੀ ਅਗਵਾਈ ਹੇਠ ਅਮਨ ਨਾਲ ਮੋਰਚਾ ਆਰੰਭ ਕੀਤਾ ਗਿਆ ਲੇਕਿਨ ਕੇਂਦਰ ਦੀ ਸਰਕਾਰ ਨੇ ਹਮਦਰਦੀ ਨਾਲ ਵਿਚਾਰ ਕਰਕੇ ਪੰਜਾਬ ਦੇ ਮਸਲੇ ਨੂੰ ਹੱਲ ਕਰਨ ਦੀ ਬਜਾਏ ਉਸ ਮਸਲੇ ਨੂੰ ਉਲਝਾਉਣ ਦਾ ਯਤਨ ਕੀਤਾ। ਉਹ ਉਲਝਣ ਇਥੋਂ ਤਕ ਵੱਧ ਗਈ ਕਿ ਪਿਛਲੇ 3–4 ਸਾਲਾਂ ਵਿੱਚ ਉਹ ਘਟਨਾਵਾਂ ਵਾਪਰੀਆਂ ਜਿਨ੍ਹਾਂ ਦਾ ਜ਼ਿਕਰ ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿਚ ਕੀਤਾ ਹੈ। ਇਨ੍ਹਾਂ ਘਟਨਾਵਾਂ ਦੇ ਵਾਪਰਨ ਨਾਲ ਪੰਜਾਬ ਦੇ ਵਿਚ ਅਮਨ ਔਰ ਕਾਨੂੰਨ ਦੀ ਹਾਲਤ ਬਹੁਤ ਵਿਗੜੀ। ਇਥੇ ਇਹ ਇਲਜ਼ਾਮ ਵੀ ਲਗਦੇ ਰਹੇ ਕਿ ਪੰਜਾਬ ਵਿੱਚ ਜੋ ਉਸ ਵੇਲੇ ਰੂਲਿੰਗ ਪਾਰਟੀ ਸੀ ਉਹ ਅਮਨ ਅਤੇ ਕਾਨੂੰਨ ਨੂੰ ਤੋੜਨ ਦਾ ਆਪਣਾ ਕੋਈ ਹੀਲਾ ਵੀ ਨਹੀਂ ਗਵਾ ਰਹੀ, ਉਹ ਹਰ ਹੀਲਾ ਕਾਨੂੰਨ ਅਤੇ ਅਮਨ ਭੰਗ ਕਰਨ ਦਾ ਵਰਤ ਰਹੀ ਹੈ। ਮੰਦਰਾਂ ਦੇ ਵਿਚ ਗਊਆਂ ਦੇ ਕੰਨ ਸੁਟੇ ਗਏ, ਗੁਰਦੁਆਰਿਆਂ ਦੇ ਵਿਚ ਸਿਗਰਟਾਂ ਸੁਟਵਾਈਆਂ ਗਈਆਂ। ਉਸ ਵੇਲੇ ਇਸ ਦੇ ਬਾਰੇ ਕਿਹਾ ਗਿਆ ਕਿ ਇਨ-ਕੁਆਇਰੀ ਕਰਵਾਈ ਜਾਵੇ ਪਰ ਕੋਈ ਸੁਣਵਾਈ ਨਹੀਂ ਹੋਈ। ਝੂਠੇ ਕੇਸਿਜ਼ ਲੋਕਾਂ ਤੇ ਬਣਾਏ ਗਏ, ਅਕਾਲੀ ਵਰਕਰਜ਼ ਤੇ ਕੇਸਿਜ਼ ਬਣਾਏ ਗਏ, ਇਥੋਂ ਤਕ ਕਿ ਮੈਂ ਜਲੰਧਰ ਵਿੱਚ ਸਿੱਖ ਨੌਜਵਾਨਾਂ ਦੇ ਕੇਸ ਵਕੀਲ ਹੋਣ ਦੇ ਨਾਤੇ ਲੜੇ ਤਾਂ ਮੈਨੂੰ ਵੀ ਨੈਸ਼ਨਲ ਸਿਕਿਓਰਿਟੀ ਐਕਟ ਦੇ ਤਹਿਤ ਗ੍ਰਿਫਤਾਰ ਕੀਤਾ ਗਿਆ। ਜੋ ਕੁਝ ਵੀ ਵਾਪਰਿਆ ਉਹ ਬਹੁਤ ਦੁਖਦਾਈ ਹੈ। ਅੱਜ ਅਸੀਂ ਉਸ ਦੁਖਾਂਤ ਤੋਂ ਬਾਹਰ ਨਿਕਲੇ ਹਾਂ। ਪੰਜਾਬ ਦੀ ਉਸ ਮਹਾਨ ਸ਼ਖਸੀਅਤ, ਬਲੀਦਾਨੀ, ਤਪੱਸਵੀ ਸੰਤ ਬਾਬਾ ਹਰਚੰਦ ਸਿੰਘ ਲੌਂਗੋਵਾਲ ਜੀ ਨੇ ਪੰਜਾਬ ਨੂੰ ਉਨ੍ਹਾਂ ਹਾਲਾਤ ਵਿਚੋਂ ਕੱਢ ਕੇ ਇਸ ਅਮਨ ਦੇ ਮਾਹੌਲ ਵਿੱਚ ਉਨ੍ਹਾਂ ਨੇ ਲਿਆਂਦਾ। ਉਹ ਹਮੇਸ਼ਾ ਹੀ ਪੰਜਾਬ ਦੀਆਂ ਹੱਕੀ ਮੰਗਾਂ ਮਨਵਾਉਣ ਵਾਸਤੇ ਅਗੇ ਰਹੇ। 1974 ਵਿੱਚ ਜਦੋਂ ਐਮਰਜੈਂਸੀ ਦਾ ਮੋਰਚਾ ਲਗਾ ਸੀ ਅਤੇ ਉਸ ਵੇਲੇ ਜਦੋਂ ਸਾਰੇ ਦੇਸ਼ ਵਿੱਚ ਲੋਕਾਂ ਨੂੰ ਅੰਦਰ ਬੰਦ ਕੀਤਾ ਗਿਆ ਤਾਂ ਉਸ ਨੂੰ ਵੀ ਬੜੀ ਸਫਲਤਾ ਨਾਲ 19 ਮਹੀਨੇ ਉਨ੍ਹਾਂ ਨੇ ਚਲਾਇਆ। 4 ਅਗਸਤ, 1982 ਤੋਂ ਧਰਮ ਯੁੱਧ ਮੋਰਚਾ ਆਰੰਭ ਹੋਇਆ ਉਸ ਦੀ ਕਿਆਦਤ ਵੀ ਬੜੀ ਸਫਲਤਾ ਨਾਲ ਸੰਤ ਜੀ ਨੇ ਕੀਤੀ। ਉਸ ਮੋਰਚੇ ਵਿਚ ਜਿਹੜਾ ਤਸ਼ੱਦਦ ਹੋਇਆ ਸੀ ਉਹ ਵੀ ਉਸ ਵੇਲੇ ਦੀ ਰੂਲਿੰਗ ਪਾਰਟੀ ਨੇ ਆਪ ਕਰਵਾਇਆ। ਅਕਾਲੀ ਦਲ ਹਮੇਸ਼ਾ ਆਖਦਾ ਰਿਹਾ ਹੈ ਕਿ ਇਸ ਦੀ ਇਨਕੁਆਇਰੀ ਕਿਸੇ ਸੁਪਰੀਮ ਕੋਰਟ ਦੇ ਜੱਜ ਤੋਂ ਕਰਵਾਈ ਜਾਵੇ ਤਾਕਿ ਸਚਾਈ ਸਾਹਮਣੇ ਆਵੇ। ਹੁਣ ਪਿਛੇ ਜਿਹੇ ਜਿਹੜੇ ਚੁਣਾਓ ਹੋਏ ਹਨ ਜਿਨ੍ਹਾਂ ਵਿਚ ਅਕਾਲੀ ਦਲ ਦੀ ਸ਼ਾਨਦਾਰ ਜਿੱਤ ਹੋਈ ਹੈ ਉਸ ਤੋਂ ਪਤਾ ਚਲਦਾ ਹੈ ਕਿ ਪੰਜਾਬ ਦੇ ਸਾਰੇ ਲੋਕ ਚਾਹੇ ਸਿੱਖ ਹਨ, ਹਿੰਦੂ ਹਨ, ਮੁਸਲਮਾਨ ਹਨ ਜਾਂ ਹੋਰ ਭਾਈ ਹਨ ਉਹ ਸਾਰੇ ਅਮਨ ਪਸੰਦ ਹਨ। ਉਹ ਪੰਜਾਬ ਵਿਚ ਅਮਨ ਦਾ ਵਾਤਾਵਰਣ ਚਾਹੁੰਦੇ ਹਨ। ਪੰਜਾਬ ਵਿਚ ਜਿਥੇ ਰੋਜ਼ ਕਤਲੋ-ਗਾਰਤ ਹੁੰਦੀ ਸੀ, ਡਾਕੇ ਪੈਂਦੇ ਸਨ, ਪਿਛਲੇ ਤਿੰਨ ਸਾਲਾਂ ਵਿਚ ਜਦੋਂ ਸਰਦਾਰ ਦਰਬਾਰਾ ਸਿੰਘ ਦੀ ਮਨਿਸਟਰੀ ਸੀ ਹੁਣ ਉਹ ਗੱਲ ਨਹੀਂ ਰਹੀ। ਹੁਣ ਪੰਜਾਬ ਉਨ੍ਹਾਂ ਦੁਖਦਾਈ ਹਾਲਾਤ ਵਿਚੋਂ ਨਿਕਲ ਕੇ ਬਾਹਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜੀਤ ਸਿੰਘ ਮਿਨਹਾਸ, ਐਡਵੋਕੇਟ]

ਆਇਆ ਹੈ ਅਤੇ ਜਿਸ ਦਾ ਨਤੀਜਾ ਇਹ ਹੋਇਆ ਅਕਾਲੀ ਦਲ ਦੀ ਵਜ਼ਾਰਤ ਬਣੀ ਅਤੇ ਉਸ ਵੇਲੇ ਦੀ ਬਰਸਰੇਇਕਦਾਰ ਪਾਰਟੀ ਥੋੜ੍ਹੇ ਜਿਹੇ ਸਾਥੀਆਂ ਨਾਲ ਉਪਰਲੇ ਬੈਂਚਾਂ ਤੇ ਬੈਠੀ ਹੈ। ਪੰਜਾਬ ਦੀਆਂ ਹੱਕੀ ਮੰਗਾਂ ਦੀ ਖਾਤਰ ਚਾਹੇ ਉਹ ਸਾਂਝੀਆਂ ਸਨ ਚਾਹੇ ਅਕਾਲੀ ਦਲ ਦੀਆਂ ਸਨ, ਉਸ ਦੇ ਲਈ ਇਨ੍ਹਾਂ ਨੂੰ ਜੋ ਯੋਗਦਾਨ ਦੇਣਾ ਚਾਹੀਦਾ ਸੀ ਉਹ ਇਨ੍ਹਾਂ ਨੇ ਨਹੀਂ ਦਿਤਾ। ਇਸ ਲਈ ਪੰਜਾਬ ਦੇ ਲੋਕਾਂ ਨੇ ਇਨ੍ਹਾਂ ਨੂੰ ਰਿਜੈਕਟ ਕੀਤਾ ਅਤੇ ਇਹ ਅੱਜ ਵਿਰੋਧੀ ਬੈਂਚਾਂ ਤੇ ਬੈਠੇ ਹਨ। ਪਾਣੀ ਦਾ ਮਸਲਾ ਸੀ, ਚੰਡੀਗੜ੍ਹ ਦਾ ਮਸਲਾ ਸੀ ਜਾਂ ਪੰਜਾਬੀ ਬੋਲਦੇ ਇਲਾਕਿਆਂ ਦਾ ਮਸਲਾ ਸੀ ਮੇਰੇ ਸਾਹਮਣੇ ਬੈਠੇ ਵੀਰਾਂ ਨੇ ਕੋਈ ਸਾਥ ਨਹੀਂ ਦਿਤਾ। ਸਾਡੇ ਸਿੱਖ ਨੌਜਵਾਨਾਂ ਤੇ ਝੂਠੇ ਮੁਕੱਦਮੇ ਬਣਾਏ ਗਏ, ਜਿਹੜੇ ਪੰਜਾਬ ਦੇ ਥਾਣੇ ਸਨ ਉਹ ਬੁੱਚੜਖਾਨੇ ਬਣ ਗਏ ਸਨ। ਇਸ ਦੀ ਮਿਸਾਲ ਨਹੀਂ ਮਿਲ ਸਕੇਗੀ ਜੋ ਦਿੱਲੀ ਵਿਚ ਹੋਇਆ। ਜਸਟਿਸ ਐਸ. ਐਸ. ਸੀਕਰੀ ਨੇ ਇਥੋਂ ਤਕ ਕਿਹਾ ਦਿੱਲੀ ਰਾਇਟਸ ਦੇ ਬਾਰੇ ਵਿਚ ਕਿ ਜੋ ਹਾਲ ਯਹੂਦੀਆਂ ਦਾ ਹਿਟਲਰ ਨੇ ਕੀਤਾ ਸੀ ਉਸ ਤੋਂ ਵੀ ਬਦਤਰ ਘਟਨਾਵਾਂ ਦਿੱਲੀ ਵਿਚ ਵਾਪਰੀਆਂ। ਜਿਨ੍ਹਾਂ ਸੱਜਣਾਂ ਨੇ ਇਨਕੁਆਇਰੀ ਕਰਨੀ ਹੈ, ਉਹ ਇਨਕੁਆਇਰੀ ਛੇਤੀ ਮੁਕੰਮਲ ਹੋਣੀ ਚਾਹੀਦੀ ਹੈ। ਇਸ ਸਿਲਸਿਲੇ ਵਿਚ ਜਿਹੜੇ ਲੋਕ ਪੰਜਾਬ ਤੋਂ ਬਾਹਰੋਂ ਉਜੜ ਕੇ ਆਏ ਹਨ ਉਨ੍ਹਾਂ ਨੂੰ ਛੇਤੀ ਵਸਾਉਣ ਦਾ ਉਦੱਮ ਕੀਤਾ ਜਾਵੇਗਾ। ਪਿਛਲੇ ਪੰਜਾਂ ਸਾਲਾਂ ਦੇ ਸਮੇਂ ਵਿਚ ਦਰਬਾਰਾ ਸਿੰਘ ਮਨਿਸਟਰੀ ਨਹੀਂ ਚਲਾ ਸਕੇ, ਉਸ ਦੇ ਬਾਦ ਗਵਰਨਰ ਆਏ ਉਹ ਵੀ ਕਾਮਯਾਬ ਨਹੀਂ ਹੋਏ। ਉਸ ਦਾ ਕਾਰਨ ਇਹ ਸੀ ਕਿ ਜਿਸ ਵਕਤ ਕਾਂਗਰਸ ਸਰਕਾਰ ਨੇ ਸੱਤਾ ਸੰਭਾਲੀ ਸੀ ਉਨ੍ਹਾਂ ਦੇ ਵਿਚ ਜਿਸ ਤਰ੍ਹਾਂ ਗਵਰਨਰ ਸਾਹਿਬ ਦੇ ਭਾਸ਼ਣ ਵਿਚ ਹੈ ਕਿ ਐਂਟੀ-ਰੂਰਲ ਬਾਇਸ ਸੀ। ਪਿੰਡਾਂ ਦੀ ਉਨਤੀ ਬਿਲਕੁਲ ਨਹੀਂ ਹੋਈ ਇਥੋਂ ਤਕ ਕਿ ਪਿੰਡਾਂ ਦੀਆਂ ਉਨਤੀ ਦੀਆਂ ਸਕੀਮਾਂ ਜਿਹੜੀਆਂ ਪਿਛਲੀ ਸਰਕਾਰ ਨੇ ਆਰੰਭ ਕੀਤੀਆਂ ਸਨ ਉਹ ਵੀ ਬੰਦ ਕਰ ਦਿਤੀਆਂ। ਆਦਰਸ਼ ਸਕੂਲ ਖੋਲ੍ਹੇ ਸਨ ਜਿਹੜੇ ਪਿੰਡਾਂ ਵਿਚ ਇਸ ਕਰਕੇ ਬਣਾਏ ਗਏ ਸਨ ਕਿ ਉਥੇ ਦੇ ਬੱਚੇ ਵੀ ਚੰਗੇ ਟੇਬਲਾਂ ਤੇ ਬੈਠ ਕੇ ਪੜ੍ਹ ਸਕਣ, ਉਹ ਵੀ ਬੰਦ ਕਰਾ ਦਿਤੇ ਗਏ ਕਿਉਂਕਿ ਇਹ ਅਕਾਲੀ ਪਾਰਟੀ ਦੀ ਸਰਕਾਰ ਨੇ ਖੋਲ੍ਹੇ ਸਨ। ਫੋਕਲ ਪੁਆਇੰਟ ਸਕੀਮ ਅਕਾਲੀ ਪਾਰਟੀ ਦੀ ਸਰਕਾਰ ਨੇ ਬਣਾਈ ਸੀ। ਅਕਾਲੀ ਸਰਕਾਰ ਦੇ ਦੋ-ਢਾਈ ਸਾਲ ਦੇ ਸਮੇਂ ਦੇ ਦੌਰਾਨ ਆਦਮਪੁਰ ਵਿਚ ਕੋਈ 8 ਫੋਕਲ ਪੁਆਇੰਟ ਖੋਲ੍ਹੇ ਗਏ, ਜਿਨ੍ਹਾਂ ਵਿਚੋਂ ਤਿੰਨ ਚਾਲੂ ਕਰ ਦਿਤੇ ਗਏ ਸਨ ਅਤੇ ਪੰਜ ਰਹਿ ਗਏ ਸਨ। ਜਿਹੜੇ ਰਹਿ ਗਏ ਸਨ ਉਨ੍ਹਾਂ ਦੀਆਂ ਬਿਲਡਿੰਗਾਂ ਬਣ ਗਈਆਂ ਸਨ ਪਰ ਅਕਾਲੀ ਸਰਕਾਰ ਦੇ ਜਾਣ ਦੇ ਨਾਲ ਆਉਣ ਵਾਲੀ ਸਰਕਾਰ ਨੇ ਉਸ ਸਕੀਮ ਤੇ ਕੋਈ ਅਮਲ ਨਹੀਂ ਕੀਤਾ। ਉਹ ਇਸ ਕਰਕੇ ਕਿ ਅਕਾਲੀ ਸਰਕਾਰ ਨੇ ਇਹ ਡਿਵੈਲਪਮੈਂਟ ਦਾ ਕੰਮ ਸ਼ੁਰੂ ਕੀਤਾ ਸੀ। ਉਹ ਜਿਹੜੀਆਂ ਬਿਲਡਿੰਗਾਂ ਹਨ ਉਹ ਖੰਡਰਾਤ ਦਾ ਇਕ ਨਮੂਨਾ ਪੇਸ਼ ਕਰ ਰਹੀਆਂ ਹਨ। ਵਰਤਮਾਨ ਅਕਾਲੀ ਸਰਕਾਰ ਨੇ ਉਹ ਫੋਕਲ ਪੁਆਇੰਟਾਂ ਦੀ ਸਕੀਮ ਨੂੰ ਮੁੜ ਚਾਲੂ ਕਰਨ ਦਾ ਵਚਨ ਕੀਤਾ ਹੈ।

ਚੇਅਰਮੈਨ ਸਾਹਿਬ, ਇਹ ਕਾਂਗਰਸ ਵਾਲੇ ਹਰੀਜਨਾਂ ਦੀ ਗੱਲ ਕਰਦੇ ਹਨ। ਮੈਂ ਕਹਿੰਦਾ ਹਾਂ ਕਿ ਤੁਸੀਂ ਗਿਣਤੀ ਕਰਕੇ ਵੇਖ ਲਵੋ ਤੁਹਾਨੂੰ ਪਤਾ ਲਗ ਜਾਵੇਗਾ ਕਿ ਕਿਹੜੇ ਪਾਸੇ ਜ਼ਿਆਦਾ ਹਰੀਜਨ ਭਰਾ ਐਮ. ਐਲ. ਏ. ਚੁਣ ਕੇ ਆਏ ਹਨ। ਮੈਂ ਅਰਜ਼ ਕਰਦਾ ਹਾਂ ਕਿ 1967 ਵਿਚ ਜਦੋਂ ਅਕਾਲੀ ਦਲ ਦੀ ਸਰਕਾਰ ਬਣੀ ਤਾਂ ਸੰਤ ਫਤਿਹ ਸਿੰਘ ਜੀ ਨੇ ਹਰੀਜਨ ਭਰਾਵਾਂ ਲਈ ਪਿੰਡਾਂ ਵਿਚ ਧਰਮਸ਼ਾਲਾਵਾਂ ਦੀ ਸਕੀਮ ਚਾਲੂ ਕਰਵਾਈ ਸੀ ਤਾਕਿ ਇਹ ਭਰਾ ਵੀ ਕਿਤੇ ਇਕੱਠੇ ਹੋ ਕੇ ਬੈਠ ਸਕਣ ਅਤੇ ਸਾਂਝੇ ਕੰਮ ਕਾਰ ਕਰ ਸਕਣ। ਪਰ ਇਨ੍ਹਾਂ ਦੀ ਸਰਕਾਰ ਨੇ ਆਉਂਦੇ ਹੀ-

Original with;
Punjab Vidhan Sabha
Digitized by;
Panjab Digital Library

ਉਹ ਸਕੀਮ ਬੰਦ ਕਰ ਦਿਤੀ। ਮੇਰੇ ਹਲਕੇ ਆਦਮਪੁਰ-ਭੋਗਪੁਰ ਵਿਚ ਜਿਥੇ ਸਾਡੀ ਅਕਾਲੀ ਦਲ ਦੀ ਸਰਕਾਰ ਨੇ ਨੋਟੀਫਾਈਡ ਏਰੀਆ ਕਮੇਟੀ ਬਣਾ ਦਿਤੀ ਸੀ, ਇਨ੍ਹਾਂ ਨੇ ਆਉਂਦਿਆਂ ਹੀ ਉਹ ਫਿਰ ਮੁੜ ਕੇ ਪੰਚਾਇਤ ਕਰ ਦਿਤੀ। ਅੱਜ ਹਾਲਤ ਇਹ ਹੈ ਕਿ ਉਥੇ ਦਾ ਬਸ ਸਟੈਂਡ ਇਕ ਛਪੜ ਬਣਿਆ ਹੋਇਆ ਹੈ। ਨੋਟੀਫਾਈਡ ਏਰੀਆ ਕਮੇਟੀ ਇਸ ਕਰਕੇ ਬਣਾਈ ਸੀ ਕਿ ਕੁਝ ਟੈਕਸ ਲਗਾ ਕੇ, ਕੁਝ ਸਬਸਿਡੀ ਲੈ ਕੇ ਉਥੇ ਦੀ ਹਾਲਤ ਅੱਛੀ ਕੀਤੀ ਜਾਵੇ। ਉਥੇ ਸਫਾਈ ਆਦਿ ਦਾ ਕੰਮ ਵੀ ਸ਼ੁਰੂ ਹੋ ਗਿਆ ਸੀ ਕਿਉਂਕਿ ਸਫਾਈ ਮਜ਼ਦੂਰ ਰਖ ਲਿਏ ਗਏ ਸਨ। ਪਰ ਇਨ੍ਹਾਂ ਨੇ ਆ ਕੇ ਉਸ ਦੀ ਹਾਲਤ ਮੁੜ ਕੇ ਖਰਾਬ ਕਰ ਦਿੱਤੀ। ਹੁਣ ਅਕਾਲੀ ਦਲ ਦੀ ਸਰਕਾਰ ਆਈ ਹੈ ਅਤੇ ਫਿਰ ਪਿੰਡਾਂ ਦੀ ਹਾਲਤ ਸੁਧਾਰਨ ਵਲ ਧਿਆਨ ਦਿਤਾ ਜਾਏਗਾ।

ਗਵਰਨਰ ਸਾਹਿਬ ਦੇ ਐਡਰੈਸ ਵਿਚ ਸਕੂਲਾਂ ਦੀ ਗਲ ਕੀਤੀ ਗਈ ਹੈ। ਮੇਰੇ ਹਲਕੇ ਵਿਚ ਪਿਛਲੇ 5 ਸਾਲਾਂ ਵਿਚ ਇਕ ਸਿੰਗਲ ਸਕੂਲ ਤਕ ਨਹੀਂ ਖੋਲ੍ਹਿਆ ਗਿਆ ਔਰ ਉਸ ਤੋਂ ਪਹਿਲਾਂ ਜਦੋਂ ਅਕਾਲੀ ਸਰਕਾਰ ਸੀ ਉਥੇ 30, 30 ਸਕੂਲ ਖੋਲ੍ਹੇ ਗਏ ਸਨ। ਮੈਂ ਆਪਣੀ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਇਸ ਪਾਸੇ ਵੀ ਧਿਆਨ ਦੇਣ ਦੀ ਲੋੜ ਹੈ।

ਇਰੀਗੇਸ਼ਨ ਅਤੇ ਥੀਨ ਡੈਮ ਦੇ ਬਾਰੇ ਵਿਚ ਜ਼ਿਕਰ ਕੀਤਾ ਗਿਆ ਹੈ। ਸਾਡੇ ਵਿੱਤ ਮੰਤਰੀ ਸਾਹਿਬ ਨੇ ਪਿਛੇ ਜਿਹੇ ਕਿਹਾ ਸੀ ਕਿ 4 ਸਾਲਾਂ ਦੇ ਅੰਦਰ ਅੰਦਰ ਥੀਨ ਡੈਮ ਮੁਕੰਮਲ ਕੀਤਾ ਜਾਵੇਗਾ। ਇਹ ਪਿਛਲੇ 28 ਸਾਲਾਂ ਵਿਚ ਇਸ ਲਈ ਮੁਕੰਮਲ ਨਹੀਂ ਹੋ ਸਕਿਆ ਕਿਉਂਕਿ ਸੈਂਟਰ ਦੀ ਪੰਜਾਬ ਵੱਲ ਵਿਤਕਰੇ ਵਾਲੀ ਪਾਲਿਸੀ ਸੀ। ਸੌ ਕਰੋੜ ਰੁਪਿਆ ਰਾਵੀ ਦੇ ਪਾਣੀ ਦਾ ਪਾਕਿਸਤਾਨ ਨੂੰ ਵੀ ਦੇ ਦਿੱਤਾ ਅਤੇ ਹੁਣ ਇਹ ਵੀ 77,78 ਕਰੋੜ ਰੁਪਏ ਵਿਚ ਪੂਰਾ ਨਹੀਂ ਕੀਤਾ ਜਾ ਸਕਦਾ। ਮੇਰੀ ਅਰਜ਼ ਹੈ ਕਿ ਰੁਪਿਆ ਕੱਢ ਕੇ ਇਰੀਗੇਸ਼ਨ ਲਈ ਟਿਊਬਵੈਲ ਲਗਾ ਦਿਤੇ ਜਾਣ ਅਤੇ ਜਿਨ੍ਹਾਂ ਪਿੰਡਾਂ ਨੂੰ ਨਹਿਰਾਂ ਦਾ ਪਾਣੀ ਨਹੀਂ ਲਗਦਾ ਉਧਰ ਵੀ ਨਹਿਰਾਂ ਦਾ ਪਾਣੀ ਦਿੱਤਾ ਜਾਵੇ।

ਹੁਣ ਮੈਂ ਇੰਡਸਟਰੀ ਦੇ ਬਾਰੇ ਗੱਲ ਕਰਨੀ ਹੈ। ਜਿਥੋਂ ਤਕ ਨਰਮੇ ਦਾ ਸਬੰਧ ਹੈ, 18% ਨਰਮਾ ਸਿਰਫ ਪੰਜਾਬ ਵਿਚ ਹੁੰਦਾ ਹੈ, ਪਰ ਕਪੜਾ ਮਿੱਲਾਂ ਇਥੇ 3% ਹਨ। ਅਸੀਂ ਕਹਿੰਦੇ ਹਾਂ ਕਿ ਸ਼ੂਗਰ ਮਿੱਲਾਂ ਲਗਾਉਣ ਲਈ ਲਸੰਸ ਦਿਤੇ ਜਾਣ ਤਾਂ ਨਹੀਂ ਦਿਤੇ ਜਾਂਦੇ ਅਤੇ ਨਾ ਹੀ ਕਪੜੇ ਦੀਆਂ ਮਿੱਲਾਂ ਲਗਾਈਆਂ ਜਾਂਦੀਆਂ ਹਨ। ਇਹ ਪੰਜਾਬ ਨਾਲ ਬੜਾ ਵਿਤਕਰਾ ਹੈ। ਜਿਹੜਾ ਅਕਾਰਡ ਹੋਇਆ ਹੈ ਉਸ ਨੂੰ ਪੂਰੀ ਇਮਾਨਦਾਰੀ ਨਾਲ ਲਾਗੂ ਕਰਨਾ ਚਾਹੀਦਾ ਹੈ ਅਤੇ ਅਸੀਂ ਆਸ ਕਰਦੇ ਹਾਂ ਕਿ ਸਾਨੂੰ ਵੱਧ ਚੜ੍ਹ ਕੇ ਸਹਿਯੋਗ ਮਿਲੇ। ਇਕ ਰੇਲ ਦੇ ਡੱਬੇ ਬਣਾਉਣ ਵਾਲੇ ਕਾਰਖਾਨੇ ਨਾਲ ਕੰਮ ਨਹੀਂ ਚਲਣਾ। ਸਾਨੂੰ ਹੋਰ ਵੱਡੇ ਵੱਡੇ ਕਾਰਖਾਨੇ ਦਿਤੇ ਜਾਣ। ਅਟਾਮਿਕ ਪਲਾਂਟ ਲਗਾਇਆ ਜਾਵੇ ਅਤੇ ਹੋਰ ਵੱਡੇ ਵੱਡੇ ਕਾਰਖਾਨੇ ਲਗਾਏ ਜਾਣ।

ਬਿਜਲੀ ਦੀ ਗੱਲ ਹੈ। ਪਿੰਡਾਂ ਵਿਚ ਪਹਿਲਾਂ ਸਿਰਫ ਚਾਰ ਪੰਜ ਘੰਟੇ ਹੀ ਬਿਜਲੀ ਮਿਲਦੀ ਸੀ ਅਤੇ ਕਈ ਵਾਰੀ ਰੋਟੀ ਖਾਣ ਬੈਠਦੇ ਸੀ ਤਾਂ ਬਿਜਲੀ ਚਲੀ ਜਾਂਦੀ ਸੀ। ਹੁਣ ਇਹ ਜਿਹੜੀ 10, 15 ਦਿਨਾਂ ਦੀ ਸਰਕਾਰ ਆਈ ਹੈ ਇਸ ਦੇ ਸਮੇਂ ਵਿਚ ਪਿੰਡਾਂ ਵਿਚ 16, 17 ਘੰਟੇ ਬਿਜਲੀ ਰਹਿੰਦੀ ਹੈ। ਜਿਹੜੀ ਭਾਖੜੇ ਵਾਲੀ ਬਿਜਲੀ ਦਿੱਲੀ ਨੂੰ ਜਾ ਰਹੀ ਹੈ ਉਸ ਦੇ ਰੇਟ ਰੀਵਾਈਜ਼ ਹੋਣੇ ਚਾਹੀਦੇ ਹਨ।

ਟਰਾਂਸਪੋਰਟ ਦੀ ਗਲ ਕੀਤੀ ਗਈ ਹੈ। ਟਰਾਂਸਪੋਰਟ ਦਾ ਮਸਲਾ ਸਰਕਾਰ ਪਿਛਲੇ 37 ਸਾਲਾਂ ਵਿਚ ਨਹੀਂ ਨਜਿਠ ਸਕੀ। ਇਸ ਨੂੰ ਪੂਰੀ ਤਰ੍ਹਾਂ ਨੈਸ਼ਨੇਲਾਈਜ਼ ਨਹੀਂ ਕਰ ਸਕੀ। ਜਿਹੜੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜੀਤ ਸਿਘ ਮਿਨਹਾਸ, ਐਡਵੋਕੇਟ]
ਸਾਡੇ ਨੌਜਵਾਨਾਂ ਤੇ ਝੂਠੇ ਮੁਕੱਦਮੇਂ ਬਣਾ ਕੇ ਉਨ੍ਹਾਂ ਨੂੰ ਜੇਲ੍ਹਾਂ ਵਿਚ ਭੇਜ ਦਿਤਾ, ਹੋਰ ਬੇਰੋਜ਼ਗਾਰ ਪੜ੍ਹੇ ਲਿਖੇ ਨੌਜਵਾਨ ਹਨ ਉਨ੍ਹਾਂ ਨੂੰ ਰੋਜ਼ਗਾਰ ਦੇਣ ਲਈ ਮਿਨੀ ਬਸਾਂ ਦੇ ਪਰਮਿਟ ਦੇ ਦਿਤੇ ਜਾਣ ਅਤੇ ਬੈਂਕਾਂ ਤੋਂ ਪੈਸਿਆਂ ਦਾ ਇੰਤਜ਼ਾਮ ਵੀ ਕਰਾ ਦਿੱਤਾ ਜਾਵੇ ਤਾਂਕਿ ਜਿਨ੍ਹਾਂ ਪਿੰਡਾਂ ਵਿਚ ਬੱਸਾਂ ਨਹੀਂ ਜਾਂਦੀਆਂ ਔਰ ਲੋਕਾਂ ਨੂੰ ਕਾਫੀ ਤਕਲੀਫ਼ਾਂ ਹਨ ਉਹ ਤਕਲੀਫ਼ਾਂ ਦੂਰ ਹੋ ਜਾਣ। ਟਾਈਮਿੰਗ ਦੀ ਰੈਗੂਲੇਸ਼ਨ ਸਰਕਾਰ ਕੋਲ ਹੋਵੇ ਪਰ ਉਹ ਪ੍ਰਾਈਵੇਟ ਤੌਰ ਤੇ ਬੱਸਾਂ ਚਲਾਉਣ। ਸਰਕਾਰੀ ਬੱਸਾਂ ਵਾਂਗ ਖਿੜਕੀਆਂ ਟੁਟੀਆਂ ਨਾ ਹੋਣ ਅਤੇ ਸੀਟਾਂ ਫਟੀਆਂ ਹੋਈਆਂ ਨਾ ਹੋਣ। ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਉਨ੍ਹਾਂ ਨੌਜਵਾਨਾਂ ਨੂੰ ਛੁਡਾਉਣ ਲਈ ਅਸੀਂ ਪੂਰੇ ਯਤਨ ਕਰੀਏ।

ਜੋ ਇੰਡਸਟਰੀਅਲ ਲੋਨਜ਼ ਹਨ ਉਹ ਨੌਜਵਾਨਾਂ ਨੂੰ 50 ਹਜ਼ਾਰ ਤਕ ਬਗੈਰ ਸੂਦ ਦੇ ਦਿੱਤੇ ਜਾਣ ਔਰ ਬਜਾਏ ਸ਼ਹਿਰਾਂ ਦੇ ਪਿੰਡਾਂ ਵਿਚ ਇੰਡਸਟਰੀਜ਼ ਲਗਾਈਆਂ ਜਾਣ। ਲੀਡਰ ਆਫ ਦੀ ਆਪੋਜ਼ੀਸ਼ਨ ਨੇ ਖੁਦ ਵੀ ਆਖਿਆ ਹੈ ਕਿ ਸੜਕਾਂ ਦਾ ਮੰਦਾ ਹਾਲ ਹੈ, ਇਹ ਹੀ ਗੱਲ ਅਸੀਂ ਕਹਿੰਦੇ ਹਾਂ। ਸੜਕਾਂ ਦਾ ਤਾਂ ਇਹ ਹਾਲ ਹੈ ਕਿ ਮੇਰੇ ਹਲਕੇ ਆਦਮਪੁਰ ਵਿਚ ਸੰਨ 1977 ਵਿਚ ਡੇਢ ਕਿਲੋ ਮੀਟਰ ਦਾ ਸੜਕ ਦਾ ਟੋਟਾ ਬਣਿਆ ਸੀ। ਪਿਛਲੇ ਪੰਜਾਂ ਸਾਲਾਂ ਵਿਚੋਂ ਕੋਈ ਤਿੰਨ ਸਾਲ ਦਰਬਾਰਾ ਸਿੰਘ ਦੀ ਸਰਕਾਰ ਵੀ ਰਹੀ ਹੈ ਪਰ ਮੇਰੇ ਇਲਾਕੇ ਵਿਚ ਇਕ ਕਿਲੋਮੀਟਰ ਵੀ ਸੜਕ ਨਹੀਂ ਬਣੀ। ਇਕ ਹੋਰ ਸੜਕ ਹੈ ਰਾਜਪੁਰ ਤੋਂ ਪਤਿਆਲ ਉਸ ਸੜਕ ਤੇ ਜਦੋਂ ਅਕਾਲੀ ਸਰਕਾਰ ਸੀ ਤਾਂ ਪੱਥਰ ਪਾਇਆ ਗਿਆ ਸੀ ਪਰ ਪਿਛਲੇ ਪੰਜਾਂ ਸਾਲਾਂ ਵਿਚ ਉਸ ਪੱਥਰ ਤੇ ਬਜਰੀ ਤਕ ਵੀ ਨਹੀਂ ਪਾਈ ਗਈ। ਸੰਨ 1980 ਵਿਚ ਜਦੋਂ ਸਰਦਾਰ ਬਲਵੰਤ ਸਿੰਘ ਜੀ ਵਿੱਤ ਮੰਤਰੀ ਸਨ ਤਾਂ ਉਨ੍ਹਾਂ ਵੱਲੋਂ ਕੋਟਲੀ ਜਮੀਤ ਸਿੰਘ ਤੋਂ ਲੁਟੇਰਾ ਵਿਚਲੇ ਚੋਅ ਤੇ ਪੁਲ ਬਣਾਉਣ ਲਈ ਨੀਂਹ ਪੱਥਰ ਰੱਖਿਆ ਗਿਆ ਸੀ। ਅੱਜ ਵੀ ਉਥੇ ਉਸ ਤਰ੍ਹਾਂ ਹੀ ਨੀਂਹ ਪੱਥਰ ਲਗਿਆ ਹੋਇਆ ਹੈ ਪਰ ਕੋਈ ਉਸਾਰੀ ਦਾ ਕੰਮ ਨਹੀਂ ਅਰੰਭਿਆ ਗਿਆ। ਇਸ ਲਈ ਜੋ ਪਿਛਲੀ ਅਕਾਲੀ ਸਰਕਾਰ ਵਲੋਂ ਨਾ ਮੁਕੰਮਲ ਕੰਮ ਰਹਿ ਗਏ ਉਹ ਹੁਣ ਮੁਕੰਮਲ ਹੋਣਗੇ, ਇਸ ਲਈ ਵੀ ਮੈਂ ਸਰਕਾਰ ਨੂੰ ਵਧਾਈ ਦਿੰਦਾ ਹਾਂ।

ਫਿਰ ਮੈਂ ਹਰੀਜਨ ਧਰਮਸ਼ਾਲਾਵਾਂ ਲਈ ਵੀ ਕਹਾਂਗਾ ਕਿ ਇਹ ਵਧਾਈ ਵਾਲੀ ਗੱਲ ਹੋਵੇਗੀ ਜੇਕਰ ਅਸੀਂ ਧਰਮਸ਼ਾਲਾਵਾਂ ਲਈ ਵੀ ਪੈਸੇ ਕੱਢ ਸਕੀਏ। ਜਿਸ ਤਰ੍ਹਾਂ ਕਲ੍ਹ ਝੋਨੇ ਦੇ ਬਾਰੇ ਮਤਾ ਪੇਸ਼ ਕੀਤਾ ਗਿਆ ਸੀ ਇਸ ਤਰ੍ਹਾਂ ਹੀ ਅਸੀਂ ਜੋ ਸੈਸ ਲਗਾਇਆ ਜਾਂਦਾ ਹੈ ਉਹ ਖਤਮ ਕਰੀਏ। ਇਸ ਸਾਲ ਤਾਂ ਸ਼ਾਇਦ ਚੇਅਰਮੈਨ ਸਾਹਿਬ, ਪਾਸੀਬਲ ਨਾ ਹੋ ਸਕੇ ਪਰ ਅਗਲੇ ਸਾਲ ਤੋਂ ਇਹ ਹੋਣਾ ਚਾਹੀਦਾ ਹੈ ਕਿ ਐਫ. ਸੀ. ਆਈ. ਦੀ ਬਜਾਏ ਸਾਰੀ ਜਿਣਸ ਦੀ ਖਰੀਦ ਆਪ ਪੰਜਾਬ ਸਰਕਾਰ ਕਰੇ ਔਰ ਫਿਰ ਐਫ਼. ਸੀ. ਆਈ ਨੂੰ ਦੇਈਏ ਕਿਉਂਕਿ ਜਦੋਂ 18 ਫੀਸਦੀ ਨਮੀ ਵਾਲੀ ਜਿਣਸ ਨੂੰ ਨਾ ਖਰੀਦਿਆ ਜਾਵੇ ਤਾਂ ਕੋਈ ਵਜਾਹ ਨਹੀਂ ਰਹਿ ਜਾਂਦੀ ਕਿ ਕਿਸਾਨ ਨੂੰ ਪ੍ਰੇਸ਼ਾਨੀ ਤੋਂ ਬਚਾਉਣ ਲਈ ਸਰਕਾਰ ਉਹਦੀ ਖਰੀਦ ਖੁਦ ਨਾ ਕਰੇ। ਲੇਕਿਨ ਵਜਾਹ ਇਹ ਹੈ ਕਿ ਹਰ ਪਾਸੇ ਕੁਰੱਪਸ਼ਨ ਹੀ ਕੁਰੱਪਸ਼ਨ ਹੈ, ਦਫਤਰ ਵਿਚੋਂ ਕੋਈ ਕੰਮ ਕਰਾਉਣਾ ਹੋਵੇ, ਉਥੇ ਕੁਰੱਪਸ਼ਨ ਹੁੰਦੀ ਹੈ। ਕੁਰੱਪਸ਼ਨ ਤਾਂ ਇਥੋਂ ਤਕ ਪੁੱਜ ਗਈ ਹੈ ਕਿ ਇਹ ਲੋਕਾਂ ਨੂੰ ਕਹਿੰਦਿਆਂ ਸੁਣਿਆ ਗਿਆ ਹੈ ਕਿ ਇਕ ਕਾਂਸਟੇਬਲ ਦੀ ਭਰਤੀ ਲਈ 14/15 ਹਜ਼ਾਰ ਰੁਪਿਆ ਮੰਗਿਆ ਜਾ ਰਿਹਾ ਹੈ। ਇਹ ਬੜੀ ਹੀ ਭਿਆਨਕ ਗੱਲ ਹੈ ਅਤੇ ਇਸ ਤੇ ਜੇਕਰ ਕਾਬੂ ਨਾ ਪਾਇਆ ਗਿਆ ਤਾਂ ਦੇਸ਼ ਦੀ ਹਾਲਤ ਹੋਰ ਨਿਘਰਦੀ ਜਾਵੇਗੀ। ਮੈਂ ਇਹ ਬੇਨਤੀ ਕਰਦਾ ਹਾਂ ਕਿ ਇਹ ਜੋ ਅਕਾਰਡ ਹੋਇਆ ਹੈ ਉਸ ਦੀ

Original with;
Punjab Vidhan Sabha
Digitized by;
Panjab Digital Library

ਇੰਪਲੀਮੈਂਟੇਸ਼ਨ ਲਈ ਅਸੀਂ ਆਪਣਾ ਫਰਜ਼ ਸਮਝਦੇ ਹਾਂ। ਅਸੀਂ ਸਮਝਦੇ ਹਾਂ ਕਿ ਜੋ ਮੈਥਿਊ ਕਮਿਸ਼ਨ ਦੀ ਟਰਮਜ਼ ਆਫ ਰੈਫਰੈਂਸ ਵਿਚ ਤਬਦੀਲੀ ਕੀਤੀ ਗਈ ਹੈ, ਜਦੋਂ ਪ੍ਰਧਾਨ ਮੰਤਰੀ ਜੀ ਮੰਨਦੇ ਹਨ ਕਿ ਤਬਦੀਲੀ ਗਲਤ ਹੋਈ ਹੈ ਤਾਂ ਕਿਉਂ ਨਹੀਂ ਉਸ ਵਿਚ ਮੁੜ ਬਦਲੀ ਕੀਤੀ ਜਾਂਦੀ ? ਇਕ ਸਰਕਾਰੀਆ ਕਮਿਸ਼ਨ ਬਣਾਇਆ ਔਰ ਆਨੰਦਪੁਰ ਸਾਹਿਬ ਦਾ ਮਤਾ ਉਸ ਨੂੰ ਰੈਫਰ ਕੀਤਾ ਗਿਆ ਹੈ। ਚੇਅਰਮੈਨ ਸਾਹਿਬ, ਉਸ ਮਤੇ ਬਾਰੇ ਵੀ ਮੇਰੀ ਬੇਨਤੀ ਹੈ ਕਿ ਸਰਕਾਰ ਉਸ ਮਤੇ ਤੇ ਫੈਸਲਾ ਸ਼ੀਘਰ ਤੋਂ ਸ਼ੀਘਰ ਕਰਵਾਵੇ। ਇਹ ਭਰਾ ਜਿਹੜੇ ਸਾਹਮਣੇ ਬੈਠੇ ਹਨ ਇਹ ਦੱਸਣ ਕਿ ਕੀ ਖਾਮੀਆਂ ਹਨ ਕਿਉਂਕਿ ਅਸੀਂ ਕੋਈ ਵੀ ਆਪਣੀ ਗੱਲ ਦਲੀਲ ਰਹਿਤ ਨਹੀਂ ਮਨਵਾਉਣਾ ਚਾਹੁੰਦੇ, ਅਸੀਂ ਦਲੀਲ ਨਾਲ ਆਪਣੀ ਗੱਲ ਮਨਵਾਵਾਂਗੇ। ਫਿਰ ਚੰਡੀਗੜ੍ਹ ਬਾਰੇ ਫੈਸਲਾ ਹੋਇਆ ਹੈ, ਪੰਜਾਬੀ ਬੋਲਦੇ ਇਲਾਕਿਆਂ ਬਾਰੇ ਫੈਸਲਾ ਹੋਵੇਗਾ ਪਰ ਇਹ ਸਭ ਕੁਝ ਛੇਤੀ ਹੋਣਾ ਚਾਹੀਦਾ ਹੈ। ਚੇਅਰਮੈਨ ਸਾਹਿਬ, ਮੈਨੂੰ ਇਕ ਸਿਖ ਹੋਣ ਦੇ ਨਾਤੇ ਵੀ ਪੰਜਾਬ ਤੋਂ ਬਾਹਰ ਰਹਿੰਦੇ ਸਿੱਖਾਂ ਨਾਲ ਵਿਸ਼ੇਸ਼ ਹਮਦਰਦੀ ਹੈ। ਉਨ੍ਹਾਂ ਸਿੱਖਾਂ ਨਾਲ ਜੋ ਕੁਝ ਦਿੱਲੀ, ਕਾਨਪੁਰ ਜਾਂ ਬੁਕਾਰੋ ਵਿਚ ਹੋਇਆ ਹੈ ਉਹ ਖਿਆਨ ਕਰਨ ਤੋਂ ਬਾਹਰੀ ਗਲ ਹੈ। ਬਕਾਰੋ ਵਿਚ 300 ਆਦਮੀ ਜਿਉਂਦੇ ਸਾੜ ਦਿੱਤੇ ਗਏ। ਜਿਹੜੇ ਕਸੂਰਵਾਰ ਸਨ ਉਨ੍ਹਾਂ ਬਾਰੇ ਇਨਕੁਆਇਰੀ ਕਰਨ ਲਈ ਕਮਿਸ਼ਨ ਬਣਾਇਆ ਗਿਆ ਹੈ। ਉਨ੍ਹਾਂ ਦੀ ਫਈਂਡਿਗਜ਼ ਵੀ ਸਾਡੇ ਲਈ ਆਈ ਓਪਨਰ ਹੋਣਗੀਆਂ ਬਲਿਕ ਅਸੀਂ ਜੋਰ ਇਸ ਗਲ ਤੇ ਪਾਈਏ ਕਿ ਉਨ੍ਹਾਂ ਕਮਿਸ਼ਨ ਦੀਆਂ ਟਰਮਜ਼ ਆਫ ਰੈਫਰੈਂਸਿਜ਼ ਵੀ ਚੇਂਜ ਹੋ ਜਾਣ। ਚਾਹੀਦਾ ਤਾਂ ਇਹ ਹੈ ਕਿ ਜੇਕਰ ਉਸ ਵਿਚ ਹੋਰ ਕਿਸੇ ਦਾ ਵੀ ਹੱਥ ਸਾਬਤ ਹੋ ਜਾਵੇ ਤਾਂ ਉਸ ਦੇ ਵਾਸਤੇ ਵੀ ਸਜ਼ਾ ਮੁਕੱਰਰ ਕੀਤੀ ਜਾਵੇ।

ਫਿਰ, ਚੇਅਰਮੈਨ ਸਾਹਿਬ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਗੱਲ ਹੈ। ਮੈਂ ਮੁੱਖ ਮੰਤਰੀ ਜੀ ਦਾ ਧਿਆਨ ਇਸ ਪਾਸੇ ਦਿਵਾਂਵਾਗਾ ਕਿ ਜਿਨ੍ਹਾਂ ਪੁਲਿਸ ਅਫਸਰਾਂ ਨੇ ਅੱਤਿਆਚਾਰ ਕੀਤਾ ਹੈ, ਜਿਨ੍ਹਾਂ ਨੇ ਸਾਡੇ ਨੌਜਵਾਨਾਂ ਤੇ ਝੂਠੇ ਮੁਕੱਦਮੇ ਬਣਾਏ ਹਨ ਉਨ੍ਹਾਂ ਨੂੰ ਵੀ ਸਜ਼ਾ ਦਿੱਤੀ ਜਾਵੇ। ਇਥੋਂ ਤਕ ਝੂਠੇ ਮੁਕੱਦਮਿਆਂ ਦਾ ਹਾਲ ਸੀ ਕਿ ਮੇਰੇ ਤੇ ਸੰਨ 1982 ਵਿਚ ਇਕ ਮੁਕਦਮਾ ਬਣਾ ਦਿੱਤਾ ਕਿ ਮੈਂ ਆਦਮਪੁਰ ਰੇਲਵੇ ਸਟੇਸ਼ਨ ਦੀ ਪਟੜੀ ਤੋੜਨ ਗਿਆ ਸੀ। ਇਸ ਲਈ ਮੈਂ ਸਮਝਦਾ ਹਾਂ ਕਿ ਜਿਹੜੇ ਪੁਲਿਸ ਅਫਸਰਾਂ ਨੇ ਝੂਠੇ ਕੇਸ ਬਣਾਏ ਹਨ ਉਨ੍ਹਾਂ ਦੇ ਖਿਲਾਫ ਕਾਰਵਾਈ ਹੋਣੀ ਚਾਹੀਦੀ ਹੈ ਔਰ ਉਨ੍ਹਾਂ ਨੌਜਵਾਨਾਂ ਨੂੰ ਜਿਨ੍ਹਾਂ ਦੇ ਖਿਲਾਫ ਕੇਸ ਬਣੇ ਹੋਏ ਹਨ, ਰਿਹਾ ਕਰਵਾ ਕੇ ਮੇਨਸਟਰੀਮ ਵਿਚ ਆਉਣ ਦਾ ਮੌਕਾ ਦੇਣਾ ਚਾਹੀਦਾ ਹੈ।

ਚੇਅਰਮੈਨ ਸਾਹਿਬ, ਇਕ ਮੈਂ ਮੁਲਾਜ਼ਮਾਂ ਬਾਰੇ ਵੀ ਗੱਲ ਕਰਨੀ ਹੈ। ਮੈਂ ਸਰਕਾਰ ਨੂੰ ਵਧਾਈ ਦੇਵਾਗਾਂ ਕਿ ਪੇਅ ਕਮਿਸ਼ਨ ਦਾ ਐਲਾਨ ਸਰਕਾਰ ਨੇ ਕੀਤਾ ਹੈ। ਮੈਂ ਆਸ ਕਰਾਂਗਾ ਕਿ ਵਿੱਤ ਮੰਤਰੀ ਜੀ ਬੜੇ ਲਾਇਕ ਹਨ, ਉਹ ਇੰਪਲਾਈਜ਼ ਦੀ ਯੂਨੀਅਨ ਨਾਲ ਉਸ ਕਮਿਸ਼ਨ ਦੀਆਂ ਟਰਮਜ਼ ਆਫ ਰੈਫਰੈਂਸ ਬਾਰੇ ਵਿਚਾਰ ਕਮਿਸ਼ਨ ਦੇ ਮੁਕੱਰਰ ਕਰਨ ਤੋਂ ਪਹਿਲਾਂ ਹੀ ਕਰ ਲੈਣ ਤਾਕਿ ਇੰਪਲਾਈਜ਼ ਨਾਲ ਕੋਈ ਬੇਇਨਸਾਫੀ ਨਾ ਹੋਵੇ ਕਿਉਂਕਿ ਟਰਮਜ਼ ਆਫ ਰੈਫਰੈਂਸ ਤੇ ਹੀ ਝਗੜਾ ਪੈਂਦਾ ਹੈ।

ਚੇਅਰਮੈਨ ਸਾਹਿਬ, ਮੈਂ ਤਿੰਨ ਸਾਲ ਜਲੰਧਰ ਦੇ ਇੰਪਰੂਵਮੈਂਟ ਟਰੱਸਟ ਦਾ ਚੇਅਰਮੈਨ ਰਿਹਾ ਹਾਂ। ਵੈਸੇ ਤਾਂ ਮੈਂ ਪਿੰਡਾਂ ਤੋਂ ਆਇਆ ਹਾਂ ਪਰ ਬਤੌਰ ਚੇਅਰਮੈਨ ਰਹਿਣ ਦੇ ਮੇਰਾ ਕੁਝ ਉਸ ਸ਼ਹਿਰ ਨਾਲ ਹਿਤ ਹੈ। ਇਨ੍ਹਾਂ ਕਾਂਗਰਸ ਪਾਰਟੀ ਵਾਲਿਆਂ ਨੇ ਸਾਰੇ ਸਾਲ ਵਿਚ ਕੋਈ 3,000 ਦੇ ਕਰੀਬ ਪਲਾਟ ਅਲਾਟ ਕੀਤੇ ਹੋਣਗੇ, ਇਤਨੇ ਪਾਲਟ ਅਸੀਂ ਤਿੰਨ ਸਾਲਾਂ ਵਿਚ ਅਲਾਟ ਕੀਤੇ ਹਨ। ਡਾਕਟਰ ਕੇਵਲ ਕ੍ਰਿਸ਼ਨ ਨੇ ਤਾਂ ਟਰੱਸਟਾਂ ਦੀ ਜੋ ਬੁਰੀ ਹਾਲਤ ਕਰ ਦਿੱਤੀ ਸੀ ਉਹ ਬਿਆਨ ਨਹੀਂ ਕੀਤੀ ਜਾ ਸਕਦੀ। ਕਿਉਂਕਿ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜੀਤ ਸਿੰਘ ਮਿਨਹਾਸ ਐਡਵੋਕੇਟ]

ਮੈਨੂੰ ਉਸ ਸ਼ਹਿਰ ਨਾਲ ਹਮਦਰਦੀ ਹੈ ਜਿਸ ਕਰਕੇ ਮੇਰੀ ਬੇਨਤੀ ਹੈ ਕਿ ਉਸ ਦੀ ਡਿਵੈਲਪਮੈਂਟ ਵਲ ਸਰਕਾਰ ਧਿਆਨ ਦੇਵੇ। ਭਾਵੇਂ ਚੌਧਰੀ ਜਗਜੀਤ ਸਿੰਘ ਜੀ ਮੇਰੀ ਗੱਲ ਤੇ ਹੱਸ ਰਹੇ ਹਨ ਪਰ ਇਨ੍ਹਾਂ ਨੂੰ ਵੀ ਪਤਾ ਹੈ ਕਿ ਉਸ ਸ਼ਹਿਰ ਦਾ ਆਲਾ ਦੁਆਲਾ ਬਹੁਤ ਖਰਾਬ ਹੋ ਗਿਆ ਹੈ। ਮੈਂ ਸਮਝਦਾ ਹਾਂ ਕਿ ਇਸ ਬਾਰੇ ਵੀ ਇਨਕੁਆਇਰੀ ਕਰਕੇ ਸ਼ਹਿਰ ਦੀ ਡਿਵੈਲਪਮੈਂਟ ਬਾਰੇ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਮੈਂ ਇਹ ਵੀ ਬੇਨਤੀ ਕਰਾਂਗਾ ਕਿ ਜਲੰਧਰ, ਲੁਧਿਆਣਾ, ਪਟਿਆਲਾ ਵਰਗੇ ਸ਼ਹਿਰਾਂ ਤੇ ਜ਼ਿਆਦਾ ਜ਼ੋਰ ਨਾ ਪਾਇਆ ਜਾਵੇ, ਅਸੀਂ ਪਿੰਡਾਂ ਨੂੰ ਵੀ ਆਰਗੇਨਾਈਜ਼ ਕਰੀਏ। ਜਿਸ ਤਰ੍ਹਾਂ ਆਦਮਪੁਰ ਹੈ, ਨਕੋਦਰ ਹੈ ਜਾਂ ਨਵਾਂਸ਼ਹਿਰ ਹੈ, ਉਥੇ ਪਲਾਂਟਸ ਲਗਾਏ ਜਾਣ ਤਾਕਿ ਜਿਹੜੇ ਲੋਕ ਸਾਡੇ ਯੂਰਪ ਵਿਚ ਬੈਠੇ ਹਨ, ਕਨੈਡਾ ਵਿਚ ਬੈਠੇ ਹਨ, ਜੇਕਰ ਉਨ੍ਹਾਂ ਨੂੰ ਅਸੀਂ ਚੰਗਾ ਇਨਵਾਇਰਮੈਂਟ ਦੇਈਏ ਤਾਂ ਉਹ ਐਸੀਆਂ ਥਾਵਾਂ ਤੇ ਆਪਣੇ ਮਕਾਨ ਬਣਾ ਸਕਦੇ ਹਨ, ਕੋਠੀਆਂ ਬਣਾ ਸਕਦੇ ਹਨ। ਜਿਹੜੇ ਲੋਕਾਂ ਨੇ ਇਰਰੈਗੂਲਰ ਤਰੀਕੇ ਨਾਲ ਬਸਤੀਆਂ ਬਣਾਈਆਂ ਹੋਈਆਂ ਹਨ ਜਾਂ ਬਣਾ ਰਹੇ ਹਨ ਉਸ ਪਾਸੇ ਵੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ।

ਚੇਅਰਮੈਨ ਸਾਹਿਬ, ਜਲੰਧਰ ਬਾਰੇ ਮੈਂ ਇਕ ਹੋਰ ਗਲ ਕਹਾਂਗਾ। ਉਥੇ ਸੀਵਰ ਔਰ ਵਾਟਰ ਦਾ ਡਬਲ ਬਿੱਲ ਆਉਂਦਾ ਹੈ। ਸੀਵਰ ਦਾ ਵੱਖਰਾ ਅਤੇ ਪਾਣੀ ਦਾ ਵੱਖਰਾ ਬਿਲ ਆਉਂਦਾ ਹੈ। ਇਹ ਇਕ ਬਿੱਲ ਹੀ ਹੋਣਾ ਚਾਹੀਦਾ ਹੈ। ਆਖਿਰ ਵਿਚ ਮੈਂ ਇਹ ਕਹਾਂਗਾ ਕਿ ਜੋ ਸ਼ੁਭ ਭਾਵਨਾਵਾਂ ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿਚ ਪ੍ਰਗਟ ਕੀਤੀਆਂ ਹਨ, ਔਰ ਜੋ ਉਨ੍ਹਾਂ ਦੇ ਧੰਨਵਾਦ ਦਾ ਮਤਾ ਰੱਖਿਆ ਗਿਆ ਹੈ, ਮੈਂ ਪ੍ਰੋੜਤਾ ਕਰਦਾ ਹਾਂ ਔਰ ਗਵਰਨਰ ਸਾਹਿਬ ਦਾ ਔਰ ਆਪ ਦਾ ਧੰਨਵਾਦ ਕਰਦਾ ਹਾਂ। ਮੈਂ ਆਸ ਕਰਾਂਗਾ ਕਿ ਆਉਣ ਵਾਲੇ ਪੰਜਾਂ ਸਾਲਾਂ ਵਿਚ ਆਪੋਜ਼ੀਸ਼ਨ ਪੂਰੀ ਤਰ੍ਹਾਂ ਨਾਲ, ਆਪਣੀ ਰਿਸਪਾਂਸੇਬਿਲਿਟੀ ਨਾਲ ਪੰਜਾਬ ਸਰਕਾਰ ਦਾ ਸਮੱਰਥਨ ਕਰੇਗੀ ਔਰ ਅਸੀਂ ਪਿਆਰ ਨਾਲ ਪੰਜਾਬ ਦੇ ਲੋਕਾਂ ਦੀ ਸੇਵਾ ਕਰਨੀ ਹੈ, ਇਨ੍ਹਾਂ ਵਾਂਗ ਹਾਕਮ ਬਣ ਕੇ ਨਹੀਂ ਰਹਿਣਾ, ਅਸੀਂ ਸੇਵਕ ਬਣ ਕੇ ਰਹਿਣਾ ਹੈ। ਧੰਨਵਾਦ।

**ਪੰਡਿਤ ਸਰਵਣ ਰਾਮ ਮਨਸੋਵਾਲੀਆ** (ਗੜ੍ਹਸ਼ੰਕਰ) : ਚੇਅਰਮੈਨ ਸਾਹਿਬ, ਤੁਹਾਡੀ ਬੜੀ ਮੇਹਰਬਾਨੀ ਹੈ ਕਿ ਤੁਸੀ ਅੱਜ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਜਿਥੋਂ ਤਕ ਅੱਜ ਗਵਰਨਰ ਐਡਰਸ ਤੇ ਬੋਲਿਆ ਗਿਆ ਹੈ ਮੈਂ ਇਹ ਸਮਝਦਾ ਹਾਂ ਕਿ ਕਈ ਗੱਲਾਂ ਤਾਂ ਮੇਰੇ ਸਾਹਮਣੇ ਬੈਠੇ ਭਰਾਵਾਂ ਨੇ ਅੱਖਾਂ ਮੀਟ ਕੇ ਹੀ ਕੀਤੀਆਂ ਹਨ ਜਿਥੋਂ ਤਕ ਤੁਅਲਕ ਹੈ ਧਰਮ ਅਸਥਾਨਾਂ ਦਾ, ਮੈਂ ਦਸਦਾ ਹਾਂ ਕਿ ਕਈ ਵਾਰ ਅਨੰਦਪੁਰ ਦੀ ਗਲ ਆਈ ਹੈ ਔਰ ਮੈਂ ਸਮਝਦਾ ਹਾਂ ਕਿ 1952 ਤੋਂ ਲੈ [illegible]977 ਤਕ ਜਿਤਨੀ ਕੋਸ਼ਿਸ਼ ਅਨੰਦਪੁਰ ਸਾਹਿਬ ਨੂੰ ਸੋਹਣਾ ਬਣਾਉਣ ਵਾਸਤੇ ਕਾਂਗ੍ਰਸ ਸਰਕਾਰ ਵਲੋਂ ਕੀਤੀ ਗਈ ਹੈ, ਉਤਨੀ ਕੋਸ਼ਿਸ਼ ਇਨ੍ਹਾਂ ਦੀਆਂ ਸਰਕਾਰਾਂ ਵੀ ਕਰ ਰਹੀਆਂ ਹਨ, ਉਤਨੇ ਯਤਨ ਨਹੀਂ ਕੀਤੇ ਗਏ। ਕਾਂਗ੍ਰਸ ਸਰਕਾਰ ਵਲੋਂ ਇਸ ਵਾਸਤੇ ਬੜੇ ਯਤਨ ਕੀਤੇ ਜਾਂਦੇ ਰਹੇ ਹਨ (ਥੰਪਿੰਗ)।

ਜਿਥੋਂ ਤਕ ਤੁਅੱਲਕ ਹੈ ਅਨੰਦਪੁਰ ਸਾਹਿਬ ਤੇ ਗੋਬਿੰਦ ਮਾਰਗ ਬਣਾਉਣ ਦਾ, ਇਹ ਕੰਮ ਵੀ ਸਾਡੀ ਕਾਂਗਰਸ ਸਰਕਾਰ ਨੇ ਹੀ ਕੀਤਾ ਸੀ। ਚੇਅਰਮੈਨ ਸਾਹਿਬ, ਮੈਂ ਸਮਝਦਾ ਹਾਂ ਕਿ ਜਿਹੜੀ ਚੰਗੀ ਗੱਲ ਹੈ ਉਸ ਨੂੰ ਮੇਰੇ ਸਾਹਮਣੇ ਬੈਠੇ ਭਰਾਵਾਂ ਨੂੰ ਚੰਗਾ ਕਹਿਣਾ ਚਾਹੀਦਾ ਹੈ। ਕਾਂਗਰਸ ਸਰਕਾਰ ਹਮੇਸ਼ਾ ਹੀ ਧਰਮ ਅਸਥਾਨਾਂ ਦੀ ਤਰਕੀ ਦਾ ਖਿਆਲ ਰਖਦੀ ਰਹੀ ਹੈ। ਜਿਥੋਂ ਤਕ ਤੁਅੱਲਕ ਹੈ ਹੋਰ ਪੰਜਾਬ ਦੀ ਤਰਕੀ ਦਾ, ਉਹ ਵੀ ਮੈਂ ਸਮਝਦਾ ਹਾਂ ਕਿ ਪਿਛਲੇ ਸਮੇਂ 1980 ਤੋਂ ਲੈ ਕੇ ਜਿਹੜੀ ਤਰੱਕੀ ਹੁਣ ਤਕ ਹੋਈ ਹੈ ਉਹ ਬਹੁਤ ਹੀ ਸ਼ਲਾਘਾਯੋਗ ਗੱਲ ਹੈ। (ਵਿਘਨ) ਕਰੋੜਾਂ ਰੁਪਏ ਪਿੰਡਾਂ ਦੀਆਂ ਗਲੀਆਂ, ਨਾਲੀਆਂ ਔਰ ਸੜਕਾਂ ਬਣਾਉਣ ਤੇ ਖਰਚ ਕੀਤੇ ਜਾਂਦੇ ਰਹੇ ਹਨ। ਕਰੋੜਾਂ ਰੁਪਏ ਹਸਪਤਾਲਾਂ ਔਰ

Original with;
Punjab Vidhan Sabha
Digitized by;
Panjab Digital Library

ਸਕੂਲ ਖੋਲ੍ਹਣ ਤੇ ਖਰਚ ਕੀਤੇ ਗਏ ਹਨ। ਇਹ ਤੁਸੀਂ ਆਪ ਵੇਖ ਸਕਦੇ ਹੋ ਕਿ ਪਿਛਲੇ ਸਮੇਂ ਵਿਚ ਪੰਜਾਬ ਵਿਚ ਕਿੰਨੀ ਤਰੱਕੀ ਹੋਈ ਹੈ।

ਜਿਥੋਂ ਤਕ ਕੰਡੀ ਏਰੀਆ ਦੀ ਤਰੱਕੀ ਦਾ ਸਵਾਲ ਹੈ, ਕਾਂਗਰਸ ਸਰਕਾਰ ਜਿਸ ਵੇਲੇ ਵੀ ਆਈ, ਕੰਡੀ ਏਰੀਆ ਵਾਸਤੇ ਕਾਫੀ ਯਤਨ ਕੀਤੇ ਗਏ। ਕਿਉਂਕਿ ਕੰਡੀ ਏਰੀਆ ਬਹੁਤ ਪਛੜਿਆ ਹੋਇਆ ਇਲਾਕਾ ਹੈ, ਇਸ ਲਈ ਕਾਂਗ੍ਰਸ ਸਰਕਾਰ ਨੇ ਹਮੇਸ਼ਾ ਹੀ ਇਸ ਵਾਸਤੇ ਬਹੁਤ ਪੈਸਾ ਖਰਚਿਆ। ਇਹ ਇਲਾਕਾ ਜੋ ਹੈ ਇਹ ਚੰਡੀਗੜ੍ਹ ਤੋਂ ਲੈ ਕੇ ਧਾਰ ਬਲਾਕ ਪਠਾਨਕੋਟ ਦੇ ਚੜ੍ਹਦੇ ਪਾਸੇ ਤਕ ਦਾ ਹੈ ਔਰ ਇਸ ਵਾਸਤੇ ਕਾਂਗ੍ਰਸ ਸਰਕਾਰ ਨੇ ਹਮੇਸ਼ਾ ਹੀ ਧਿਆਨ ਦਿੱਤਾ ਹੈ। ਪਿਛਲੀ ਕਾਂਗ੍ਰਸ ਸਰਕਾਰ ਵੀ ਜਿਹੜੀ ਕਿ 1980 ਤੋਂ 1982 ਤਕ ਰਹੀ ਉਸ ਸਰਕਾਰ ਨੇ ਵੀ ਸਾਡੇ ਇਲਾਕੇ ਨੂੰ ਸੁਧਾਰਣ ਦੇ ਕਾਫੀ ਯਤਨ ਕੀਤੇ। ਸਕੂਲ ਖੋਲ੍ਹੇ ਗਏ, ਹਸਪਤਾਲ ਬਣਾਏ ਗਏ, ਹਰ ਪਿੰਡ ਨੂੰ ਸੜਕ ਦਿੱਤੀ ਗਈ ਅਤੇ ਹੋਰ ਵੀ ਬਹੁਤ ਸਾਰੇ ਕੰਮ ਇਸ ਇਲਾਕੇ ਵਾਸਤੇ ਕੀਤੇ ਗਏ ਸਨ। ਹੁਣ ਵੀ ਜੋ ਗਵਰਨਰ ਐਡਰਸ ਆਇਆ ਹੈ ਉਸ ਵਿਚ ਪਛੜੇ ਇਲਾਕੇ ਵਾਸਤੇ ਪੀਣ ਦੇ ਪਾਣੀ ਦਾ ਪ੍ਰਬੰਧ ਕਰਨ ਲਈ ਕਿਹਾ ਹੈ। ਪਰ ਮੈਂ ਸਮਝਦਾ ਹਾਂ ਕਿ ਇਹ ਇਕ ਬੇਸਿਕ ਨੀਡ ਹੈ ਔਰ ਇਸ ਨੂੰ ਪੂਰਾ ਕਰਨ ਦੇ ਯਤਨ ਕਰਨੇ ਚਾਹੀਦੇ ਹਨ। ਇਸ ਤੋਂ ਇਲਾਵਾ ਇਨ੍ਹਾਂ ਇਲਾਕਿਆਂ ਵਿਚ ਜਿਹੜੀ ਉਪਜਾਊ ਜ਼ਮੀਨ ਹੈ, ਉਥੇ ਪਾਣੀ ਦੇਣ ਵਾਸਤੇ ਇਸ ਗਵਰਨਰ ਐਡਰਸ ਵਿਚ ਕੋਈ ਜ਼ਿਕਰ ਨਹੀਂ ਕੀਤਾ ਗਿਆ। ਮੈਂ ਸਮਝਦਾ ਹਾਂ ਕਿ ਕੰਡੀ ਏਰੀਆ ਵਿਚ ਜ਼ਮੀਨ ਨੂੰ ਪਾਣੀ ਦੇਣ ਦਾ ਵੀ ਜ਼ਰੂਰ ਪ੍ਰਬੰਧ ਕਰਨਾ ਚਾਹੀਦਾ ਹੈ ਤਾਕਿ ਉਥੋਂ ਦੇ ਲੋਕ ਜ਼ਿਆਦਾ ਅਨਾਜ ਪੈਦਾ ਕਰ ਸਕਣ। ਉਥੇ ਜਿਹੜੀ ਉਪਜਾਊ ਜ਼ਮੀਨ ਹੈ ਉਸ ਨੂੰ ਪਾਣੀ ਨਹੀਂ ਮਿਲਦਾ ਤਾਂ ਉਥੇ ਫਸਲ ਕਿਸ ਤਰ੍ਹਾਂ ਹੋਵੇਗੀ। ਪਿਛਲੀ ਅਕਾਲੀ ਸਰਕਾਰ ਨੇ ਸਾਡੇ ਇਲਾਕੇ ਵਿਚ ਵੀ ਫੋਕਲ ਪੁਆਇੰਟ ਬਣਾ ਦਿਤੇ ਸਨ ਪਰ ਉਥੇ ਇਕ ਬੋਰੀ ਤਾਂ ਅਨਾਜ ਦੀ ਨਹੀਂ ਆਉਂਦੀ। ਉਸ ਦਾ ਕੀ ਫਾਇਦਾ ਸੀ। ਇਹ ਅਕਾਲੀ ਸਰਕਾਰ ਦੀਆਂ ਗਲਤ ਪਾਲਿਸੀਆਂ ਹੀ ਸਨ। ਪਰ ਇਹ ਆਪਣੀਆਂ ਗਲਤ ਨੀਤੀਆਂ ਵੀ ਕਾਂਗਰਸ ਤੇ ਹੀ ਸੁਟਦੇ ਹਨ ਜਿਥੋਂ ਤਕ ਪੁਲਿਟੀਕਲ ਗਲ ਹੈ ਉਹ ਤਾਂ ਠੀਕ ਹੈ ਪਰ ਪੰਜਾਬ ਦੀ ਤਰੱਕੀ ਵਾਸਤੇ ਸਾਡੇ ਸਾਰਿਆਂ ਦੀ ਬਰਾਬਰ ਦੀ ਜ਼ਿੰਮੇਵਾਰੀ ਹੈ। ਪਿਛੇ ਦੋ ਸਾਲ ਕਾਂਗ੍ਰਸ ਦਾ ਰਾਜ ਰਿਹਾ ਔਰ 3 ਸਾਲ ਗਵਰਨਰ ਦਾ ਰਾਜ ਰਿਹਾ ਹੈ। ਗਵਨਰਰ ਰਾਜ ਵੇਲੇ ਜੋ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਹੁੰਦੇ ਹਨ ਉਹ ਕੰਮ ਨਹੀਂ ਕਰਦੇ ਬਲਕਿ ਅਫਸਰ ਦੀ ਅਫਸਰਸ਼ਾਹੀ ਹੀ ਚਲਦੀ ਹੈ ਔਰ ਤੁਸੀਂ ਵੇਖਦੇ ਹੋ ਕਿ ਜੋ ਹਾਲਾਤ ਪਿਛਲੇ ਸਮੇਂ ਵਿਚ ਪੰਜਾਬ ਵਿਚ ਹੋਏ ਹਨ ਉਸ ਦੀ ਜ਼ਿੰਮੇਵਾਰੀ ਤੋਂ ਇਹ ਬਚ ਨਹੀਂ ਸਕਦੇ। ਇਥੋਂ ਤਕ ਕਿ ਇਨ੍ਹਾਂ ਨੇ ਦੇਸ਼ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਕਤਲ ਕਰਨ ਵਾਲਿਆਂ ਨੂੰ ਨਿਵਾਜਿਆ ਅਤੇ ਉਨ੍ਹਾਂ ਨੂੰ ਸਰੋਪੇ ਦਿੱਤੇ। ਇਹ ਨਹੀਂ ਸੀ ਚਾਹੀਦਾ। ਅਸੀਂ ਸਾਰੇ ਪੰਜਾਬ ਦੀ ਹਾਲਤ ਵਾਸਤੇ ਭਾਈਵਾਲ ਹਾਂ। ਅਸੀਂ ਸਾਰੇ ਮਿਲ ਕੇ ਪੰਜਾਬ ਦੀ ਤਕਦੀਰ ਬਣਾਉਣੀ ਹੈ। ਸਾਰਿਆਂ ਨੇ ਮਿਲ ਕੇ ਹਿੱਸਾ ਪਾਉਣਾ ਹੈ। ਕਾਤਲਾਂ ਦੀ ਹੌਸਲਾ ਅਫਜ਼ਾਈ ਕਰਨਾ ਕੋਈ ਚੰਗੀ ਗਲ ਨਹੀਂ। ਇਹ ਜਿਹੜਾ ਹੁਣ ਸਮਝੌਤਾ ਰਾਜੀਵ ਗਾਂਧੀ ਔਰ ਲੌਂਗੋਵਾਲ ਦੇ ਦਰਮਿਆਨ ਹੋਇਆ ਹੈ, ਮੈਂ ਸਮਝਦਾ ਹਾਂ ਕਿ ਇਹ ਮੇਰੇ ਅਕਾਲੀ ਭਰਾ ਇਸ ਦੀ ਸਪਿਰਿਟ ਨੂੰ ਖ਼ਤਮ ਕਰਨਾ ਚਾਹੁੰਦੇ ਹਨ। ਸਾਡਾ ਸਾਰਿਆਂ ਦਾ ਫਰਜ਼ ਹੈ ਕਿ ਅਸੀਂ ਇਸ ਸਮਝੌਤੇ ਨੂੰ ਸਿਰੇ ਚੜ੍ਹਾਈਏ। ਸਾਡੇ ਜੋ ਆਪੋਜ਼ੀਸ਼ਨ ਦੇ ਲੀਡਰ ਹਨ ਇਨ੍ਹਾਂ ਨੇ ਇਥੇ ਕਿਹਾ ਹੈ ਕਿ ਸਾਡੀ ਪਾਰਟੀ ਸਮਝੌਤੇ ਨੂੰ ਸਿਰੇ ਚੜ੍ਹਾਉਣ ਲਈ ਪਾਬੰਦ ਹੈ ਤਾਕਿ ਪੰਜਾਬ ਵਿਚ ਜਿਹੜੇ ਹਾਲਾਤ ਵਿਗੜੇ ਹਨ, ਪੰਜਾਬ ਜੋ ਖ਼ੂਨੀ ਸ਼ਿਕੰਜੇ ਵਿਚੋਂ ਨਿਕਲਿਆ ਹੈ, ਇਸ ਨੂੰ ਸੁਧਾਰਿਆ ਜਾ ਸਕੇ। ਚੇਅਰਮੈਨ ਸਾਹਿਬ, ਜਿਥੋਂ ਤਕ ਸੈਂਟਰ ਸਰਕਾਰ ਦਾ ਤੁਅਲਕ ਹੈ, ਇਕ ਪਾਸੇ ਤਾਂ ਇਹ ਸੈਂਟਰ ਸਰਕਾਰ ਤੋਂ ਕਈ ਮੰਗਾਂ ਕਰਦੇ ਹਨ ਪਰ ਦੂਜੇ ਪਾਸੇ ਸੈਂਟਰ ਸਰਕਾਰ ਨੂੰ ਹੀ ਕੋਸਦੇ ਹਨ। ਇਹ ਕੋਈ ਚੰਗੀ ਗੱਲ ਨਹੀਂ। ਹੁਣੇ ਹੀ ਪੰਜਾਬ ਦੇ ਫਲੱਡ ਰਿਲੀਫ ਵਾਸਤੇ ਸੈਂਟਰ ਸਰਕਾਰ ਨੇ 37 ਕਰੋੜ ਰੁਪਿਆ ਦਿੱਤਾ ਹੈ ਔਰ ਥੀਨ ਡੈਮ ਵਾਸਤੇ ਵੀ ਕਾਫੀ ਪੈਸਾ ਦਿੱਤਾ ਹੈ। ਇਹ

Original with;
Punjab Vidhan Sabha
Digitized by;
Panjab Digital Library

[ਪੰਡਿਤ ਸਰਵਣ ਰਾਮ ਮਨਸੋਵਾਲੀਆ ]

ਸਾਰਾ ਹਿੰਦੁਸਤਾਨ ਇਕ ਹੈ। ਪੰਜਾਬ ਹਿੰਦੁਸਤਾਨ ਦਾ ਇਕ ਅੰਗ ਹੈ ਔਰ ਅਸੀਂ ਸਾਰਿਆਂ ਨੇ ਮਿਲਕੇ ਸਾਰੇ ਹਿੰਦੁਸਤਾਨ ਦੀ ਤਰੱਕੀ ਕਰਨੀ ਹੈ। ਜੇ ਅਸੀਂ ਚੰਗਾ ਵਾਤਾਵਰਣ ਪੈਦਾ ਕਰਾਂਗੇ ਤਾਂ ਹਿੰਦੁਸਤਾਨ ਤਰੱਕੀ ਕਰੇਗਾ। ਸਾਡਾ ਪੰਜਾਬ ਤਾਂ ਹੀ ਪਰਫੁਲਤ ਬਣ ਸਕਦਾ ਹੈ ਜੇ ਸਾਡਾ ਹਿੰਦੁਸਤਾਨ ਪਰਫੁਲਤ ਹੋਵੇਗਾ। ਇਸ ਦੀ ਜਿਮੇਵਾਰੀ ਸਾਡੇ ਸਾਰਿਆਂ ਤੇ ਹੈ। ਕਲ ਇਥੇ ਝੋਨੇ ਦੀ ਗਲ ਕੀਤੀ ਗਈ। ਠੀਕ ਹੈ ਕੁਝ ਸੁਸਤੀ ਐਫ.ਸੀ.ਆਈ. ਨੇ ਵਿਖਾਈ ਹੈ ਔਰ ਸਾਡਾ ਸਾਰਿਆਂ ਦਾ ਫਰਜ਼ ਹੈ ਕਿ ਉਨ੍ਹਾਂ ਦੀ ਸੁਸਤੀ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰੀਏ ਪਰ ਸਾਡੀ ਸਰਕਾਰ ਦੀਆਂ ਵੀ ਤਿੰਨ ਏਜੰਸੀਆਂ ਹਨ। ਤੁਸੀਂ ਆਪ ਦੇਖ ਲਵੋ, ਇਨ੍ਹਾਂ ਨੇ ਕਿੰਨਾ ਝੋਨਾ ਖਰੀਦ ਲਿਆ ਹੈ। ਪਰ ਹਰ ਗੱਲ ਲਈ ਸੈਂਟਰ ਸਰਕਾਰ ਨੂੰ ਕੋਸਣਾ ਕੋਈ ਚੰਗੀ ਗੱਲ ਨਹੀਂ ਹੈ। 29 ਸਤੰਬਰ ਨੂੰ ਇਨ੍ਹਾਂ ਦੀ ਸਰਕਾਰ ਬਣ ਗਈ ਸੀ ਔਰ ਅੱਜ ਤਕ ਤੁਸੀਂ ਆਪ ਵੇਖ ਲਓ ਕਿ ਇਨ੍ਹਾਂ ਨੇ ਝੋਨੇ ਦੀ ਕੀ ਖਰੀਦ ਕੀਤੀ ਹੈ। ਇਨ੍ਹਾਂ ਨੇ ਕਿਹਾ ਹੈ ਕਿ ਕਾਂਗ੍ਰਸ ਵਾਲਿਆਂ ਨੇ ਝੋਨੇ ਦੇ ਵਾਸਤੇ ਕੋਈ ਗੱਲ ਨਹੀਂ ਕੀਤੀ। ਪਰ ਤੁਹਾਨੂੰ ਪਤਾ ਹੈ ਕਿ ਅਖਬਾਰਾਂ ਵਿਚ ਰੋਜ਼ ਹੀ ਕਾਂਗ੍ਰਸ ਵਲੋਂ ਝੋਨੇ ਦੇ ਬਾਰੇ ਬਿਆਨ ਆਉਂਦੇ ਰਹੇ ਹਨ ਔਰ ਅਸੀਂ ਇਹ ਕਿਹਾ ਹੈ ਕਿ ਸਰਕਾਰ ਜਲਦੀ ਝੋਨਾ ਖਰੀਦ ਲਵੇ ਤਾਕਿ ਜ਼ਿਮੀਂਦਾਰ ਦਾ ਭਲਾ ਹੋਵੇ।

ਚੇਅਰਮੈਨ ਸਾਹਿਬ, ਸਾਡੀ ਪਾਰਟੀ ਦੇ ਵਿਚ ਤਾਂ ਕੇਵਲ 1—2 ਜ਼ਿਮੀਂਦਾਰ ਹੋਣਗੇ, ਬਾਕੀ ਤਾਂ ਸਾਡੇ ਵਿਚ ਕਿਸਾਨ ਅਤੇ ਮਜ਼ਦੂਰ ਸਾਰੇ ਹਾਂ। ਅਕਾਲੀ ਪਾਰਟੀ ਦੇ ਜ਼ਿਮੀਂਦਾਰਾ ਨੇ ਆਪਣੀਆਂ ਜ਼ਮੀਨਾਂ ਮੱਝਾਂ ਅਤੇ ਗਾਂਵਾਂ ਦੇ ਨਾਂ ਲਿਖੀਆਂ ਹੋਈਆਂ ਹਨ। ਇਹ ਪੰਜਾਬ ਦੀ ਸਾਰੀ ਜ਼ਮੀਨ ਤੇ ਕਬਜ਼ਾ ਕਰਕੇ ਬੈਠੇ ਹਨ। ਇਨ੍ਹਾਂ ਨੂੰ ਫਿਕਰ ਕਿਸਾਨ ਦਾ ਨਹੀਂ ਹੈ ਬਲਕਿ ਇਨ੍ਹਾਂ ਨੂੰ ਫਿਕਰ ਆਪਣੀ ਜ਼ਿਮੀਂਦਾਰੀ ਦਾ ਹੈ। ਜਿਸ ਦਿਨ ਦਾ ਇਥੇ ਸੈਸ਼ਨ ਲਗਾ ਹੈ ਇਨ੍ਹਾਂ ਦੀ ਪਾਰਟੀ ਵਲੋਂ ਇਕ ਵੀ ਸ਼ਬਦ ਹਰੀਜਨਾਂ ਦੇ ਹੱਕ ਵਿਚ ਨਹੀਂ ਕਿਹਾ ਗਿਆ ਹੈ। ਜਦ ਕਿ ਇਹ ਆਪਣੇ ਆਪ ਨੂੰ ਹਰੀਜਨਾਂ ਦਾ ਮਸੀਹਾ ਕਹਿੰਦੇ ਹਨ। ਕਾਂਗਰਸ ਪਾਰਟੀ ਚਾਹੇ ਸੈਂਟਰ ਵਿਚ ਹੋਵੇ ਜਾਂ ਕਿਸੇ ਸੂਬੇ ਵਿਚ ਹੋਵੇ। ਉਸ ਦਾ ਫਰਜ਼ ਹੈ ਕਿ ਇਹ ਗਰੀਬ ਅਵਾਮ, ਮਜ਼ਦੂਰ ਅਤੇ ਛੋਟੇ ਕਿਸਾਨ ਅਤੇ ਛੋਟੇ ਜਿਮੀਂਦਾਰ ਦਾ ਖਿਆਲ ਰੱਖੇ ਅਤੇ ਛੋਟੇ ਦੁਕਾਨਦਾਰ ਦਾ ਭਲਾ ਕਰੇ ਅਤੇ ਉਨ੍ਹਾਂ ਦੀ ਉਨਤੀ ਲਈ ਅਸੀਂ ਵਚਣਬੱਧ ਹਾਂ। ਇਹ ਕਹਿੰਦੇ ਹਨ ਕਿ ਜਿਸ ਦਿਨ ਤੋਂ ਦੇਸ਼ ਆਜ਼ਾਦ ਹੋਇਆ ਇਹ ਕਿਸਾਨਾਂ ਨੂੰ ਲੁਟ ਰਹੇ ਹਨ। 1947 ਤੋਂ ਪਹਿਲਾਂ, ਸਾਡੇ ਬਜ਼ੁਰਗ ਇਕ ਧੋਤੀ ਪਾਉਂਦੇ ਸਨ ਜਦਕਿ ਦੇਸ਼ ਨੇ ਇਤਨੀ ਤਰੱਕੀ ਕੀਤੀ ਅਤੇ ਹੁਣ ਕਿਸਾਨ ਦੇ ਮੁੰਡੇ ਟੈਰੀਕੋਟ ਦੀਆਂ ਪੈਂਟਾਂ ਪਾਕੇ ਕੰਮ ਕਰਦੇ ਹਨ। ਸਾਡੇ ਵਕਤ ਦੇਖ ਲਓ ਕਿੰਨੀ ਕਣਕ, ਝੋਨਾ ਅਤੇ ਕਪਾਸ ਪੈਦਾ ਹੋਈ ਹੈ ਜਦ ਕਿ ਇਥੇ ਬਿਜਲੀ ਅਤੇ ਪਾਣੀ ਦੀ ਘਾਟ ਸੀ। ਮੇਰੀ ਸਰਕਾਰ ਨੂੰ ਬੇਨਤੀ ਹੈ ਕਿ ਕੰਡੀ ਦੇ ਇਲਾਕੇ ਵਿਚ ਜ਼ਿਆਦਾ ਤੋਂ ਜ਼ਿਆਦਾ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ ਕਿਉਂਕਿ ਇਹ ਇਲਾਕਾ ਪਛੜਿਆ ਹੋਇਆ ਹੈ ਅਤੇ ਇਹ ਇਲਾਕਾ ਹਿਮਾਚਲ ਪਰਦੇਸ਼ ਦੇ ਨਾਲ ਲਗਦਾ ਹੈ। ਪਿਛਲੀ ਸਰਕਾਰ ਦੇ ਵਕਤ ਬਹੁਤ ਸਾਰੇ ਪਿੰਡਾਂ ਨੂੰ ਸੜਕਾਂ ਦੇ ਨਾਲ ਜੋੜਿਆ ਗਿਆ ਹੈ ਅਤੇ ਜਿਹੜੀਆਂ ਇਸ ਦੇ ਵਿਚ ਤਰੁੱਟੀਆਂ ਰਹਿ ਗਈਆਂ ਸਨ ਉਨ੍ਹਾਂ ਤਰੁੱਟੀਆਂ ਨੂੰ ਇਹ ਸਰਕਾਰ ਦੂਰ ਕਰ ਦੇਵੇ ਤਾਕਿ ਇਥੋਂ ਦੇ ਲੋਕਾਂ ਨੂੰ ਸਹੂਲਤਾਂ ਮਿਲ ਸਕਣ ਇੰਡਸਟਰੀ ਵੀ ਲਗਾਉਣੀ ਚਾਹੀਦੀ ਹੈ ਅਤੇ ਖੇਤੀ ਬਾੜੀ ਵਿਚ ਟਿਊਬਵੈਲ ਲੋਨਜ਼ ਦੇਣੇ ਚਾਹੀਦੇ ਹਨ ਅਤੇ ਨਹਿਰੀ ਪਾਣੀ ਦੀ ਲੋੜ ਹੈ ਅਤੇ ਪੀਣ ਦੇ ਪਾਣੀ ਦੀਆਂ ਸਕੀਮਾਂ ਨੂੰ ਸਿਰੇ ਚੜ੍ਹਾਇਆ ਜਾਵੇ ਜਿਹੜੀਆਂ ਰਹਿ ਗਈਆਂ ਸਨ।

**ਸ੍ਰੀ ਰਾਮ ਕਿਸ਼ਨ ਕਟਾਰੀਆ** : ਚੇਅਰਮੈਨ ਸਾਹਿਬ, ਮੈਂ ਪੰਡਿਤ ਜੀ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਹ ਸਜੋਆ ਬਲਾਕ ਦੇ 5 ਸਾਲ ਚੇਅਰਮੈਨ ਰਹੇ ਹਨ। ਆਇਆ ਇਨ੍ਹਾਂ ਨੇ ਇਸ ਬਲਾਕ ਦੇ ਕਿੰਨੇ ਪਿੰਡਾਂ ਨੂੰ ਸੜਕਾਂ ਨਾਲ ਲਿੰਕ ਕੀਤਾ ਸੀ? ਕਿਉਂਕਿ ਮੇਰੇ ਖਿਆਲ ਵਿਚ ਕੋਈ ਪਿੰਡ ਸੜਕਾਂ ਦੇ ਨਾਲ ਨਹੀਂ ਲਿੰਕ ਕੀਤਾ ਹੈ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਭਾਪਤੀ** : ਪੰਡਿਤ ਜੀ, ਇਨ੍ਹਾਂ ਦਾ ਜਵਾਬ ਦੇ ਦੇਣਾ।

**ਪੰਡਿਤ ਸਰਵਣ ਰਾਮ ਮਨਸੋਵਾਲੀਆ** : ਚੇਅਰਮੈਨ ਸਾਹਿਬ, ਇਹ ਦੱਸਣ ਕਿਹੜੀ ਸੜਕ ਇਨ੍ਹਾਂ ਦੀ ਰਹਿ ਗਈ ਹੈ ਜਿਹੜੀ ਪਿੰਡਾਂ ਦੇ ਨਾਲ ਲਿੰਕ ਨਾ ਹੋਈ ਹੋਵੇ। ਇਨ੍ਹਾਂ ਦੀਆਂ ਸਾਰੀਆਂ ਸੜਕਾਂ ਨੂੰ ਰਿਪੇਅਰ ਕੀਤਾ ਗਿਆ ਸੀ ਅਤੇ ਸਿੱਧੀਆਂ ਬੱਸਾਂ ਨਵਾਂ ਸ਼ਹਿਰ ਚੰਡੀਗੜ੍ਹ ਅਤੇ ਬਲਾਚੌਰ ਤੋਂ ਅੱਗੇ ਤੱਕ ਦੀਆਂ ਬੱਸਾਂ ਚਲਾਈਆਂ ਹਨ। ਇਨ੍ਹਾਂ ਦੇ ਛੋਟੇ ਛੋਟੇ ਪਿੰਡਾਂ ਤੱਕ ਬੱਸਾਂ ਚਲ ਰਹੀਆਂ ਹਨ। ਇਨ੍ਹਾਂ ਦਾ ਇਲਾਕਾ ਮੇਰੇ ਇਲਾਕੇ ਨਾਲ ਹੈ ਅਤੇ ਇਨ੍ਹਾਂ ਦਾ ਇਲਾਕਾ ਵੀ ਕੰਡੀ ਦਾ ਹੈ। ਇਸ ਲਈ ਇਹ ਇਲਾਕਾ ਬੈਕਵਰਡ ਹੈ ਅਤੇ ਪਾਣੀ ਦੀ ਕਮੀ ਹੈ, ਟਿਊਬਵੈਲਜ਼ ਦੀ ਕਮੀ ਹੈ ਅਤੇ ਬਹੁਤ ਸਾਰੇ ਸਾਧਨਾਂ ਦੀ ਕਮੀ ਹੈ ਅਤੇ ਹਿਮਾਚਲ ਦੇ ਨਾਲ ਲਗਣ ਕਰਕੇ ਵੀ ਬੈਕਵਰਡ ਹੈ ਇਸ ਲਈ, ਸਰਕਾਰ ਨੂੰ ਇਸ ਤਰਫ ਖਾਸ ਧਿਆਨ ਦੇਣਾ ਚਾਹੀਦਾ ਹੈ।

**ਸ਼੍ਰੀ ਸਭਾਪਤੀ** : ਪੰਡਿਤ ਜੀ, ਤੁਸੀਂ ਪੰਜਾਬ ਟਿਊਬਵੈਲਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਹੇ ਹੋ। ਉਸ ਪੀਰੀਅਡ ਦੇ ਵਿਚ ਤੁਹਾਡਾ ਕਿੰਨਾ ਯੋਗਦਾਨ ਰਿਹਾ ਹੈ ?

**ਪੰਡਿਤ ਸਰਵਣ ਰਾਮ ਮਨਸੋਵਾਲੀਆ** : ਚੇਅਰਮੈਨ ਸਾਹਿਬ, ਮੈਂ ਕਾਫੀ ਯਤਨ ਕੀਤੇ ਹਨ।

**ਸ਼੍ਰੀ ਰਾਮ ਕਿਸ਼ਨ ਕਟਾਰੀਆ** : ਚੇਅਰਮੈਨ ਸਾਹਿਬ, ਇਹ ਟਿਊਬਵੈਲਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਹੇ ਹਨ ਪਰ ਇਹ ਦਸਣ ਇਨ੍ਹਾਂ ਨੇ ਸੜੋਆ ਬਲਾਕ ਜਿਹੜਾ ਮੇਰੇ ਇਲਾਕੇ ਵਿਚ ਆਉਂਦਾ ਹੈ ਉਥੇ ਕਿੰਨੇ ਟਿਊਬਵੈਲ ਲਗਾਏ ਹਨ ਔਰ ਉਥੇ ਇਕ ਵੀ ਟਿਊਬਵੈਲ ਨਹੀਂ ਲਗਾ ਹੈ।

**ਪੰਡਿਤ ਸਰਵਣ ਰਾਮ ਮਨਸੋਵਾਲੀਆ** : ਚੇਅਰਮੈਨ ਸਾਹਿਬ, ਇਹ ਕਹਿੰਦੇ ਹਨ ਕਿ ਇਕ ਵੀ ਟਿਊਬਵੈਲ ਨਹੀਂ ਲਗਾ ਹੈ ਜਦ ਕਿ ਸਾਰਿਆਂ ਤੋਂ ਪਹਿਲਾਂ ਜਦੋਂ ਟਿਊਬਵੈਲਜ਼ ਸਕੀਮ ਇਸ ਇਲਾਕੇ ਲਈ ਸ਼ੁਰੂ ਹੋਈ ਤਾਂ ਇਨ੍ਹਾਂ ਦੇ ਹੀ ਟਿਊਬਵੈਲ ਲਗਾਇਆ ਸੀ ਜਦ ਕਿ ਪੰਜਾਬ ਦੇ ਹੋਰ ਕਿਧਰੇ ਨਹੀਂ ਲਗਾ ਸੀ ਇਸ ਤੋਂ ਇਲਾਵਾ, ਇਨ੍ਹਾਂ ਦੇ ਇਲਾਕੇ ਵਿਚ ਜਿਥੇ ਟਿਊਬਵੈਲਜ਼ ਬੰਦ ਸਨ ਉਥੇ ਚਾਲੂ ਕਰਵਾਏ ਗਏ ਸਨ ਜਦ ਕਿ ਸੈਂਟਰਲ ਗ੍ਰਾਊਂਡ ਵਾਟਰ ਰਿਪੋਰਟ ਦੇ ਮੁਤਾਬਿਕ ਉਨ੍ਹਾਂ ਨੇ ਰਿਪੋਰਟ ਦਿੱਤੀ ਸੀ ਕਿ ਇਥੇ ਪਾਣੀ ਦੀ ਬੜੀ ਕਮੀ ਹੈ ਔਰ ਕਾਨੂੰਨ ਦੇ ਮੁਤਾਬਿਕ ਨਹੀਂ ਲਗ ਸਕਦੇ ਸਨ ਪਰ ਫੇਰ ਵੀ ਮੈਂ 10 ਟਿਊਬਵੈਲਜ਼ ਦਾ ਪ੍ਰਾਜੈਕਟ ਬਣਾ ਕੇ ਸਰਕਾਰ ਨੂੰ ਭੇਜਿਆ ਸੀ ਭਾਵੇਂ ਉਨ੍ਹਾਂ ਦੀ ਰਿਪੋਰਟ ਸੀ ਕਿ ਪਾਣੀ ਦੀ ਘਾਟ ਕਾਰਣ ਇਥੇ ਟਿਊਬਵੈਲਜ਼ ਨਹੀਂ ਲਗ ਸਕਦੇ। ਮੈਂ ਇਮਾਨਦਾਰੀ ਨਾਲ ਦੱਸਦਾ ਹਾਂ ਕਿ ਜਿੰਨੀ ਦੇਰ ਮੈਂ ਟਿਊਬਵੈਲਜ਼ ਕਾਰਪੋਰੇਸ਼ਨ ਦਾ ਚੇਅਰਮੈਨ ਰਿਹਾ ਹਾਂ ਕੰਡੀ ਏਰੀਆ ਦੀ ਮਦਦ ਲਈ ਜਿਹੜੀ ਮੇਰੀ ਡਿਊਟੀ ਲਗੀ ਹੋਈ ਸੀ ਉਸ ਨੂੰ ਨਿਭਾਇਆ ਹੈ। ਔਰ ਮੈਂ ਆਪਣੇ ਕੰਡੀ ਦੇ ਇਲਾਕੇ ਦੀ ਸੇਵਾ ਕਰਦਾ ਰਹਾਂਗਾ।

**ਸ਼੍ਰੀ ਰਮੇਸ਼ ਚੰਦਰ ਡੋਗਰਾ** : ** ** **

**ਸ਼੍ਰੀ ਸਭਾਪਤੀ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਤੁਸੀਂ ਆਪਣਾ ਸਵਾਲ ਸਰਕਾਰ ਨੂੰ ਲਿਖ ਕੇ ਭੇਜੋ।

---

**Expunged as ordered by the Chair

Original with;
Punjab Vidhan Sabha
Digitized by;
Panjab Digital Library

**ਪੰਡਿਤ ਸਰਵਣ ਰਾਮ ਮਨਸੋਵਾਲੀਆ :** ਚੇਅਰਮੈਨ ਸਾਹਿਬ, ਜਿਥੋਂ ਤੱਕ ਖਾਲੇ ਪੱਕੇ ਕਰਨ ਦਾ ਸਬੰਧ ਹੈ ਇਹ ਸਾਰੇ ਫਿਰੋਜ਼ਪੁਰ, ਫਰੀਦਕੋਟ, ਬਠਿੰਡਾ ਦੇ ਇਲਾਕੇ ਦੇ ਸਾਰੇ ਖਾਲੇ ਪੱਕੇ ਕੀਤੇ ਗਏ ਸਨ। ਮੈਨੂੰ 2 ਸਾਲ ਟਿਊਬਵੈਲ ਕਾਰਪੋਰੇਸ਼ਨ ਵਿਚ ਬਤੌਰ ਚੇਅਰਮੈਨ ਕੰਮ ਕਰਨ ਦਾ ਮੌਕਾ ਮਿਲਿਆ ਸੀ ਔਰ ਮੇਰੀ ਸਰਕਾਰ ਨੇ 14–15 ਹਜ਼ਾਰ ਖਾਲਿਆਂ ਨੂੰ ਪੱਕਾ ਕੀਤਾ ਸੀ। ਅਗਰ ਅਸੀਂ 4 ਖਾਲੇ ਪੱਕੇ ਕਰੀਏ ਤਾਂ ਇਕ ਛੋਟੇ ਸੂਏ ਦਾ ਖਰਚ ਬਚ ਜਾਂਦਾ ਹੈ ਅਤੇ ਇਸ ਦਾ ਫਾਇਦਾ ਲੋਕਾਂ ਨੂੰ ਹੋਇਆ ਹੈ। ਬਾਕੀ ਜਿਥੋਂ ਤੱਕ ਕੰਡੀ ਏਰੀਆ ਦਾ ਸਵਾਲ ਹੈ ਇਥੇ ਦੀਆਂ ਸੜਕਾਂ ਨੂੰ ਪਿੰਡਾਂ ਦੇ ਨਾਲ ਜੋੜਿਆ ਗਿਆ ਸੀ। ਕਟਾਰੀਆ ਜੀ ਦਾ ਇਲਾਕਾ ਮੇਰੇ ਨਾਲ ਲਗਦਾ ਹੈ। ਇਨ੍ਹਾਂ ਦੇ ਸੜੋਆ ਬਲਾਕ ਵਿਚ 8—10 ਟਿਊਬਵੈਲਜ਼ ਲਗਾਏ ਹਨ ਅਤੇ ਪਿਛਲੀ ਸਰਕਾਰ ਨੇ ਪੂਰੇ ਯਤਨ ਕੀਤੇ ਸਨ ਤਾਕਿ ਇਹ ਗਰੀਬੀ ਦਾ ਇਲਾਕਾ, ਬੈਕਵਰਡ ਇਲਾਕੇ ਵਿਚ ਸੁਧਾਰ ਹੋ ਸਕੇ। ਮੈਂ ਸਰਕਾਰ ਤੋਂ ਉਮੀਦ ਕਰਦਾ ਹਾਂ ਕਿ ਇਹ ਪੰਜਾਬ ਦੇ ਬਾਕੀ ਇਲਾਕਿਆਂ ਨਾਲੋਂ ਜ਼ਿਆਦਾ ਧਿਆਨ ਕੰਡੀ ਦੇ ਇਲਾਕੇ ਵੱਲ ਦੇਣ ਤਾਕਿ ਉਸ ਦੇ ਵਿਚ ਹੋਰ ਜ਼ਿਆਦਾ ਸੁਧਾਰ ਆ ਸਕੇ। ਜਿਹੜੀਆਂ ਵੀ ਇਸ ਬੈਕਵਰਡ ਇਲਾਕੇ ਵਿਚ ਕਮੀਆਂ ਹਨ ਉਨ੍ਹਾਂ ਨੂੰ ਛੇਤੀ ਤੋਂ ਛੇਤੀ ਦੂਰ ਕੀਤਾ ਜਾਵੇ ਅਤੇ ਜਿਹੜੀ ਇਸ ਇਲਾਕੇ ਵਿਚ ਖਿਚੋਤਾਣੀ ਹੈ ਉਹ ਦੂਰ ਕੀਤੀ ਜਾਵੇ।

ਚੇਅਰਮੈਨ ਸਾਹਿਬ, ਪੰਜਾਬ ਦੇ ਭਵਿਖ ਵਾਸਤੇ ਹਿੰਦੁਸਤਾਨ ਦੀ ਏਕਤਾ ਅਤੇ ਅਖੰਡਤਾ ਵਾਸਤੇ ਇਕੱਠੇ ਹੋ ਕੇ ਯਤਨ ਕਰੀਏ। ਜਿਹੜੀਆਂ ਇਥੇ ਗਲਾਂ ਆਉਂਦੀਆਂ ਹਨ ਕਿ ਸੈਂਟਰਲ ਸਰਕਾਰ ਫਲਾਣੇ ਸੂਬੇ ਨਾਲ ਚੰਗਾ ਸਲੂਕ ਕਰਦੀ ਹੈ ਅਤੇ ਫਲਾਣੇ ਸੂਬੇ ਨਾਲ ਮਾੜਾ ਸਲੂਕ ਕਰਦੀ ਹੈ, ਇਹ ਠੀਕ ਨਹੀਂ ਹੈ। ਅਸੀਂ ਸਭ ਹਿੰਦੁਸਤਾਨੀ ਹਾਂ। ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਹਿੰਦੁਸਤਾਨ ਨੂੰ ਇੱਕ ਗੁਲਦਸਤੇ ਦੀ ਤਰ੍ਹਾਂ ਸ਼ਕਤੀਸ਼ਾਲੀ ਬਣਾਈਏ। (ਥੰਪਿੰਗ) ਇਸ ਤਰ੍ਹਾਂ ਚਲੀਏ ਕਿ ਅਗੇ ਤੋਂ ਨੌਜਵਾਨਾਂ ਨੇ ਹੀ ਅੱਗੇ ਆਉਣਾ ਹੈ। ਇਸ ਲਈ ਇਥੇ ਸਾਰੇ ਸਦਨ ਦੀ ਜ਼ਿੰਮੇਵਾਰੀ ਬਣਦੀ ਹੈ ਔਰ ਅਸੀਂ ਸਾਰੇ ਆਪਣੇ ਫਰਜ਼ ਨੂੰ ਪੂਰਾ ਕਰੀਏ। ਜੇਕਰ ਇਹ ਕਹੀਏ ਕਿ ਸਰਕਾਰ ਹੀ ਸਭ ਕੁਝ ਕਰੇਗੀ ਤਾਂ ਠੀਕ ਨਹੀਂ ਹੈ ਬਲਕਿ ਸਾਡੇ ਸਾਰਿਆਂ ਦਾ ਫਰਜ਼ ਬਣਦਾ ਹੈ। (ਥੰਪਿੰਗ) ਪੁਰਾਣੇ ਬਹੁਤ ਚੰਗੇ ਬਜ਼ੁਰਗ ਸਨ ਜਿਨ੍ਹਾਂ ਨੇ ਦੇਸ਼ ਨੂੰ ਆਜ਼ਾਦ ਕਰਾਇਆ ਉਸ ਤੋਂ ਬਾਅਦ ਵਿਚਕਾਰ ਵਾਲੀ ਪੀੜੀ ਆ ਗਈ। ਚੇਅਰਮੈਨ ਸਾਹਿਬ, ਜਿਥੋਂ ਤਕ ਅਫਸਰਾਂ ਦਾ ਤੁਅਲੱਕ ਹੈ, ਮਹਿਕਮਿਆਂ ਦੇ ਅਫਸਰ ਅਤੇ ਕਰਮਚਾਰੀ ਕੰਮ ਨਹੀਂ ਕਰਦੇ। ਪੈਸਿਆ ਤੋਂ ਬਗੈਰ ਮਹਿਕਮਿਆਂ ਵਿਚ ਕੰਮ ਨਹੀਂ ਹੁੰਦਾ। ਇਸ ਗੱਲ ਵੱਲ ਸਰਕਾਰ ਨੂੰ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਚੇਅਰਮੈਨ ਸਾਹਿਬ, ਹੈਲਥ ਮਹਿਕਮੇ ਵਿਚ ਗਲਤ ਕੰਮ ਹੋ ਰਹੇ ਹਨ। ਇਸ ਮਹਿਕਮੇ ਵਿਚ ਨਸਬੰਦੀਆਂ ਫਰਜ਼ੀ ਹੋ ਰਹੀਆਂ ਹਨ। ਜਿਸ ਮੁਲਾਜ਼ਮ ਦੇ ਤਿੰਨ-ਤਿੰਨ, ਚਾਰ–ਚਾਰ ਬੱਚੇ ਹਨ ਉਨ੍ਹਾਂ ਨੂੰ ਇੱਕ, ਇਕ ਇਨਕਰੀਮੈਂਟ ਵੀ ਦਵਾਈ ਜਾਂਦੀ ਹੈ। ਲਖਾਂ ਰੁਪਏ ਹੈਲਥ ਮਹਿਕਮੇ ਵਾਲੇ ਖਾਈ ਜਾ ਰਹੇ ਹਨ। ਪੰਜਾਬ ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਨਹੀਂ ਤਾਂ ਜੋ ਸਰਕਾਰ ਦਾ ਮਨਸ਼ਾ ਹੈ ਸਾਡੇ ਦੇਸ਼ ਦਾ ਮਨਸ਼ਾ ਹੈ, ਦੇਸ਼ ਨੂੰ ਪਰਫੁਲਤ ਬਨਾਉਣ ਦਾ, ਉਹ ਫੇਲ੍ਹ ਹੋ ਜਾਵੇਗਾ। ਹਿੰਦੁਸਤਾਨ ਦੀ ਆਬਾਦੀ ਨੂੰ ਕੰਟਰੋਲ ਕਰਨ ਤੋਂ ਪਹਿਲਾਂ ਮਹਿਕਮੇ ਨੂੰ ਕੰਟ੍ਰੋਲ ਕਰਨਾ ਬਹੁਤ ਹੀ ਜ਼ਰੂਰੀ ਹੈ ਜੇਕਰ ਤੁਸੀਂ ਕੰਟ੍ਰੋਲ ਨਾ ਕਰੋਗੇ ਤਾਂ ਇਥੇ ਖੜ੍ਹਨ ਲਈ ਜਗ੍ਹਾ ਨਹੀਂ ਰਹੇਗੀ। ਚੇਅਰਮੈਨ ਸਾਹਿਬ, ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿਤਾ ਹੈ, ਇਸ ਲਈ ਮੈ ਤੁਹਾਡਾ ਬਹੁਤ ਧੰਨਵਾਦੀ ਹਾਂ। ਆਉਣ ਵਾਲੇ ਸਮੇਂ ਵਿਚ ਮੈਂ ਇਸ ਸਰਕਾਰ ਤੋਂ ਵੀ ਆਸ ਕਰਾਂਗਾ ਕਿ ਉਹ ਇਨ੍ਹਾਂ ਗਲਾਂ ਵੱਲ ਜੋ ਮੈਂ ਕਹੀਆਂ ਹਨ, ਧਿਆਨ ਦੇਵੇ ਤਾਂਕਿ ਪੰਜਾਬ ਤਰੱਕੀ ਕਰਕੇ ਸਭ ਤੋਂ ਅਗੇ ਖੜ੍ਹਾ ਹੋਵੇ। ਸਾਡੇ ਇਲਾਕੇ ਵੱਲ ਵੀ, ਚੇਅਰਮੈਨ ਸਾਹਿਬ ਪੂਰਾ ਧਿਆਨ ਪੰਜਾਬ ਸਰਕਾਰ ਨੂੰ ਦੇਣਾ ਚਾਹੀਦਾ ਹੈ ਤਾਂ ਕਿ ਅਸੀਂ ਵੀ ਕਹਿ ਸਕੀਏ ਕਿ ਪੰਜਾਬ ਨੇ ਤਰੱਕੀ ਕੀਤੀ ਹੈ। ਜੈ ਹਿੰਦ (ਥੰਪਿੰਗ)।

Original with;
Punjab Vidhan Sabha
Digitized by;
Panjab Digital Library

**ਸਰਦਾਰ ਬਲਦੇਵ ਸਿੰਘ ਖਿਆਲਾ (ਜੋਗਾ)**: ਚੇਅਰਮੈਨ ਸਾਹਿਬ, ਮੈਂ ਗਵਰਨਰ ਸਾਹਿਬ ਦੇ ਭਾਸ਼ਣ ਦੇ ਪੰਨਾ 2 ਤੇ ਪੈਰਾ 3 ਦਾ ਜ਼ਿਕਰ ਕਰਦਾ ਹਾਂ; ਸੰਤ ਹਰਚੰਦ ਸਿੰਘ ਲੌਂਗੋਵਾਲ ਜੋ ਪਸਰੀ ਹੋਈ ਉਦਾਸੀ ਅਤੇ ਅੰਧਕਾਰ ਵਿਚ ਇਕ ਚਾਨਣ ਮੁਨਾਰੇ ਵਾਂਗ ਸਨ, ਦੀ ਸ਼ਹੀਦੀ ਨਾ ਕੇਵਲ ਉਨ੍ਹਾਂ ਦੇ ਵਿਸ਼ਵਾਸ ਦੀ ਦ੍ਰਿੜ੍ਹਤਾ ਦੀ ਹੀ ਸੂਚਕ ਹੈ ਸਗੋਂ ਪੰਜਾਬ ਦੇ ਹਿੰਦੂਆਂ, ਸਿੱਖਾਂ, ਈਸਾਈਆਂ, ਮੁਸਲਮਾਨਾਂ ਅਤੇ ਹਰੀਜਨਾਂ ਦੀ ਏਕਤਾ ਅਤੇ ਅਖੰਡਤਾ ਵਿਚ ਸੰਤ ਜੀ ਦੇ ਆਪਣੇ ਅਤੇ ਉਨ੍ਹਾਂ ਦੇ ਪੈਰੋਕਾਰਾਂ ਦੇ ਵਿਸ਼ਵਾਸ ਦੀ ਵੀ ਪ੍ਰਤੀਕ ਹੈ। ਚੇਅਰਮੈਨ ਸਾਹਿਬ, ਸਾਡੀ ਪਾਰਟੀ ਸਰਬੱਤ ਦੇ ਭਲੇ ਵਾਸਤੇ ਕੰਮ ਕਰਦੀ ਹੈ। ਇਹ ਹੁਣ ਤੋਂ ਗੱਲ ਨਹੀਂ ਹੈ ਬਲਕਿ ਪਿਛਲੀ ਸਾਰੀ ਹਿਸਟਰੀ ਵੀ ਦਸਦੀ ਹੈ ਕਿ ਅਸੀਂ ਹਮੇਸ਼ਾ ਸਰਬੱਤ ਦੇ ਭਲੇ ਵਾਸਤੇ ਕੰਮ ਕਰਦੇ ਹਾਂ। ਸਿੱਖ ਕੌਮ ਨੇ, ਅਕਾਲੀ ਪਾਰਟੀ ਨੇ ਸਰਬੱਤ ਦੇ ਭਲੇ ਵਾਸਤੇ ਕੰਮ ਕੀਤਾ ਹੈ। ਤੁਹਾਨੂੰ ਸਾਰਿਆਂ ਨੂੰ ਪਤਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਜ਼ੁਲਮਾਂ ਦੇ ਖਿਲਾਫ ਆਵਾਜ਼ ਉਠਾਈ। ਉਸ ਵੇਲੇ ਸਾਰੀ ਦੁਨੀਆਂ ਡਰੀ ਹੋਈ ਸੀ। ਗੁਰੂ ਨਾਨਕ ਦੇਵ ਜੀ ਨੇ ਕਿਹਾ "ਰਾਜੇ ਸ਼ੀਂਹ ਮੁਕਦਮ ਕੁੱਤੇ" ਇਸ ਦੀ ਸਜ਼ਾ ਗੁਰੂ ਨਾਨਕ ਦੇਵ ਜੀ ਨੂੰ ਭੁਗਤਨੀ ਪਈ। ਬਾਬਰ ਦੀ ਜੇਲ੍ਹ ਕੱਟਣੀ ਪਈ, ਚੱਕੀਆਂ ਪੀਣੀਆਂ ਪਈਆਂ, ਜਾਨਾਂ ਦੇਣੀਆਂ ਪਈਆਂ। ਦੇਸ਼ ਦੀ ਖਾਤਰ, ਕੌਮ ਦੀ ਖਾਤਰ ਨੌਂਵੀ ਪਾਤਸ਼ਾਹੀ ਨੇ ਦਿੱਲੀ ਵਿਚ ਜ਼ੁਲਮ ਸਹੇ। ਸ਼ਹੀਦ ਹੋਏ, ਸਿਰ ਕਟਵਾਏ, ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਚਾਰ ਪੁੱਤਰ ਸ਼ਹੀਦ ਕਰਵਾਏ। ਇਸ ਲਈ, ਚੇਅਰਮੈਨ ਸਾਹਿਬ, ਜਦੋਂ ਦੇਸ਼ ਆਜ਼ਾਦ ਹੋਇਆ ਤਾਂ ਉਸ ਵਿਚ ਸਿੱਖ ਕੌਮ ਨੇ ਜੋ ਹਿੱਸਾ ਸਭ ਤੋਂ ਵੱਧ ਪਾਇਆ ਉਹ ਕਿਸੇ ਤੋਂ ਲੁਕਿਆ ਛੁਪਿਆ ਨਹੀਂ ਹੈ। ਉਹ ਅੰਕੜੇ ਇਨ੍ਹਾਂ ਦੇ ਆਪਣੇ ਇਕੱਠੇ ਕੀਤੇ ਹੋਏ ਹਨ। ਜੇਕਰ, ਚੇਅਰਮੈਨ ਸਾਹਿਬ, 100 ਆਦਮੀਆਂ ਨੂੰ ਜੇਲ੍ਹਾਂ ਵਿਚ ਜਾਣਾ ਪਿਆ ਤਾਂ 100 ਵਿਚੋਂ 80 ਸਿੱਖ ਸਨ। ਜੇਕਰ 100 ਆਦਮੀਆਂ ਨੂੰ ਕਾਲੇ ਪਾਣੀ ਭੇਜਿਆ ਗਿਆ ਤਾਂ ਉਸ ਵਿਚ ਵੀ 80 ਸਿੱਖ ਸਨ। ਬਹੁਤ ਸਾਰੀਆਂ ਕੁਰਬਾਨੀਆਂ ਕਰਨ ਤੋਂ ਬਾਅਦ ਦੇਸ਼ ਆਜ਼ਾਦ ਹੋਇਆ। ਜਦੋਂ ਦੇਸ਼ ਆਜ਼ਾਦ ਹੋਇਆ, ਉਸ ਤੋਂ ਪਹਿਲਾਂ ਜੋ ਲੀਡਰਾਂ ਨੇ ਵਾਅਦੇ ਕੀਤੇ ਸਨ, ਉਹ ਵੀ ਤੁਹਾਨੂੰ ਸਾਰਿਆਂ ਨੂੰ ਪਤਾ ਹੈ। ਚੇਅਰਮੈਨ ਸਾਹਿਬ, ਤੁਹਾਨੂੰ ਵੀ ਪਤਾ ਹੈ। ਉਹ ਵਾਅਦੇ ਪੂਰੇ ਨਹੀਂ ਕੀਤੇ ਗਏ। ਉਸ ਵੇਲੇ ਕਿਹਾ ਗਿਆ ਸੀ ਕਿ ਬੋਲੀ ਦੇ ਆਧਾਰ ਤੇ ਸੂਬੇ ਬਣਾਏ ਜਾਣਗੇ ਤਾਕਿ ਸਭ ਭਾਸ਼ਾਵਾਂ ਦੀ ਤ੍ਰੱਕੀ ਹੋ ਸਕੇ ਪਰ ਉਸ ਵੇਲੇ ਪੰਜਾਬੀ ਸੂਬਾ ਨਹੀਂ ਬਣਾਇਆ ਗਿਆ। ਪੰਜਾਬੀ ਸੂਬਾ ਬਨਾਉਣ ਵੇਲੇ ਇਹ ਮੁੱਕਰ ਗਏ। ਜੋ ਵਾਅਦੇ ਪਹਿਲਾਂ ਕੀਤੇ ਗਏ ਸਨ, ਉਨ੍ਹਾਂ ਤੋਂ ਮੁੱਕਰ ਗਏ। ਬਾਕੀ ਸਾਰੇ ਸੂਬੇ ਬਣਾ ਦਿਤੇ ਗਏ ਪਰ ਬੋਲੀ ਦੇ ਆਧਾਰ ਤੇ ਪੰਜਾਬੀ ਸੂਬਾ ਬਨਾਉਣ ਤੋਂ ਸਾਫ ਇਨਕਾਰ ਕਰ ਦਿਤਾ। ਸਿਰਫ ਇਨਕਾਰ ਹੀ ਨਹੀਂ ਕੀਤਾ ਬਲਕਿ ਇਥੇ ਕਿਹਾ ਗਿਆ ਕਿ ਪੰਜਾਬੀ ਦਾ ਨਾਂ ਤਕ ਨਾ ਲਵੋ। ਮੈਂ, ਚੇਅਰਮੈਨ ਸਾਹਿਬ, ਤੁਹਾਡਾ ਧਿਆਨ ਇਸ ਗੱਲ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਮੇਰੀ ਪਾਰਟੀ ਸ਼੍ਰੋਮਣੀ ਅਕਾਲੀ ਪਾਰਟੀ ਨੇ ਤਿੰਨ ਲੜਾਈਆਂ ਲੜੀਆਂ ਔਰ ਤਿੰਨ ਮੋਰਚੇ ਲਾਏ। ਇਨ੍ਹਾਂ ਲੜਾਈਆਂ ਵਿਚ ਬਹੁਤ ਸਾਰੇ ਕੈਦ ਹੋਏ, ਸ਼ਹੀਦ ਹੋਏ ਔਰ ਦੂਜੇ ਪਾਸੇ ਕਾਂਗਰਸ ਨੇ ਇਸ ਦਾ ਸਖਤ ਵਿਰੋਧ ਕੀਤਾ। ਇਥੇ ਕਾਂਗਰਸੀਆਂ ਵਲੋਂ ਕਿਹਾ ਗਿਆ ਕਿ ਪੰਜਾਬੀ ਸੂਬਾ ਨਹੀਂ ਬਣਨਾ ਚਾਹੀਦਾ। ਸਰਦਾਰ ਦਰਬਾਰਾ ਸਿੰਘ ਨੇ ਕਿਹਾ ਕਿ ਪੰਜਾਬੀ ਸੂਬਾ ਮੇਰੀ ਲਾਸ਼ ਤੇ ਬਣੇਗਾ। ਪੰਜਾਬੀ ਸੂਬੇ ਦਾ ਨਾਂ ਲੈ ਕੇ ਦੂਜੇ ਫਿਰਕਿਆਂ ਦੇ ਲੋਕਾਂ ਨੂੰ ਆਪਸ ਵਿਚ ਲੜਾਇਆ। ਹਿੰਦੂਆਂ ਨੂੰ ਸਿੱਖਾਂ ਨਾਲ ਲੜਾਇਆ। ਲੋਕਾਂ ਨੂੰ ਡਰਾਇਆ ਧਮਕਾਇਆ ਗਿਆ ਕਿ ਅਗਰ ਪੰਜਾਬੀ ਸੂਬਾ ਬਣ ਗਿਆ ਤਾਂ ਇਹ ਹੋ ਜਾਵੇਗਾ, ਉਹ ਹੋ ਜਾਵੇਗਾ। ਧੋਤੀ ਟੋਪੀ ਜਮਨਾ ਪਾਰ (ਵਿਘਨ) ਆਪਣੀਆਂ ਗੱਦੀਆਂ ਨੂੰ ਕਾਇਮ ਰਖਣ ਵਾਸਤੇ ਅਤੇ ਆਪਣੀਆਂ ਕੁਰਸੀਆਂ ਹਾਸਲ ਕਰਨ ਵਾਸਤੇ ਲੋਕਾਂ ਨੂੰ ਆਪਸ ਵਿਚ ਲੜਾਇਆ। ਪਰ ਜੱਦੋ-ਜਹਿਦ ਤੋਂ ਬਾਅਦ, ਪੰਜਾਬੀ ਸੂਬੇ ਨੇ ਜਨਮ ਲਿਆ। ਜਦੋਂ, ਚੇਅਰਮੈਨ ਸਾਹਿਬ, ਪੰਜਾਬੀ ਸੂਬਾ ਬਣਿਆ ਤਾਂ ਜਿਹੜੇ ਲੋਕ ਵਿਰੋਧ ਕਰਦੇ ਸਨ, ਉਨ੍ਹਾਂ ਨੇ ਹੀ ਚੀਫ ਮਨਿਸਟਰ ਦੀ ਕੁਰਸੀ ਸੰਭਾਲੀ।

ਇਸ ਗੱਲ ਤੋਂ ਮੈਂ ਸਾਬਤ ਕਰਦਾ ਹਾਂ ਕਿ ਮੇਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਸਰਬੱਤ ਦੇ ਭਲੇ ਵਾਸਤੇ ਲੜਦੀ ਹੈ। ਜੇ ਪੰਜਾਬੀ ਸੂਬਾ ਬਣਿਆ ਤਾਂ ਸਰਬੱਤ ਦੇ ਭਲੇ ਵਾਸਤੇ ਬਣਿਆ, ਹਿੰਦੂਆਂ ਵਾਸਤੇ ਬਣਿਆ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਦੇਵ ਸਿੰਘ ਖਿਆਲਾ]

ਸਿੱਖਾਂ ਵਾਸਤੇ ਅਤੇ ਇਸਾਈਆਂ ਵਾਸਤੇ ਬਣਿਆ। ਚੇਅਰਮੈਨ ਸਾਹਿਬ, ਫੇਰ ਤੁਹਾਨੂੰ ਸਾਰਿਆਂ ਨੂੰ ਪਤਾ ਹੈ ਕਿ 1975 ਦਾ ਮਾੜਾ ਦਿਨ ਆਇਆ ਜਿਸ ਦਿਨ ਸਾਡੇ ਦੇਸ਼ ਦੀ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਨੇ ਜੋ ਆਜ਼ਾਦੀ ਦੇਸ਼ ਦੇ ਪਰਵਾਨਿਆਂ ਨੇ ਫਾਂਸੀਆਂ ਦੇ ਰੱਸੇ ਚੁੰਮ ਕੇ ਹਾਸਿਲ ਕੀਤੀ ਸੀ, ਗੋਲੀਆਂ ਖਾ ਕੇ ਹਾਸਿਲ ਕੀਤੀ ਸੀ, ਉਸਦੀ ਜੋਤ ਬੁਝਾ ਦਿੱਤੀ। ਐਮਰਜੈਂਸੀ ਦੇ ਨਾਂ ਥੱਲੇ ਲੋਕਾਂ ਦੇ ਅਧਿਕਾਰ ਖੋਹ ਲਏ ਗਏ ਅਤੇ ਇਲੈਕਸ਼ਨਾਂ ਕਰਵਾਉਣ ਦੀ ਲੋੜ ਹੀ ਨਹੀਂ ਸਮਝੀ ਗਈ ਤੇ ਆਪਣੀ ਮਿਆਦ 5 ਸਾਲ ਤੋਂ ਵਧਾ ਕੇ 6 ਸਾਲ ਕਰ ਲਈ। ਇਸ ਤਜਰਬੇ ਤੋਂ ਬਾਅਦ ਉਹ ਇਹ ਵੀ ਦੇਖ ਰਹੇ ਸਨ ਕਿ ਦੇਸ਼ ਦੀ ਹੋਰ ਕਿਹੜੀ ਪਾਰਟੀ ਉਨ੍ਹਾਂ ਦੇ ਮੁਕਾਬਲੇ ਵਿੱਚ ਖੜ੍ਹ ਸਕਦੀ ਹੈ। ਉਸ ਵੇਲੇ ਜਦ ਦੇਸ਼ ਦੀਆਂ ਕਹਿੰਦੀਆਂ ਕਹਾਉਂਦੀਆਂ ਕਰਾਂਤੀਕਾਰੀ ਪਾਰਟੀਆਂ ਵੀ ਮੈਦਾਨ ਵਿੱਚ ਨਹੀਂ ਉਤਰ ਸਕੀਆਂ, ਤਾਂ ਅਕਾਲੀ ਪਾਰਟੀ ਜਿਹੜੀ ਗੁਰੂ ਨਾਨਕ ਦੀ ਪਾਰਟੀ ਹੈ, ਗੁਰੂ ਗੋਬਿੰਦ ਸਿੰਘ ਦੀ ਪਾਰਟੀ ਹੈ ਅਤੇ ਸਰਬੱਤ ਦੇ ਭਲੇ ਵਾਲੀ ਪਾਰਟੀ ਹੈ, ਅੰਮ੍ਰਿਤਸਰ ਦੀ ਧਰਤੀ ਤੇ ਇਕੱਠੀ ਹੋਈ। ਉਸ ਵੇਲੇ ਇਕ ਪਾਸੇ ਤਾਂ ਸਾਡੀ ਪਾਰਟੀ ਦੀ ਮੀਟਿੰਗ ਹੋ ਰਹੀ ਸੀ ਅਤੇ ਦੂਜੇ ਪਾਸੇ ਟੈਲੀਫੋਨ ਤੇ ਹਲਕਾਰੇ ਆ ਰਹੇ ਸਨ ਕਿ ਅਕਾਲੀਓ, ਤੁਸੀਂ ਐਮਰਜੈਂਸੀ ਦੀ ਵਿਰੋਧਤਾ ਨਾ ਕਰੋ। ਬੀਬੀ ਇੰਦਰਾ ਗਾਂਧੀ ਦੇ ਹੱਥ ਬੜੇ ਮਜ਼ਬੂਤ ਹਨ। ਤੁਸੀਂ ਮੁੱਠੀ ਭਰ ਲੋਕ ਇਸਦਾ ਮੁਕਾਬਲਾ ਕਿਵੇਂ ਕਰ ਸਕਦੇ ਹੋ। ਇਹ ਪਾਰਟੀ, ਜਿਹੜੀ ਸਰਬੱਤ ਦੇ ਭਲੇ ਵਾਲੀ ਪਾਰਟੀ ਹੈ, ਜਿਸਨੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਲੀਹਾਂ ਤੇ ਚੱਲ ਕੇ ਬੁਰਾਈ ਦੇ ਵਿਰੁੱਧ ਲੜਨਾ ਹੈ ਅਤੇ ਜਿਹੜੀ ਅਬਦਾਲੀ ਤੋਂ ਨਹੀਂ ਡਰੀ, ਮੱਸਾ ਰੰਗੜ ਤੋਂ ਨਹੀਂ ਡਰੀ ਉਹ ਇੰਦਰਾ ਗਾਂਧੀ, ਜਿਹੜੀ ਇਕ ਬ੍ਰਾਹਮਣ ਦੀ ਧੀ ਸੀ, ਉਸ ਤੋਂ ਕਿਵੇਂ ਡਰ ਸਕਦੀ ਸੀ।

**ਸਰਦਾਰ ਕਿਰਪਾਲ ਸਿੰਘ ਢਿੱਲੋਂ** : ਚੇਅਰਮੈਨ ਸਾਹਿਬ, ਆਨ ਏ ਪੁਆਇੰਟ ਆਫ ਆਰਡਰ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੈਂਬਰ ਸਾਹਿਬ ਗਵਰਨਰ ਐਡਰੈਸ ਤੇ ਹੀ ਬੋਲਣ। ਜੋ ਇਹ ਧਰਮ ਔਰ ਗੁਰੂ ਸਾਹਿਬਾਨ ਤੇ ਲੰਬਾ ਚੌੜਾ ਭਾਸ਼ਣ ਕਰ ਰਹੇ ਹਨ, ਇਹ ਰੈਲੇਵੈਂਟ ਨਹੀਂ ਹੈ। ਮੈਂ ਸਮਝਦਾ ਹਾਂ ਕਿ ਅਸੀਂ ਸਾਰੇ ਏਥੇ ਪੰਜਾਬੀ ਸੂਬੇ ਦੀ ਬਿਹਤਰੀ ਲਈ ਡਿਸਕਸ਼ਨ ਕਰੀਏ। ਇਸ ਹਾਊਸ ਵਿੱਚ ਅਸੀਂ ਸਾਰੇ ਇਕ ਬੇਹਤਰ ਜ਼ਿੰਦਗੀ ਪੰਜਾਬ ਨੂੰ ਕਿਵੇਂ ਦਿਤੀ ਜਾ ਸਕਦੀ ਹੈ, ਉਸ ਲਈ ਇਕੱਠੇ ਹੋਏ ਹਾਂ। ਇਨ੍ਹਾਂ ਨੂੰ ਉਨ੍ਹਾਂ ਗੱਲਾਂ ਤੇ ਹੀ ਬੋਲਣਾ ਚਾਹੀਦਾ ਹੈ।

**ਸ਼੍ਰੀ ਸਭਾਪਤੀ** : ਇਸ ਹਾਊਸ ਵਿੱਚ ਪੰਜਾਬ ਦੀ ਕਲਚਰ ਅਤੇ ਸਭਿਆਚਾਰ ਬਾਰੇ ਗੱਲ ਹੋ ਸਕਦੀ ਹੈ। ਤੁਸੀਂ ਮੈਂਬਰ ਸਾਹਿਬਾਨ ਦੀ ਗੱਲ ਸਮਝਣ ਦਾ ਯਤਨ ਕਰੋ। ਇਨ੍ਹਾਂ ਨੂੰ ਵੀ ਗਵਰਨਰ ਐਡਰੈਸ ਤੇ ਹੀ ਜ਼ਿਆਦਾ ਟਾਈਮ ਦੇਣਾ ਚਾਹੀਦਾ ਹੈ।

**ਸ਼੍ਰੀ ਰਾਮ ਪ੍ਰਕਾਸ਼ ਬਾਲੀ** : ਚੇਅਰਮੈਨ ਸਾਹਿਬ, ਇਨ੍ਹਾਂ ਨੇ ਬ੍ਰਾਹਮਣਾਂ ਦੀ ਧੀ ਕਹਿ ਕੇ ਗਲਤ ਗੱਲ ਕੀਤੀ ਹੈ। ਸ੍ਰੀਮਤੀ ਇੰਦਰਾ ਗਾਂਧੀ ਦੇਸ਼ ਦੀ ਹੀ ਮਹਾਨ ਨੇਤਾ ਨਹੀਂ ਸੀ ਬਲਕਿ ਸਾਰੀ ਦੁਨੀਆਂ ਦੀ ਨੇਤਾ ਸੀ। ਇਥੇ ਕਿਸੇ ਜਾਤੀ ਦਾ ਨਾਂ ਨਹੀਂ ਲਿਆ ਜਾਣਾ ਚਾਹੀਦਾ। ਇਨ੍ਹਾਂ ਨੇ ਬ੍ਰਾਹਮਣ ਧਰਮ ਨੂੰ ਚੋਟ ਪਹੁੰਚਾਈ ਹੈ ਤੇ ਉਸਦੇ ਨਾਂ ਤੇ ਮਜ਼ਾਕ ਕੀਤਾ ਹੈ। ਇਹ ਅਲਫਾਜ਼ ਕਾਰਵਾਈ ਵਿਚੋਂ ਐਕਸਪੰਜ ਕਰ ਦਿੱਤੇ ਜਾਣੇ ਚਾਹੀਦੇ ਹਨ।

**ਸ਼੍ਰੀ ਸਭਾਪਤੀ** : ਇਨ੍ਹਾਂ ਨੇ ਇਹੋ ਜਿਹੀ ਭਾਵਨਾ ਨਾਲ ਕੋਈ ਗੱਲ ਨਹੀਂ ਕੀਤੀ।

**ਸਰਦਾਰ ਬਲਦੇਵ ਸਿੰਘ ਖਿਆਲਾ** : ਚੇਅਰਮੈਨ ਸਾਹਿਬ, ਮੈਂ ਤਾਂ ਗਵਰਨਰ ਐਡਰੈਸ ਵਿੱਚ ਹੀ ਜਿਹੜਾ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਬਾਰੇ ਸਰਬੱਤ ਦਾ ਭਲਾ ਕਰਨ ਵਾਲੇ ਕਿਹਾ ਗਿਆ ਹੈ, ਉਸਤੇ

Original with;
Punjab Vidhan Sabha
Digitized by;
Panjab Digital Library

ਹੀ ਬੋਲ ਰਿਹਾ ਹਾਂ। ਉਹ ਹਮੇਸ਼ਾ ਇਸੇ ਸਿਧਾਂਤ ਲਈ ਲੜਦੇ ਰਹੇ ਹਨ। ਮੈਂ ਪਿਛੇ ਇਹ ਦੱਸਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਜਦੋਂ ਐਮਰਜੈਂਸੀ ਵਿੱਚ ਅਕਾਲੀ ਦਲ ਨੇ ਮੋਰਚਾ ਲਾਇਆ ਤਾਂ ਦਿੱਲੀ ਦੀਆਂ ਸਾਰੀਆਂ ਗੱਲਾਂ ਨੂੰ ਠੁਕਰਾਇਆ। ਜਿਹੜੀ ਦਿੱਲੀ ਸਾਡੇ ਨਾਲ ਧੱਕਾ ਕਰਕੇ ਆਜ਼ਾਦੀ ਦੀ ਜੋਤ ਬੁਝਾਉਣਾ ਚਾਹੁੰਦੀ ਸੀ, ਅਸੀਂ ਉਸੇ ਆਜ਼ਾਦੀ ਦੀ ਜੋਤ ਨੂੰ ਜਗਦਾ ਰਖਣ ਵਾਸਤੇ ਬਹੁਤ ਸਾਰੀਆਂ ਕੁਰਬਾਨੀਆਂ ਦਿੱਤੀਆਂ, 19 ਮਹੀਨੇ ਲਗਾਤਾਰ ਮੋਰਚਾ ਚੱਲਿਆ ਅਤੇ ਫਿਰ ਦੋਬਾਰਾ ਦੇਸ਼ ਆਜ਼ਾਦ ਹੋਇਆ ਅਤੇ ਵੋਟਾਂ ਪਈਆਂ। ਤੁਹਾਨੂੰ ਚੇਅਰਮੈਨ ਸਾਹਿਬ, ਅਤੇ ਸਾਰੇ ਹਾਊਸ ਨੂੰ ਇਹ ਗੱਲ ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਮਰਹੂਮ ਨੇਤਾ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਨੇ ਜਿਥੇ ਐਮਰਜੈਂਸੀ ਵਿੱਚ ਮੋਰਚਾ ਲਗਾ ਕੇ ਸਭ ਨੂੰ ਆਜ਼ਾਦੀ ਬਹਾਲ ਕਰਵਾਈ ਸੀ ਅਤੇ ਸਰਬੱਤ ਦਾ ਭਲਾ ਕੀਤਾ ਸੀ, ਉਥੇ ਹੁਣ ਵੀ ਜੋ ਮੋਰਚਾ ਲਗਾਇਆ ਸੀ, ਉਹ ਵੀ ਸਰਬੱਤ ਦੇ ਭਲੇ ਵਾਸਤੇ ਹੀ ਲਗਿਆ ਸੀ। ਉਹ ਕਪੂਰੀ ਪਿੰਡ ਤੋਂ ਸ਼ੁਰੂ ਹੋਇਆ ਸੀ ਅਤੇ ਉਦੋਂ ਸ਼ੁਰੂ ਹੋਇਆ ਸੀ ਜਦੋਂ ਦੇਸ਼ ਦੀ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਨੇ ਐਲਾਨ ਕਰ ਦਿੱਤਾ ਕਿ ਮੈਂ ਪਾਣੀ ਦਾ ਫੈਸਲਾ ਕਰ ਦਿੱਤਾ ਹੈ ਅਤੇ ਮੇਰਾ ਫੈਸਲਾ ਆਖਰੀ ਫੈਸਲਾ ਹੈ ਅਤੇ ਦਰਬਾਰਾ ਸਿੰਘ ਤੋਂ ਅੰਗੂਠਾ ਲਗਵਾ ਲਿਆ। ਇਹ ਫ਼ੈਸਲਾ ਹਰਿਆਣਾ ਦੀਆਂ ਚੋਣਾਂ ਜਿੱਤਣ ਵਾਸਤੇ ਅਤੇ ਉਨ੍ਹਾਂ ਨੂੰ ਖੁਸ਼ ਕਰਨ ਵਾਸਤੇ ਕੀਤਾ ਗਿਆ ਸੀ। ਇਸ ਵਿੱਚ ਪੰਜਾਬ ਦੇ ਹੱਕਾਂ ਦਾ ਕਤਲ ਕਰ ਦਿੱਤਾ ਗਿਆ ਸੀ। ਉਸ ਵੇਲੇ ਹਰ ਇਕ ਦਾ ਫਰਜ਼ ਬਣਦਾ ਸੀ ਜਿਹੜਾ ਇਸ ਪੰਜਾਬ ਦਾ ਅਨਾਜ ਖਾਂਦਾ ਹੈ, ਪਾਣੀ ਪੀਂਦਾ ਹੈ ਅਤੇ ਧਰਤੀ ਤੇ ਰਹਿੰਦਾ ਹੈ ਕਿ ਆਪਣੀ ਆਪਣੀ ਪਾਰਟੀ ਦਾ ਝੰਡਾ ਚੁੱਕ ਕੇ ਜਾਂਦੇ ਅਤੇ ਇਸ ਫੈਸਲੇ ਦੇ ਖਿਲਾਫ ਲੜਦੇ।

**Shri Om Parkash Gupta**: On a point of order, Sir. In the Governor's Address it has been written:

> "The tragic assassination of Prime Minister, Smt. Indira Gandhi, which was widely condemned, caused deep grief in Punjab as elsewhere in India."

ਇਨ੍ਹਾਂ ਨੇ ਅਫਸੋਸ ਪ੍ਰਗਟ ਕੀਤਾ ਹੈ ਅਤੇ ਉਨ੍ਹਾਂ ਦੇ ਅਸੈਸੀਨੇਸ਼ਨ ਨੂੰ ਬੁਰਾ ਕਿਹਾ ਪਰ ਹੁਣ ਇਹ ਉਨ੍ਹਾਂ ਨੂੰ ਹੀ ਬੁਰਾ ਕਹਿ ਰਹੇ ਹਨ।

**ਸ਼੍ਰੀ ਸਭਾਪਤੀ** : ਗੁਪਤਾ ਸਾਹਿਬ, ਉਨ੍ਹਾਂ ਨੂੰ ਇਸ ਗੱਲ ਤੇ ਆਉਣ ਤਾਂ ਦਿਓ।

**ਸਰਦਾਰ ਬਲਦੇਵ ਸਿੰਘ ਖਿਆਲਾ** : ਕਪੂਰੀ ਪਿੰਡ ਤੋਂ ਸ਼ੁਰੂ ਹੋਇਆ ਮੋਰਚਾ ਪਾਣੀ ਦੇ ਧੱਕੇ ਦੇ ਖਿਲਾਫ ਕੀਤਾ ਗਿਆ ਸੀ ਕਿਉਂਕਿ ਸ਼੍ਰੀਮਤੀ ਇੰਦਰਾ ਗਾਂਧੀ ਨੇ ਪੰਜਾਬ ਨਾਲ ਧੱਕਾ ਕੀਤਾ ਸੀ। ਚੇਅਰਮੈਨ ਸਾਹਿਬ, ਮੈਂ ਤੁਹਾਡਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਉਸ ਵੇਲੇ ਇਕ ਪਾਸੇ ਤਾਂ ਮੇਰੀ ਪਾਰਟੀ ਪਟਿਆਲੇ ਦੇ ਦੁੱਖ ਨਿਵਾਰਣ ਸਾਹਿਬ ਦੇ ਗੁਰਦੁਆਰੇ ਵਿੱਚ ਇੱਕਠੀ ਹੋਈ ਸੀ ਅਤੇ ਫੈਸਲਾ ਕੀਤਾ ਸੀ ਕਿ ਅਸੀਂ ਇਸਦੇ ਖਿਲਾਫ ਜਿਹਾਦ ਕਰਾਂਗੇ ਕਿਉਂਕਿ ਸਾਡੇ ਆਉਣ ਵਾਲੇ ਬੱਚੇ ਕੱਲ ਸਾਨੂੰ ਕੀ ਕਹਿਣਗੇ ਕਿ ਸਾਡੇ ਬਜ਼ੁਰਗ ਤਾਂ ਬੁਜ਼ਦਿਲ ਸਨ ਜਿਹੜੇ ਧੱਕੇ ਦੇ ਵਿਰੁੱਧ ਲੜਾਈ ਨਹੀਂ ਲੜ ਸਕੇ। ਉਸ ਵੇਲੇ ਜਿਥੇ ਬੰਦੂਕਾਂ ਤਾਣੀਆਂ ਹੋਈਆਂ ਸਨ, ਅਕਾਲੀ ਦਲ ਦੇ ਵਰਕਰਾਂ ਨੇ ਉਥੇ ਝੰਡੇ ਗੱਡ ਦਿੱਤੇ ਅਤੇ ਇਹ ਨਾਹਰਾ ਲਾਇਆ ਕਿ ਪੰਜਾਬ ਦਾ ਪਾਣੀ ਧੱਕੇ ਨਾਲ ਨਹੀਂ ਜਾਣ ਦਿਆਂਗੇ ਬਲਕਿ ਉਸਦੀ ਜਗ੍ਹਾ ਪੰਜਾਬ ਦੇ ਕਿਸਾਨਾਂ ਦਾ ਖੂਨ ਨਹਿਰ ਵਿੱਚ ਜਾਏਗਾ। ਇਕ ਪਾਸੇ ਪੰਜਾਬ ਦੇ ਉਹ ਲੋਕ ਸਨ ਜਿਹੜੇ ਕਿ ਕਰੇਨਾਂ ਮੂਹਰੇ ਪੈਣ ਨੂੰ ਤਿਆਰ ਹੋਏ ਹੋਏ ਸਨ ਕਿ ਅਸੀਂ ਨਹਿਰ ਨਹੀਂ ਬਨਣ ਦੇਣੀ ਅਤੇ ਦੂਜੇ ਪਾਸੇ ਇਹ ਜਿਹੜੇ ਮੇਰੇ ਵੀਰ ਬੈਠੇ ਹਨ, ਇਨ੍ਹਾਂ ਦੇ ਵਰਕਰ ਟਰੱਕਾਂ ਤੇ ਚੜ੍ਹ ਕੇ ਉਥੇ ਗਏ ਅਤੇ ਕਿਹਾ ਕਿ ਅਸੀਂ ਤੁਹਾਡੇ ਹੱਥ ਵਟਾਉਂਦੇ ਹਾਂ ਅਤੇ ਸ਼੍ਰੀਮਤੀ ਇੰਦਰਾ ਗਾਂਧੀ ਦਾ ਧੰਨਵਾਦ ਕੀਤਾ। ਇਹ ਗੱਲ ਰੇਡੀਓ ਤੇ ਵੀ ਆਈ ਸੀ।

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਦੇਵ ਸਿੰਘ ਖਿਆਲਾ]

ਸੰਤ ਲੌਂਗੋਵਾਲ ਨੇ ਜੋ ਮੋਰਚਾ ਲਾਇਆ ਸੀ ਉਹ ਪੰਜਾਬ ਦੇ ਭਲੇ ਵਾਸਤੇ ਲਾਇਆ ਸੀ। ਉਸ ਵਿੱਚ ਪਾਣੀ ਦੀ ਗੱਲ ਸੀ, ਧਰਮ ਦੀ ਗੱਲ ਸੀ, ਆਨੰਦਪੁਰ ਸਾਹਿਬ ਦੇ ਮਤੇ ਦੀ ਗੱਲ ਸੀ ਜਿਸ ਬਾਰੇ ਕੱਲ ਹੀ ਇਥੇ ਰੌਲਾ ਪੈ ਕੇ ਹਟਿਆ ਹੈ ਕਿ ਹਰ 6 ਮਹੀਨੇ ਬਾਅਦ ਪੰਜਾਬ ਦੇ ਕਿਸਾਨ ਨੂੰ ਦਿੱਲੀ ਵੱਲ ਝਾਕਣਾ ਪੈਂਦਾ ਹੈ। ਉਹ ਚੌਲ ਨਹੀਂ ਖਰੀਦ ਰਹੇ, ਨਰਮੇ ਅਤੇ ਗੰਨੇ ਦਾ ਭਾਅ ਨਹੀਂ ਮਿੱਥ ਰਹੇ। ਇਸ ਲਈ ਇਹ ਹੱਕਾਂ ਦੀ ਲੜਾਈ ਦਾ ਮੋਰਚਾ ਸੀ। ਅਕਾਲੀ ਦਲ ਨੇ ਤਾਂ ਪੁਰਅਮਨ ਗ੍ਰਿਫਤਾਰੀਆਂ ਦਿੱਤੀਆਂ ਤੇ ਦੂਜੇ ਪਾਸੇ ਦਿੱਲੀ ਦੀ ਸਰਕਾਰ ਨੇ ਇਸ ਹੱਕੀ ਮੋਰਚੇ ਦੇ ਰਿਜ਼ਲਟ ਭੈੜੇ ਕੱਢਣ ਵਾਸਤੇ ਭੈੜੇ ਤਰੀਕੇ ਵਰਤ ਕੇ ਹਿੰਦੂ ਸਿੱਖਾਂ ਦੀ ਲੜਾਈ ਬਣਾ ਦਿੱਤਾ। ਇਥੋਂ ਦਾ ਜਿਹੜਾ ਚੀਫ਼ ਮਨਿਸਟਰ ਸੀ, ਉਸਨੇ ਫਰੀਦਕੋਟ ਅਤੇ ਆਨੰਦਪੁਰ ਸਾਹਿਬ ਦੀਆਂ ਬਾਈ-ਇਲੈਕਸ਼ਨਜ਼ ਜਿੱਤਣ ਵਾਸਤੇ ਮੰਦਰਾਂ ਵਿੱਚ ਗਊਆਂ ਦੀਆਂ ਪੂੰਛਾਂ ਸੁਟਵਾ ਦਿੱਤੀਆਂ, ਗੁਰਦਵਾਰਿਆਂ ਵਿੱਚ ਸਿਗਰਟ ਸੁਟਵਾ ਦਿੱਤੇ ਅਤੇ ਸਰੋਵਰਾਂ ਨੂੰ ਗੰਦਾ ਕਰਵਾ ਦਿੱਤਾ। ਜਿਨ੍ਹਾਂ 6 ਨਿਹੱਥਿਆਂ ਨੂੰ ਬੱਸ ਵਿਚੋਂ ਕੱਢ ਕੇ ਮਾਰ ਦਿੱਤਾ ਗਿਆ ਉਨ੍ਹਾਂ ਬਾਰੇ ਵੀ ਸੰਤ ਲੌਂਗੋਵਾਲ ਜੀ ਨੇ ਦੁਖ ਪ੍ਰਗਟ ਕੀਤਾ ਸੀ ਅਤੇ ਮੰਗ ਕੀਤੀ ਸੀ ਕਿ ਇਸਦੀ ਇਨਕੁਆਇਰੀ ਕਿਸੇ ਸੁਪਰੀਮ ਕੋਰਟ ਦੇ ਜੱਜ ਤੋਂ ਕਰਵਾ ਲਈ ਜਾਵੇ।

ਅਸੀਂ ਸਾਬਤ ਕਰਾਂਗੇ ਕਿ ਗਰੀਬ ਆਦਮੀਆਂ ਨੂੰ ਕੌਣ ਮਾਰਦਾ ਹੈ। ਇਨ੍ਹਾਂ ਵੀਰਾਂ ਦੀ ਉਸ ਸਮੇਂ ਦੀ ਸਰਕਾਰ ਨੂੰ ਚਾਹੀਦਾ ਸੀ ਕਿ ਕਾਤਲ ਲੋਕਾਂ ਨੂੰ ਨੰਗੇ ਕਰਨ ਵਾਸਤੇ ਤੁਰੰਤ ਕਮਿਸ਼ਨ ਬਿਠਾਉਂਦੇ ਲੇਕਿਨ ਐਸਾ ਨਹੀਂ ਕੀਤਾ ਗਿਆ। ਕਿਉਂ ਨਹੀਂ ਕੀਤਾ ਗਿਆ ? ਇਸ ਵਾਸਤੇ ਕਿ ਇਨ੍ਹਾਂ ਨੂੰ ਪਤਾ ਸੀ ਕਿ ਇਹ ਕਰਤੂਤਾਂ ਸਾਡੇ ਆਪਣੇ ਹੀ ਭਾਈਚਾਰੇ ਦੀਆਂ ਹਨ। (ਸ਼ੇਮ, ਸ਼ੇਮ)। ਉਸ ਵੇਲੇ ਦੀ ਕਾਂਗਰਸ ਦੀ ਪ੍ਰਧਾਨ ਸਰਲਾ ਪ੍ਰਾਸ਼ਰ ਨੇ ਵੀ ਉਹੋ ਹੀ ਕਿਹਾ ਸੀ ਜੋ ਕਿ ਸੰਤ ਜੀ ਨੇ ਕਿਹਾ ਸੀ। ਸਰਲਾ ਪ੍ਰਾਸ਼ਰ ਅੱਜ ਸਾਡੇ ਵਿਚਕਾਰ ਨਹੀਂ ਹੈ। ਉਸ ਨੇ ਕਿਹਾ ਸੀ ਕਿ ਕਾਤਲ ਕਤਲ ਕਰਕੇ ਥਾਣਿਆਂ ਵਿਚ ਚਲੇ ਜਾਂਦੇ ਹਨ। ਇਹ ਮੈਂ ਨਹੀਂ ਕ੍ਰਹਿ ਰਿਹਾ, ਇਹ ਤੁਹਾਡੀ ਆਪਣੀ ਪ੍ਰਧਾਨ ਸਰਲਾ ਪ੍ਰਾਸ਼ਰ ਨੇ ਕਿਹਾ ਸੀ। ਇਹ ਬਿਆਨ ਤੁਸੀਂ ਸਾਰਿਆਂ ਨੇ ਪੜ੍ਹਿਆ ਹੋਣਾ ਹੈ। ਇਸ ਗੱਲ ਤੋਂ ਇਹ ਸਾਬਤ ਹੁੰਦਾ ਹੈ ਕਿ ਉਨ੍ਹਾਂ ਸਾਰੀਆਂ ਕਾਲੀਆਂ ਕਰਤੂਤਾਂ ਪਿਛੇ ਹੱਥ ਉਸ ਸਮੇਂ ਦੀ ਸਰਕਾਰ ਦਾ ਸੀ। ਮਾਸੂਮ ਲੋਕਾਂ ਨੂੰ ਇਨ੍ਹਾਂ ਨੇ ਆਪ ਮਾਰਿਆ ਪਰ ਬਦਨਾਮ ਸਿੱਖ ਕੌਮ ਨੂੰ ਕੀਤਾ ਗਿਆ। ਇਸ ਹਾਊਸ ਵਿਚ ਸ੍ਰੀਮਤੀ ਇੰਦਰਾ ਗਾਂਧੀ ਦਾ ਅਸੀਂ ਪਹਿਲਾਂ ਵੀ ਅਫਸੋਸ ਪ੍ਰਗਟ ਕਰ ਚੁਕੇ ਹਾਂ ਅਤੇ ਹੁਣ ਵੀ ਕਰਦੇ ਹਾਂ ਪਰ ਜੋ ਜਾਲ ਕਾਂਗਰਸ ਦੇ ਸ਼ਾਸਕਾਂ ਨੇ ਉਸ ਸਮੇਂ ਬਣਾਇਆ, ਸ੍ਰੀਮਤੀ ਇੰਦਰਾ ਗਾਂਧੀ ਨੂੰ ਚਾਹੀਦਾ ਸੀ ਕਿ ਉਹ ਉਸ ਨੂੰ ਰੋਕਦੀ ਪਰ ਉਸ ਨੇ ਐਸਾ ਨਹੀਂ ਕੀਤਾ। ਜੇ ਉਹ ਇਨ੍ਹਾਂ ਚੀਜ਼ਾਂ ਦੇ ਖਿਲਾਫ ਹੁੰਦੀ ਤਾਂ ਇਹ ਸਾਰਾ ਕੁਝ ਨਹੀਂ ਸੀ ਹੋਣਾ। ਸਿੱਖਾਂ ਦੇ ਧਾਰਮਿਕ ਅਸਥਾਨ ਸਾੜੇ ਗਏ। 36 ਗੁਰਦਵਾਰਿਆਂ ਵਿਚ ਕਤਲੇ-ਆਮ ਕੀਤਾ ਗਿਆ, ਉਥੇ ਟੈਂਕ ਵਾੜੇ ਗਏ। ਸਰੋਵਰ ਖੂਨ ਨਾਲ ਭਰੇ ਗਏ। (ਸ਼ੇਮ, ਸ਼ੇਮ)। ਜੇ ਸਾਡੇ ਦੇਸ਼ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਸਿਨਸੀਅਰ ਹੁੰਦੀ ਤਾਂ ਇਹ ਸਾਰੀਆਂ ਘਟਨਾਵਾਂ ਨਾ ਵਾਪਰਦੀਆਂ। ਨਾ ਗੁਰਦਵਾਰੇ ਸਾੜੇ ਜਾਂਦੇ, ਨਾ ਸਿੱਖ ਕੌਮ ਦੀ ਬਰਬਾਦੀ ਹੁੰਦੀ ਅਤੇ ਨਾ ਹੀ ਪ੍ਰਧਾਨ ਮੰਤਰੀ ਦੀ ਆਪਣੀ ਮੌਤ ਹੁੰਦੀ। ਮੈਂ, ਚੇਅਰਮੈਨ ਸਾਹਿਬ, ਤੁਹਾਨੂੰ ਦਸਣਾ ਚਾਹੁੰਦਾ ਹਾਂ ਕਿ ਇਹ ਸਾਰਾ ਕੁਝ ਸਰਬੱਤ ਦਾ ਭਲਾ ਮੰਗਣ ਵਾਲੀ ਪਾਰਟੀ ਦੇ ਹੱਥੋਂ ਨਹੀਂ ਹੋਇਆ, ਇਹ ਕਾਂਗਰਸ ਪਾਰਟੀ ਵਲੋਂ ਕੀਤਾ ਗਿਆ ਸੀ। ਉਸ ਕਾਂਗਰਸ ਪਾਰਟੀ ਦੇ ਹੱਥੋਂ ਹੋਇਆ ਜਿਸ ਨੇ ਹਮੇਸ਼ਾ ਝੂਠੇ ਨਾਹਰੇ ਦੇ ਕੇ ਲੋਕਾਂ ਨੂੰ ਬੁੱਧੂ ਬਣਾਈ ਰਖਿਆ। ਇਹ ਨਾਹਰਾ ਕਦੇ, ਗਰੀਬੀ ਰੋਕਣ ਦਾ ਹੁੰਦਾ ਸੀ, ਕਦੇ ਬੇਰੁਜ਼ਗਾਰੀ ਨੂੰ ਖਤਮ ਕਰਨ ਦਾ ਅਤੇ ਕਦੀ ਰਾਜਿਆਂ ਦੇ ਪਰੀਵੀ ਪਰਸਿਜ਼ ਨੂੰ ਖਤਮ ਕਰਨ ਦਾ। ਇਨ੍ਹਾਂ ਤੋਂ ਬਾਦ ਇਸ ਪਾਰਟੀ ਕੋਲ ਆਪਣੀਆਂ ਵੋਟਾਂ ਲੈਣ ਵਾਸਤੇ ਇਕ ਹੋਰ ਨਾਹਰਾ ਆਇਆ-ਹਿੰਦੂ ਸਿੱਖਾਂ ਨੂੰ ਲੜਾਉਣ ਦਾ। ਹੁਣ ਸ੍ਰੀ ਰਾਜੀਵ ਗਾਂਧੀ

Original with;
Punjab Vidhan Sabha
Digitized by;
Panjab Digital Library

ਅਤੇ ਸੰਤ ਲੌਂਗੋਵਾਲ ਜੀ ਨੇ ਪੰਜਾਬ ਦਾ ਸਮਝੌਤਾ ਕੀਤਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਇਹ ਮੰਗਾਂ ਜਾਇਜ਼ ਸਨ ਤਾਂ ਪਹਿਲਾਂ ਹੀ ਕਿਉਂ ਨਹੀਂ ਮੰਨ ਲਈਆਂ ਗਈਆਂ ਅਤੇ ਜੇਕਰ ਨਜਾਇਜ਼ ਸਨ ਤਾਂ ਹੁਣ ਕਿਉਂ ਮੰਨੀਆਂ ਗਈਆਂ? ਮੇਰੀ ਪਾਰਟੀ ਤਾਂ ਸਰਬੱਤ ਦਾ ਭਲਾ ਮੰਗਦੀ ਹੈ ਅਤੇ ਸਰਬੱਤ ਦੇ ਭਲੇ ਵਾਸਤੇ ਹੀ ਲੜਦੀ ਹੈ। ਭਾਵੇਂ ਉਹ ਪਾਣੀਆਂ ਦਾ ਮਸਲਾ ਹੋਵੇ ਅਤੇ ਭਾਵੇਂ ਸੂਬਿਆਂ ਨੂੰ ਵਧ ਅਧਿਕਾਰ ਦੇਣ ਦਾ ਮਸਲਾ ਹੋਵੇ। ਜੇ ਸੂਬਿਆਂ ਨੂੰ ਵਧ ਅਧਿਕਾਰ ਮਿਲਦੇ ਹਨ ਤਾਂ ਸਾਰਿਆਂ ਸੂਬਿਆਂ ਨੂੰ ਮਿਲਣੇ ਹਨ, ਇਕੱਲੇ ਪੰਜਾਬ ਨੂੰ ਜਾਂ ਇਕੱਲੇ ਅਕਾਲੀਆਂ ਨੂੰ ਨਹੀਂ। ਮੇਰੀ ਪਾਰਟੀ ਸਰਬੱਤ ਦੇ ਭਲੇ ਵਾਸਤੇ ਲੜਦੀ ਆਈ ਹੈ ਅਤੇ ਲੜਦੀ ਰਹੇਗੀ। ਜੋ ਸਮਝੌਤਾ ਸ੍ਰੀ ਰਾਜੀਵ ਗਾਂਧੀ ਅਤੇ ਸੰਤ ਲੌਂਗੋਵਾਲ ਜੀ ਵਿਚਕਾਰ ਹੋਇਆ ਹੈ, ਅਸੀਂ ਉਸ ਦੇ ਅੱਖਰ ਅੱਖਰ ਦੀ ਤਾਈਦ ਕਰਦੇ ਹਾਂ ਪਰ ਉਸ ਦੇ ਵਿਚ ਵੀ ਅੱਜ ਅੜਚਨਾਂ ਪਾਈਆਂ ਜਾ ਰਹੀਆਂ ਹਨ। ਸਮਝੌਤੇ ਵਿਚ ਪਿੰਡ ਨੂੰ ਇਕਾਈ ਮੰਨ ਕੇ ਜੁੜਵਾਂ ਪਿੰਡ ਮੰਨ ਕੇ ਫੈਸਲਾ ਕਰਨ ਬਾਰੇ ਲਿਖਿਆ ਹੈ ਪਰ ਮੈਥਿਊ ਕਮਿਸ਼ਨ ਵਿਚ ਇਹ ਲਿਖ ਦਿੱਤਾ ਗਿਆ ਹੈ ਕਿ ਹੋਰ ਤੱਥਾਂ ਤੇ ਵੀ ਵਿਚਾਰ ਕੀਤਾ ਜਾਵੇ। ਇਸ ਤੋਂ ਮੈਨੂੰ ਲਗਦਾ ਹੈ ਕਿ ਕਾਂਗਰਸ ਦੀ ਨੀਅਤ ਸਾਫ ਨਹੀਂ ਹੈ। ਮੈਂ ਤਾਂ ਇਹੀ ਕਹਾਂਗਾ ਕਿ ਇਸ ਸਮਝੌਤੇ ਤੇ ਸਿਨਸੀਅਰ ਹੋ ਕੇ ਅਮਲ ਕੀਤਾ ਜਾਵੇ। ਇਸੇ ਵਿਚ ਪੰਜਾਬ ਦਾ ਭਲਾ ਹੈ, ਹਿੰਦੁਸਤਾਨ ਦਾ ਭਲਾ ਹੈ।

ਚੇਅਰਮੈਨ ਸਾਹਿਬ, ਰਾਜਪਾਲ ਦੇ ਭਾਸ਼ਨ ਵਿਚ ਪੁਆਇੰਟ—8 ਤੇ ਲਿਖਿਆ ਹੈ:—

> "ਇਹ ਬੜੇ ਅਫਸੋਸ ਦੀ ਗੱਲ ਹੈ ਕਿ ਪਿਛਲੀ ਸਰਕਾਰ ਨੇ ਦਿਹਾਤ-ਵਿਰੋਧੀ ਰੁਚੀ ਕਾਰਣ ਉਨ੍ਹਾਂ ਕੁਝ ਵੱਡੀਆਂ ਸਕੀਮਾਂ ਅਤੇ ਪ੍ਰਾਜੈਕਟਾਂ ਨੂੰ ਉਲਟਾ ਪਲਟਾ, ਘਟ ਅਤੇ ਤੋੜ ਮਰੋੜ ਦਿੱਤਾ ਜੋ ਪਹਿਲੀ ਅਕਾਲੀ ਸਰਕਾਰ ਨੇ ਪੰਜਾਬ ਦੇ ਪਿੰਡਾਂ ਦੀ ਆਰਥਿਕਤਾ ਨੂੰ ਮੁੜ ਪੱਕੇ ਪੈਰਾਂ ਤੇ ਖੜ੍ਹਾ ਕਰਨ ਲਈ ਅਤੇ ਪਿੰਡਾਂ ਨੂੰ ਨਵਾਂ ਸਰੂਪ ਦੇਣ ਲਈ ਆਰੰਭੇ ਸਨ।"

ਗਵਰਨਰ ਸਾਹਿਬ ਨੇ ਜ਼ਿਕਰ ਕੀਤਾ ਹੈ ਕਿ ਪਿਛਲੀ ਸਰਕਾਰ ਪਿੰਡਾਂ ਦੀ ਸਾਰੀ ਤਰੱਕੀ ਨੂੰ ਤੋੜ ਮਰੋੜ ਤੇ ਖਰਾਬ ਕਰ ਗਈ ਹੈ। ਜਿਹੜੀਆਂ ਸਕੀਮਾਂ ਬਾਦਲ ਸਰਕਾਰ ਛੱਡ ਗਈ ਸੀ, ਉਹ ਉਥੇ ਦੀਆਂ ਉਥੇ ਹੀ ਛੱਡ ਦਿੱਤੀਆਂ ਗਈਆਂ। ਇਹ ਲੋਕ ਸਕੀਮਾਂ ਚਲਾਉਂਦੇ ਵੀ ਕਿਵੇਂ? ਸਾਰਾ ਪੈਸਾ ਤਾਂ ਇਸ ਸਕੀਮ ਉਤੇ ਲਾਇਆ ਜਾ ਰਿਹਾ ਸੀ ਕਿ ਸਿੱਖਾਂ ਨੂੰ ਕਿਵੇਂ ਮਰਵਾਇਆ ਜਾਵੇ।

ਸੋ, ਚੇਅਰਮੈਨ ਸਾਹਿਬ, ਅਖੀਰ ਵਿਚ ਮੈਂ ਇਹੀ ਕਹਾਂਗਾ ਕਿ ਜੋ ਕੁਝ ਰਾਜਪਾਲ ਦੇ ਭਾਸ਼ਣ ਵਿਚ ਲਿਖਿਆ ਗਿਆ ਹੈ, ਅਕਾਲੀ ਪਾਰਟੀ ਉਸ ਤੇ ਹਮੇਸ਼ਾ ਪਾਬੰਦ ਰਹੇਗੀ ਅਤੇ ਪੰਜਾਬ ਦੀ ਤਰੱਕੀ ਵਾਸਤੇ ਆਪਣਾ ਪੂਰਾ ਸਹਿਯੋਗ ਦੇਵੇਗੀ। ਇਤਨਾ ਕਹਿੰਦਾ ਹੋਇਆ ਮੈਂ ਖਿਮਾ ਦਾ ਜਾਚਕ ਹਾਂ।

**ਸ੍ਰੀ ਰਾਮ ਲਾਲ** (ਨਰੋਟ ਮਹਿਰਾ, ਐਸ.ਸੀ.) ਸਤਿਕਾਰਯੋਗ ਚੇਅਰਮੈਨ ਸਾਹਿਬ, ਮੈਨੂੰ ਤੁਹਾਡਾ ਹੁਕਮ ਹੋਇਆ ਹੈ ਕਿ ਮੈਂ ਗਵਰਨਰ ਸਾਹਿਬ ਦੇ ਭਾਸ਼ਣ ਤੇ ਗੱਲ ਕਰਾਂ। ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਜੋ ਲਫਜ਼ ਕਹੇ ਹਨ, ਮੈਂ ਉਨ੍ਹਾਂ ਲਫਜ਼ਾਂ ਦੀ ਪ੍ਰੋੜ੍ਹਤਾ ਕਰਦਾ ਹਾਂ। ਇਥੇ ਹਰੀਜਨਾਂ ਦੇ ਜੰਜਘਰਾਂ ਦਾ ਜ਼ਿਕਰ ਕੀਤਾ ਗਿਆ ਸੀ। ਚੇਅਰਮੈਨ ਸਾਹਿਬ, ਇਹ ਜੰਜਘਰ ਜਾਂ ਧਰਮਸ਼ਾਲਾਵਾਂ ਇਸ ਵਾਸਤੇ ਬਣਾਈਆਂ ਗਈਆਂ ਹਨ ਕਿ ਉਥੇ ਬੈਠ ਕੇ ਹਰੀਜਨ ਭਰਾ ਆਪਣਾ ਦੁਖ ਸੁਖ ਸਾਂਝਾ ਕਰ ਸਕਣ, ਆਪਣੇ ਵਿਚਾਰ-ਵਟਾਂਦਰੇ ਕਰ ਸਕਣ ਲੇਕਿਨ ਇਹ ਵੇਖਿਆ ਗਿਆ ਹੈ ਕਿ ਜੰਜਘਰਾਂ ਵਿਚ ਅਤੇ ਧਰਮਸ਼ਾਲਾਵਾਂ ਵਿਚ ਸਕੂਲ ਖੁਲ੍ਹ ਗਏ ਹਨ। ਇਹ ਗੱਲ ਠੀਕ ਨਹੀਂ ਹੈ। ਇਹ ਥਾਵਾਂ

Original with;
Punjab Vidhan Sabha
Digitized by;
Panjab Digital Library

[ਸ੍ਰੀ ਰਾਮ ਲਾਲ]

ਗਰੀਬ ਲੋਕਾਂ ਵਾਸਤੇ ਬਣਾਈਆਂ ਗਈਆਂ ਸਨ ਤਾਂ ਕਿ ਉਹ ਆਪਣੇ ਬਾਰੇ ਕੁਝ ਸੋਚ ਸਕਣ ਪਰ ਜੇ ਇਥੇ ਸਕੂਲ ਹੀ ਖੁਲ੍ਹਣੇ ਸਨ ਤਾਂ ਇਨ੍ਹਾਂ ਦੇ ਬਨਾਉਣ ਦਾ ਕੀ ਫਾਇਦਾ ਹੋਇਆ ? ਇਹ ਥਾਵਾਂ ਜੰਜਘਰ ਅਤੇ ਧਰਮਸ਼ਾਲਾਵਾਂ ਹੀ ਰਹਿਣੀਆਂ ਚਾਹੀਦੀਆਂ ਹਨ, ਸਕੂਲ ਨਹੀਂ ਬਣਨੇ ਚਾਹੀਦੇ । ਸਾਡੇ ਲਾਗੇ ਇਕ ਮੰਦਰ ਹੈ ਜਿਹੜਾ ਸ੍ਰੀ ਸੱਤ ਪਾਲ ਭਿਕਸ਼ੂ ਨੇ ਨੰਗੇ ਪੈਰੀਂ ਚਲ ਕੇ ਉਗਰਾਹੀ ਕਰਕੇ ਬਣਵਾਇਆ ਸੀ। ਮੰਦਰ ਵਿਚ ਸੰਮੇਲਨ ਹੁੰਦਾ ਹੈ । ਉਥੇ ਆਮ ਵਿਅਕਤੀ ਬੁਲਾਏ ਜਾਂਦੇ ਹਨ । ਉਹ ਆਪੋ ਆਪਣੇ ਖਿਆਲ ਜ਼ਾਹਿਰ ਕਰਦੇ ਹਨ। ਹੁਣ ਉਥੇ ਵੀ ਸਕੂਲ ਖੁਲ੍ਹ ਗਿਆ ਹੈ । ਅਸੀਂ ਚਾਹੁੰਦੇ ਹਾਂ ਕਿ ਉਹ ਸਕੂਲ ਉਥੋਂ ਉਠਾ ਦਿੱਤਾ ਜਾਵੇ ਤਾਂ ਜੋ ਉਥੇ ਬੈਠ ਕੇ ਅਸੀਂ ਆਪਣਾ ਦੁਖ-ਸੁਖ ਸਾਂਝਾ ਕਰ ਸਕੀਏ । ਇਸ ਤੋਂ ਇਲਾਵਾ, ਫਤਿਹਪੁਰ ਵਿਖੇ ਇਕ ਪੁਲ ਬਣ ਰਿਹਾ ਸੀ। ਉਹ ਬਣਦਾ ਬਣਦਾ ਰੁਕ ਗਿਆ ਹੈ। ਅੱਧਾ ਪੁਲ ਬਣਿਆ ਹੈ ਅਤੇ ਬਾਕੀ ਦਾ ਅੱਧਾ ਉੱਜ ਹੀ ਪਿਆ ਹੈ। ਜਿਹੜਾ ਬਣਿਆ ਹੈ, ਉਹ ਵੀ ਟੁੱਟ ਰਿਹਾ ਹੈ। ਇਸੇ ਤਰ੍ਹਾਂ ਝੇਲਾ ਵਿਖੇ ਇਕ ਪੁਲ ਪਿਛਲੇ 18 ਸਾਲਾਂ ਤੋਂ ਬਣਦਾ ਆ ਰਿਹਾ ਹੈ ਪਰ ਹਾਲੇ ਤੱਕ ਸਿਰੇ ਨਹੀਂ ਚੜ੍ਹਿਆ। ਚੇਅਰਮੈਨ ਸਾਹਿਬ, ਸਾਡੀਆਂ ਮੁਸ਼ਕਲਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਜਿਸ ਤਬਕੇ ਨੂੰ ਇਹ ਇਲੈਕਸ਼ਨਾਂ ਦੇ ਸਮੇਂ ਭਰੋਸਾ ਦੇਕੇ ਆਉਂਦੇ ਹਨ ਜਿਸ ਦੇ ਘਰ ਬੈਠਣ ਨੂੰ ਮੰਜੀ ਤਕ ਨਹੀਂ ਹੁੰਦੀ ਔਰ ਅਗਰ ਮੰਜੀ ਹੁੰਦੀ ਹੈ ਤਾਂ ਉਹੀ ਟੁੱਟੀ ਹੁੰਦੀ ਹੈ ਅਤੇ ਉਸ ਨੂੰ ਬਾਣ ਤਕ ਨਹੀਂ ਹੁੰਦਾ ਹੈ। ਉਸ ਵੱਲ ਸਰਕਾਰ ਬਨਣ ਤੇ ਧਿਆਨ ਦੇਣਾ ਚਾਹੀਦਾ ਹੈ । ਉਸ ਦੇ ਰਹਿਣ ਲਈ ਮਕਾਨ ਨਹੀਂ ਹੁੰਦਾ ਹੈ ਔਰ ਜੇਕਰ ਹੁੰਦਾ ਹੈ ਤਾਂ ਉਹ ਬੜੀ ਭੈੜੀ ਹਾਲਤ ਵਿਚ ਹੁੰਦਾ ਹੈ । ਉਸ ਵਰਗ ਵਲ ਧਿਆਨ ਦੇਣਾ ਬਹੁਤ ਜਰੂਰੀ ਹੈ। ਜਨਤਾ-ਅਕਾਲੀ ਸਰਕਾਰ ਵੇਲੇ ਬਾਦਲ ਸਾਹਿਬ ਉਥੇ ਮੇਰੇ ਹਲਕੇ ਵਿਚ ਗਏ ਸਨ ਉਨ੍ਹਾਂ ਨੇ ਉਥੇ ਸਾਰਾ ਕੁਝ ਦੇਖਿਆ ਸੀ ਅਤੇ ਉਦੋਂ ਉਥੇ ਸਕੂਲ ਲਈ ਅਤੇ ਸੜਕ ਲਈ ਕੁਝ ਦਿੱਤਾ ਗਿਆ ਸੀ । ਜਨਤਾ ਰਾਜ ਵੇਲੇ ਦੁਕਾਨਾਂ ਦੇ ਬਾਹਰ ਹਰ ਚੀਜ਼ ਦੇ ਰੇਟ ਲਿਖ ਕੇ ਲਗਾਏ ਜਾਂਦੇ ਸਨ ਜਿਸ ਨਾਲ ਚੀਜ਼ਾਂ ਦੇ ਰੇਟ ਫਿਕਸ ਹੋ ਗਏ ਸਨ ਔਰ ਉਦੋਂ ਗਰੀਬ ਨੇ ਰੋਟੀ ਰੱਜ ਕੇ ਖਾਧੀ ਸੀ । ਕਾਂਗਰਸ ਸਰਕਾਰ ਇਲੈਕਸ਼ਨਾਂ ਵੇਲੇ ਗਰੀਬ ਵਰਗ ਨੂੰ ਭਰੋਸਾ ਦਿਵਾਕੇ ਆਉਂਦੀ ਹੈ ਕਿ ਤੁਹਾਡੇ ਲਈ ਇਹ ਕਰਾਂਗੇ ਉਹ ਕਰਾਂਗੇ। ਪਰ ਸਰਕਾਰ ਬਨਣ ਬਾਅਦ ਉਨ੍ਹਾਂ ਲਈ ਕੁਝ ਨਹੀਂ ਕੀਤਾ ਜਾਂਦਾ ਹੈ। ਉਸ ਦਾ ਨਤੀਜਾ ਇਹ ਹੋਇਆ ਹੈ ਕਿ ਅੱਜ ਗਰੀਬ ਲੋਕਾਂ ਨੂੰ ਹਰੀਜਨਾਂ ਨੂੰ ਪੇਟ ਭਰ ਰੋਟੀ ਵੀ ਨਹੀਂ ਮਿਲ ਰਹੀ ਹੈ । ਮਹਿੰਗਾਈ ਐਨੀ ਵਧ ਗਈ ਹੈ ਕਿ ਗਰੀਬ ਵਰਗ ਦੀ ਕੋਈ ਚੀਜ਼ ਖਰੀਦਣ ਦੀ ਸ਼ਕਤੀ ਹੀ ਨਹੀਂ ਹੈ। ਮੈਂ ਬਰਨਾਲਾ ਸਾਹਿਬ ਅੱਗੇ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜੋ ਅੱਗੇ ਹੀ ਇਨ੍ਹਾਂ ਨੇ ਸ਼ਡਿਊਲਡ ਕਾਸਟਸ ਵਰਗ ਵਾਸਤੇ ਰਿਆਇਤਾਂ ਦੇਣ ਵਾਸਤੇ ਇਸ ਭਾਸ਼ਣ ਵਿਚ ਲਿਖਿਆ ਹੈ ਉਸ ਲਈ ਮੈਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ ਅਤੇ ਇੱਕ ਬੇਨਤੀ ਜ਼ਰੂਰ ਕਰਨੀ ਚਾਹੁੰਦਾ ਹਾਂ ਕਿ ਹਰੀਜਨ ਧਰਮਸ਼ਾਲਾਵਾਂ ਵਿਚੋਂ ਸਕੂਲ ਜ਼ਰੂਰ ਉਠਾ ਲੈਣੇ ਚਾਹੀਦੇ ਹਨ। ਉਪ ਨਗਰਾਂ ਵਿਚ ਨਾਲੀਆਂ ਔਰ ਸੜਕਾਂ ਨਹੀਂ ਹਨ। ਰਾਜੀ ਨਗਰ ਵਿਚ ਕੁਝ ਨਹੀਂ ਹੈ । ਤਾਰਾਗੜ੍ਹ ਪਿੰਡ ਵਾਸਤੇ ਸੜਕ ਨਹੀਂ ਹੈ । ਫੂਲਪੁਰ ਵਿਖੇ ਕੋਈ ਸੜਕ ਨਹੀਂ ਹੈ। ਇਸ ਪਾਸੇ ਵਲ ਜਰੂਰ ਧਿਆਨ ਦੇਣਾ ਚਾਹੀਦਾ ਹੈ । ਜਦੋਂ ਵੀ ਕਿਸੇ ਪਾਰਟੀ ਦੀ ਸਰਕਾਰ ਬਣਦੀ ਹੈ ਇਲੈਕਸ਼ਨਾਂ ਵੇਲੇ ਉਹ ਪਾਰਟੀ ਸਾਡੇ ਨਾਲ ਵਾਅਦਾ ਕਰਦੀ ਹੈ ਪਰ ਸਰਕਾਰ ਬਨਣ ਤੋਂ ਬਾਅਦ ਉਹ ਆਪਣੇ ਵਾਅਦੇ ਸਾਡੇ ਪ੍ਰਤੀ ਭੁੱਲ ਜਾਂਦੀ ਹੈ। ਜੋ ਵਾਅਦੇ ਕੀਤੇ ਜਾਣ ਉਹ ਪੂਰੇ ਕਰਨੇ ਚਾਹੀਦੇ ਹਨ। ਹਿੰਦੁਸਤਾਨ ਨੂੰ ਆਜ਼ਾਦ ਹੋਏ 38 ਸਾਲ ਹੋ ਗਏ ਹਨ ਪਰ, ਚੇਅਰਮੈਨ ਸਾਹਿਬ, 95 ਪ੍ਰਤੀਸ਼ਤ ਗਰੀਬ ਲੋਕ ਖਾਨਾਬਦੋਸ਼ ਹਨ। ਪਠਾਨਕੋਟ ਦੇ ਨੇੜੇ ਕੁਝ ਇਲਾਕਾ ਮਿਲਟਰੀ ਨੇ ਲਿਤਾ ਸੀ ਅਤੇ ਉਥੇ ਸੌ ਸੌ ਸਾਲ ਰਹਿੰਦੇ ਗਰੀਬ ਹਰੀਜਨ ਵਿਅਕਤੀਆਂ ਨੂੰ ਉਥੋਂ ਉਠਾਇਆ ਗਿਆ ਅਤੇ ਉਨ੍ਹਾਂ ਨੂੰ ਸਿਰਫ ਕੱਖਾਂ ਦੇ ਪੈਸੇ ਇਵਜ਼ਾਨੇ ਵਜੋਂ ਦਿੱਤੇ ਗਏ । 38 ਸਾਲ ਆਜ਼ਾਦੀ ਮਿਲੇ ਨੂੰ ਹੋ ਗਏ ਹਨ ਕਮ-ਅਜ਼-ਕਮ ਦੋ ਚਾਰ ਮਰਲੇ ਦਾ ਅਧਿਕਾਰ ਤਾਂ ਜਿਹੜਾ ਸੌ

Original with;
Punjab Vidhan Sabha
Digitized by;
Panjab Digital Library

ਸਾਲਾਂ ਤੋਂ ਕਿਤੇ ਰਹਿ ਰਿਹਾ ਹੈ ਉਸ ਨੂੰ ਮਿਲਣਾ ਚਾਹੀਦਾ ਹੈ ਅਤੇ ਉਸ ਲਈ ਰਜਿਸਟਰੀ ਉਸ ਦੇ ਨਾਂ ਹੋਣੀ ਚਾਹੀਦੀ ਹੈ । ਇੱਕ ਹੋਰ ਅਰਜ਼ ਕਰਨਾ ਚਾਹੁੰਦਾ ਹਾਂ ਕਿ ਪਠਾਨਕੋਟ ਵਿਚ ਇੱਕ ਕੰਪਨੀ ਹੈ ਜਿਸ ਦਾ 90,000 ਰੁਪਿਆ ਸਰਕਾਰ ਦੇ ਖਜ਼ਾਨੇ ਵਿਚ ਜਮ੍ਹਾ ਹੈ ਪਰ ਅਜੇ ਤਕ ਰਜਿਸਟਰੀ ਉਸ ਨੂੰ ਨਹੀਂ ਦਿੱਤੀ ਗਈ । ਕਾਂਗਰਸ ਸਰਕਾਰ ਸਿਰਫ ਹਰੀਜਨਾਂ ਨੂੰ ਭਰੋਸਾ ਦਿਵਾਉਂਦੀ ਆਈ ਹੈ ਪਰ ਕੀਤਾ ਇਨ੍ਹਾਂ ਲਈ ਕੁਝ ਨਹੀਂ ਗਿਆ ਹੈ। ਜਨਤਾ ਸਰਕਾਰ ਵੇਲੇ ਇਨ੍ਹਾਂ ਗਰੀਬ ਵਰਗਾਂ ਨੇ ਰੋਟੀ ਖਾਧੀ ਸੀ । ਜਿਹੜਾ ਅਨਾਜ ਸੜ ਜਾਂਦਾ ਹੈ ਅਤੇ ਜਿਸ ਨੂੰ ਜਾਨਵਰ ਵੀ ਸੁੰਘ ਕੇ ਛੱਡ ਜਾਂਦੇ ਹਨ ਉਸ ਦਾ ਆਟਾ ਪੀਸ ਕੇ ਇਸ ਗਰੀਬ ਵਰਗ ਨੂੰ ਦਿੱਤਾ ਜਾਂਦਾ ਹੈ। ਜਿਸ ਅਨਾਜ ਨੂੰ ਕੋਈ ਜਾਨਵਰ ਵੀ ਨਹੀਂ ਖਾਂਦਾ ਹੈ ਉਸ ਦਾ ਆਟਾ ਗਰੀਬ ਹਰੀਜਨ ਨੂੰ ਦਿੱਤਾ ਜਾਂਦਾ ਹੈ। ਜਦੋਂ ਵੋਟਾਂ ਲੈਣ ਲਈ ਇਨ੍ਹਾਂ ਗਰੀਬ ਲੋਕਾਂ ਕੋਲ ਅਸੀਂ ਪਿੰਡਾਂ ਵਿਚ ਜਾਂਦੇ ਹਾਂ ਅਤੇ ਜੋ ਜੋ ਉਨ੍ਹਾਂ ਦੀ ਹਾਲਤ ਹੁੰਦੀ ਹੈ ਅਤੇ ਜੋ ਜੋ ਅਸੀਂ ਉਨ੍ਹਾਂ ਨਾਲ ਵਾਅਦੇ ਕਰਕੇ ਆਉਂਦੇ ਹਾਂ ਉਸ ਨੂੰ ਮੁੱਖ ਰਖਕੇ ਇਥੇ ਹਾਊਸ ਵਿਚ ਬੋਲਣਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਹਾਲਤ ਸੰਵਾਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਕਾਂਗਰਸ ਸਰਕਾਰ ਕਹਿੰਦੀ ਸੀ ਕਿ ਇਨ੍ਹਾਂ ਦੀ ਭੁੱਖ ਦੂਰ ਕੀਤੀ ਜਾਏਗੀ ਪਰ 38 ਸਾਲ ਗੁਜ਼ਰ ਗਏ ਹਨ ਪਰ ਇਨ੍ਹਾਂ ਲਈ ਕੁਝ ਨਹੀਂ ਕੀਤਾ ਗਿਆ । ਅਸੀਂ ਬੇਨਤੀ ਕਰਦੇ ਹਾਂ ਕਿ ਇਨ੍ਹਾਂ ਗਰੀਬ ਹਰੀਜਨਾਂ ਨੂੰ ਵੀ ਇਨਸਾਨ ਸਮਝਣਾ ਚਾਹੀਦਾ ਹੈ। ਇਹ ਗਰੀਬ ਹਰੀਜਨ ਪਛੜੇ ਵਰਗ ਵਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ।

**ਡਾਕਟਰ ਦਲਬੀਰ ਸਿੰਘ :** ** ** **

(ਵਿਘਨ)।

**ਸ੍ਰੀ ਸਭਾਪਤੀ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

**ਸਰਦਾਰ ਹਰਦਿਆਲ ਸਿੰਘ ਰਾਜਲਾ** (ਸਮਾਣਾ) : ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ । ਕਿਹਾ ਗਿਆ ਹੈ ਕਿ ਸਕੂਲ ਖੋਲ੍ਹੇ ਗਏ ਹਨ, ਧਰਮਸ਼ਾਲਾਵਾਂ ਖੋਲ੍ਹੀਆਂ ਗਈਆਂ ਹਨ ਪਰ ਨਾ ਕਿਤੇ ਧਰਮਸ਼ਾਲਾ ਬਣਾਈ ਗਈ ਹੈ ਅਤੇ ਨਾ ਹੀ ਸਕੂਲ ਖੋਲ੍ਹੇ ਗਏ ਹਨ। 1977—80 ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸੀ ਉਦੋਂ ਇੱਕ ਪਿੰਡ ਕੂਕੇ ਵਿਚ ਧਰਮਸ਼ਾਲਾ ਮਨਜ਼ੂਰ ਹੋਈ ਸੀ ਪਰ ਉਥੇ ਕੂਕੇ ਵਿਖੇ ਕੋਈ ਧਰਮਸ਼ਾਲਾ ਨਹੀਂ ਬਣਾਈ ਗਈ ਹੈ । ਗਰੀਬ ਹਰੀਜਨ ਸਾਡੇ ਕੋਲ ਆਏ ਕਿ ਉਥੇ ਧਰਮਸ਼ਾਲਾ ਨਹੀਂ ਹੈ । 1977—80 ਤਕ ਉਥੇ ਪਰਾਇਮਰੀ ਸਕੂਲ ਚਲਦਾ ਸੀ । ਟੀਚਰਾਂ ਦੇ ਸਕੂਲ ਜਾਣ ਵਾਸਤੇ ਕੋਈ ਸੜਕ ਉਥੇ ਨਹੀਂ ਹੈ। ਉਹ ਸੜਕ ਕਾਂਗਰਸ ਸਰਕਾਰ ਨੇ ਬਣਾਈ ਨਹੀਂ ਹੈ। ਉਥੇ ਹੁਣ ਪਰਾਇਮਰੀ ਸਕੂਲ ਵੀ ਨਹੀਂ ਹੈ। ਜਿਹੜਾ ਪਹਿਲਾਂ ਉਥੇ 1980 ਤਕ ਪਰਾਇਮਰੀ ਸਕੂਲ ਚਲਦਾ ਸੀ ਉਸ ਨੂੰ ਵੀ ਕਾਂਗਰਸ ਸਰਕਾਰ ਨੇ ਬੰਦ ਕਰ ਦਿੱਤਾ ਹੈ । ਹੁਣ ਨਾ ਉਥੇ ਕੋਈ ਸੜਕ ਹੈ ਅਤੇ ਨਾ ਹੀ ਕੋਈ ਉਥੇ ਸਕੂਲ ਹੈ। ਰਾਮ ਦਾਸ ਨਗਰ ਜੋ ਕਿ ਪਟਿਆਲਾਂ ਦੇ ਨਜ਼ਦੀਕ ਹੈ ਉਥੇ ਕੋਈ ਧਰਮਸ਼ਾਲਾ ਨਹੀਂ ਹੈ। ਇਸ ਲਈ ਕਿਰਪਾ ਕਰਕੇ ਜਿਥੇ ਨਗਰਾਂ ਵਿਚ ਧਰਮਸ਼ਾਲਾਵਾਂ ਨਹੀਂ ਬਣੀਆਂ ਹਨ ਉਥੇ ਇਹ ਬਣਾਉਣੀਆਂ ਚਾਹੀ-ਦੀਆਂ ਹਨ ਅਤੇ ਜਿਹੜੇ ਪਿਛਲੇ ਪੰਜ ਸਾਲਾਂ ਵਿਚ ਜਿਥੇ ਜਿਥੇ ਕਾਂਗਰਸ ਸਰਕਾਰ ਖਰਾਬ ਕਰਦੀ ਆ ਰਹੀ ਹੈ ਉਸ ਇਲਾਕੇ ਵਲ ਧਿਆਨ ਦੇਣਾ ਚਾਹੀਦਾ ਹੈ।

(ਇਸ ਸਮੇਂ ਸਰਦਾਰ ਤਾਲਿਬ ਸਿੰਘ ਸੰਧੂ ਫਲੋਰ ਕਰਾਸ ਕਰ ਰਹੇ ਸਨ)

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਭਾਪਤੀ** : ਸਰਦਾਰ ਤਾਲਿਬ ਸਿੰਘ ਜੀ, ਤੁਸੀਂ ਫਲੋਰ ਕਰਾਸ ਨਾ ਕਰੋ।

**ਸਰਦਾਰ ਹਰਦਿਆਲ ਸਿੰਘ ਰਾਜਲਾ** : ਜਿਹੜਾ ਹਰੀਜਨਾਂ ਨੇ 5,000. ਦਾ ਕਰਜ਼ਾ ਲਿਆ ਹੋਇਆ ਹੈ, ਇਹ ਮੁਆਫ ਹੋਣਾ ਚਾਹੀਦਾ ਹੈ ਅਤੇ ਇਨ੍ਹਾਂ ਨੂੰ ਵਿਆਜ ਰਹਿਤ ਕਰਜ਼ਾ ਮਿਲਣਾ ਚਾਹੀਦਾ ਹੈ। ਇਹ ਜੋ ਪੀਲੀਆਂ ਕਾਪੀਆਂ ਦਿੱਤੀਆਂ ਹੋਈਆਂ ਹਨ ਇਹ ਬੰਦ ਹੋਣੀਆਂ ਚਾਹੀਦੀਆਂ ਹਨ। ਇਹ ਰੀਨੀਊ ਕਰਾਉਣੀਆਂ ਪੈਂਦੀਆਂ ਹਨ। ਉਸ ਲਈ ਕਦੇ ਇਹ ਸਰਪੰਚ ਕੋਲ ਜਾਂਦੇ ਹਨ ਅਤੇ ਕਦੇ ਬੀ.ਡੀ.ਓ. ਕੋਲ ਜਾਂਦੇ ਹਨ। ਇਨ੍ਹਾਂ ਨੂੰ ਪੀਲੀਆਂ ਕਾਪੀਆਂ ਦਾ ਚੱਕਰ ਪਾਇਆ ਹੋਇਆ ਹੈ। ਜਦੋਂ ਉਸ ਨੂੰ ਫਰੋਲਕੇ ਦੇਖੋ ਤਾਂ ਵਿਚੋਂ ਕੁਝ ਨਹੀਂ ਮਿਲਦਾ। ਜਦ ਉਸ ਨੇ ਕਰਜ਼ਾ ਲੈਣਾ ਹੈ ਤਾਂ ਉਸ ਨੂੰ ਪੂਰੇ ਪੈਸੇ ਮਿਲਣੇ ਚਾਹੀਦੇ ਹਨ ਅਤੇ ਇਹ ਨਹੀਂ ਕਿ ਉਸ ਨੂੰ ਅੱਧੇ ਪੈਸੇ ਦਿਤੇ ਜਾਣ। ਮੈਂ ਦੱਸਦਾ ਹਾਂ ਕਿ ਜੇ ਕਿਸੇ ਹਰੀਜਨ ਦੀ ਮੱਝ ਮਰ ਜਾਵੇ ਤਾਂ ਉਸ ਨੂੰ ਕਹਿੰਦੇ ਹਨ ਕਿ ਉਹ ਮੌਤ ਦਾ ਸਰਟੀ-ਫੀਕੇਟ ਦੇਵੇ। ਫਿਰ ਉਸ ਹਰੀਜਨ ਨੂੰ ਕਿਹਾ ਜਾਂਦਾ ਹੈ ਕਿ ਉਹ 4-5 ਸੌ ਰੁਪਿਆ ਦੇਵੇ। ਜੇ ਹਰੀਜਨ ਦੀ ਮੱਝ ਮਰ ਜਾਵੇ ਤਾਂ ਉਸ ਦਾ ਸਰਟੀਫੀਕੇਟ ਲੈਣ ਲਈ ਉਸ ਕੋਲੋਂ ਪੈਸੇ ਲਏ ਜਾਂਦੇ ਹਨ। ਮੌਤ ਦਾ ਸਰਟੀਫੀਕੇਟ ਨਾ ਹੋਵੇ ਤਾਂ ਬੈਂਕ ਵਾਲੇ ਕਰਜ਼ਾ ਨਹੀਂ ਦਿੰਦੇ। ਇਹ ਮੇਰੇ ਕੋਲ ਇਕ ਲਿਖਤੀ ਹਲਫੀਆ ਬਿਆਨ ਹੈ। ਉਥੇ ਇਕ ਡਾਕਟਰ ਦੀ ਇਨਕੁਆਇਰੀ ਚਲ ਰਹੀ ਹੈ। ਉਹ ਇਨਕੁਆਇਰੀ ਹੁਣ ਰੁਕ ਗਈ ਹੈ। ਮੈਂ ਦੱਸ ਰਿਹਾ ਸੀ ਕਿ ਜੇ ਹਰੀਜਨ ਦੀ ਮੱਝ ਮਰ ਜਾਵੇ ਤਾਂ ਮੌਤ ਦਾ ਸਰਟੀ-ਫੀਕੇਟ ਲੈਣ ਲਈ ਉਸ ਨੂੰ 5 ਸੌ ਰੁਪਿਆ ਦੇਣਾ ਪੈਂਦਾ ਹੈ। ਇਸ ਤਰ੍ਹਾਂ ਡਾਕਟਰ ਹਰੀਜਨਾਂ ਨੂੰ ਤੰਗ ਕਰਦੇ ਹਨ। ਡਾਕਟਰ ਦੀ ਫੀਸ 19 ਰੁਪਏ ਹੁੰਦੀ ਹੈ ਜੋ ਉਸ ਨੇ ਪਿੰਡ ਵਿਚ ਜਾਣਾ ਹੋਵੇ। ਫਿਰ ਉਹ ਹਰੀਜਨ ਨੂੰ ਕਹੇਗਾ ਤੂੰ ਕਾਰ ਲੈ ਕੇ ਆ। ਜੇ ਉਸ ਨੇ ਥਰੈਸ਼ਰ ਤੇ ਜਾਣਾ ਹੋਵੇ ਤਾਂ ਉਥੇ ਉਹ ਚੌਲ ਮੰਗਦਾ ਹੈ। ਇਹ ਜਿਹੜੀ ਡਾਕਟਰਾਂ ਨੇ ਇਸ ਕਿਸਮ ਦੀ ਧਾਂਦਲੀ ਮਚਾਈ ਹੋਈ ਹੈ ਇਸ ਨੂੰ ਸਰਕਾਰ ਨੂੰ ਦੇਖਣਾ ਚਾਹੀਦਾ ਹੈ। ਮੈਂ ਇਹ ਹਲਫੀਆ ਬਿਆਨ ਚੀਫ ਮਨਿਸਟਰ ਸਾਹਿਬ ਨੂੰ ਦੇਵਾਂਗਾ ਇਹ ਹਲਫੀਆ ਬਿਆਨ ਮੇਰੇ ਕੋਲ ਮੌਜੂਦ ਹੈ। ਉਨ੍ਹਾਂ ਨੂੰ ਇਸ ਨੂੰ ਦੇਖਣਾ ਚਾਹੀਦਾ ਹੈ।

ਦੂਸਰਾ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਹਰੀਜਨ ਭਰਾਵਾਂ ਨੇ ਉਲੰਘਣਾ ਕਰਕੇ ਕਾਂਗਰਸ ਨੂੰ ਵੋਟਾਂ ਨਹੀਂ ਪਾਈਆਂ ਅਤੇ ਅਕਾਲੀ ਪਾਰਟੀ ਦੇ ਉਮੀਦਵਾਰਾਂ ਨੂੰ ਵੋਟਾਂ ਪਾਈਆਂ ਹਨ। ਹੁਣ ਇਹ ਕਾਂਗਰਸ ਵਾਲੇ ਉਨ੍ਹਾਂ ਨੂੰ ਕਹਿੰਦੇ ਹਨ ਕਿ ਤੁਸੀਂ ਅਕਾਲੀ ਪਾਰਟੀ ਨੂੰ ਵੋਟਾਂ ਪਾਈਆਂ ਹਨ, ਉਹ ਤੁਹਾਡੇ ਗਾਤਰੇ ਪਵਾ ਦੇਣਗੇ, ਹੁਣ ਤੁਹਾਨੂੰ ਅੰਮ੍ਰਿਤ ਛਕਣਾ ਪਵੇਗਾ। ਮੇਰਾ ਕਹਿਣ ਦਾ ਮਤਲਬ ਹੈ ਕਿ ਜਿਨ੍ਹਾਂ ਨੇ ਸਾਨੂੰ ਵੋਟਾਂ ਦਿਤੀਆਂ ਹਨ ਉਨ੍ਹਾਂ ਲੋਕਾਂ ਨੂੰ ਤੰਗ ਕੀਤਾ ਜਾ ਰਿਹਾ ਹੈ। ਹਰੀਜਨਾਂ ਦੀ ਜਿਹੜੀ ਮੁਸੀਬਤ ਹੈ ਉਸ ਨੂੰ ਆਪਣੀ ਜ਼ਾਤੀ ਮੁਸੀਬਤ ਸਮਝਕੇ ਚੱਲਣਾ ਚਾਹੀਦਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਹਰੀਜਨਾਂ ਦੇ ਜਿੰਨੇ ਫੰਡ ਸਨ ਪਿਛਲੀ ਸਰਕਾਰ ਵੇਲੇ ਇਹ ਲੋਕ ਹਰੀਜਨਾਂ ਦੇ ਫੰਡ ਆਪ ਛਕ ਗਏ। ਇਸ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ। ਚੇਅਰਮੈਨ ਸਾਹਿਬ, ਮੈਂ ਇਸ ਬੇਨਤੀ ਨਾਲ ਆਪਣੀ ਤਕਰੀਰ ਖਤਮ ਕਰਦਾ ਹਾਂ ਪਰ ਜੇ ਟਾਈਮ ਹੋਰ ਹੋਵੇ ਤਾਂ ਮੈਂ ਹੋਰ ਵੀ ਬੋਲ ਸਕਦਾ ਹਾਂ।

**ਸ੍ਰੀ ਸਭਾਪਤੀ** : ਹਾਂ ਜੀ, ਬੋਲੋ।

**ਸਰਦਾਰ ਹਰਦਿਆਲ ਸਿੰਘ ਰਾਜਲਾ** : ਇਕ ਮੇਰੀ ਬੇਨਤੀ ਹੋਰ ਹੈ। ਅਸੀਂ ਵੀ ਕਹਿੰਦੇ ਹਾਂ, ਸਾਡੇ ਹੋਰ ਦੂਸਰੇ ਮੈਂਬਰ ਸਾਹਿਬਾਨ ਵੀ ਕਹਿੰਦੇ ਹਨ ਕਿ ਸਾਡੇ ਖ਼ਜਾਨੇ ਤੇ ਬੜਾ ਬੋਝ ਹੈ ਅਤੇ ਅਸੀਂ ਜਿੰਨਾ ਪੈਸਾ ਦੇਣਾ ਚਾਹੁੰਦੇ ਹਾਂ ਉਹ ਦੇ ਨਹੀਂ ਸਕਦੇ। ਮੇਰੀ ਬੇਨਤੀ ਹੈ ਕਿ ਇਕ ਬਾਪ ਉਹ ਹੈ ਜੋ ਆਪਣੇ ਸਮੇਂ ਦੇ ਵਿਚ ਮੀਟ ਵੀ ਖਾਂਦਾ ਹੈ, ਸ਼ਰਾਬ ਵੀ ਪੀਂਦਾ ਹੈ ਅਤੇ ਹੋਰ ਕਈ ਮਾੜੀਆਂ ਹਰਕਤਾਂ ਕਰਦਾ ਹੈ ਉਹ ਕਰਜ਼ਾ ਲੈਂਦਾ ਹੈ ਅਤੇ ਫਿਰ ਉਹ ਪਿਛੇ ਕਰਜ਼ਾ ਛੱਡ ਜਾਂਦਾ ਹੈ। ਇਕ ਬਾਪ ਉਹ

Original with;
Punjab Vidhan Sabha
Digitized by;
Panjab Digital Library

ਹੈ ਜਿਸ ਕੋਲ ਦੁਕਾਨ ਵੀ ਹੈ, ਮਕਾਨ ਵੀ ਬਣਿਆ ਹੋਇਆ ਹੈ, ਉਸ ਕੋਲ ਕਾਰ ਹੈ ਅਤੇ ਉਹ ਆਪਣੇ ਬੱਚਿਆਂ ਦੀ ਖਾਤਰ ਸਭ ਕੁਝ ਕਰਦਾ ਹੈ। ਇਨ੍ਹਾਂ ਦੋਨਾਂ ਦੇ ਸਿਰ ਜਿਹੜਾ ਕਰਜ਼ਾ ਹੈ ਅਗਰ ਇਸ ਨੂੰ ਦੇਖਿਆ ਜਾਵੇ ਤਾਂ ਜਿਹੜਾ ਬਾਪ ਅਫੀਮ ਖਾਂਦਾ ਹੈ, ਸ਼ਰਾਬ ਪੀਂਦਾ ਹੈ, ਹੋਰ ਮਾੜੇ ਕੰਮ ਕਰਦਾ ਹੈ ਉਸ ਦੇ ਮੁਕਾਬਲੇ ਵਿਚ ਜਿਹੜਾ ਬਾਪ ਦੁਕਾਨ ਬਣਾਉਂਦਾ ਹੈ, ਮਕਾਨ ਵੀ ਬਣਾਉਂਦਾ ਹੈ ਅਤੇ ਉਹ ਆਪਣੀ ਔਲਾਦ ਲਈ ਸਭ ਕੁਝ ਕਰਦਾ ਹੈ ਤਾਂ ਉਸ ਦੇ ਸਿਰ ਜਿਹੜਾ ਕਰਜ਼ਾ ਹੁੰਦਾ ਹੈ ਉਹ ਚੁਭਦਾ ਨਹੀਂ ਹੈ। ਉਹ ਕਰਜ਼ਾ ਲਾਹਿਆ ਜਾ ਸਕਦਾ ਹੈ। ਇਹ ਜਿਹੜੇ ਵਿਰੋਧੀ ਪਾਰਟੀ ਵਿਚ ਲੋਕ ਹਨ ਇਨ੍ਹਾਂ ਦੀ ਸਰਕਾਰ ਨੇ ਪੰਜਾਬ ਨੂੰ ਕਰਜ਼ਾਈ ਕਰ ਦਿਤਾ ਹੈ। ਇਨ੍ਹਾਂ ਨੇ ਧਾਰਮਿਕ ਸਥਾਨਾਂ ਨੂੰ ਤਬਾਹ ਕੀਤਾ ਅਤੇ ਇਸ ਤਰ੍ਹਾਂ ਪੰਜਾਬ ਨੂੰ ਕਰਜ਼ਾਈ ਕੀਤਾ, ਇਨ੍ਹਾਂ ਹਰਿਮੰਦਰ ਸਾਹਿਬ ਦੇ ਸਰੋਵਰ ਦੀ ਬੇਅਦਬੀ ਕੀਤੀ ਅਤੇ ਇਸ ਤਰ੍ਹਾਂ ਇਨ੍ਹਾਂ ਨੇ ਪੰਜਾਬ ਨੂੰ ਕਰਜ਼ਾਈ ਕੀਤਾ। ਇਨ੍ਹਾਂ ਨੇ ਪੰਜਾਬ ਦੀ ਕਿਰਸਾਣੀ ਨੂੰ ਤਬਾਹ ਕੀਤਾ। ਇਨ੍ਹਾਂ ਨੇ ਪੰਜਾਬ ਦੀ ਜਵਾਨੀ ਨੂੰ ਤਬਾਹ ਕੀਤਾ ਅਤੇ ਇਸ ਤਰ੍ਹਾਂ ਪੰਜਾਬ ਕਰਜ਼ਾਈ ਹੋਇਆ। ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੀ ਖੁਸ਼ਹਾਲੀ ਲਈ, ਪੰਜਾਬ ਦੀ ਬਿਹਤਰੀ ਲਈ, ਪੰਜਾਬ ਦੇ ਹਰੀਜਨਾਂ ਦੀ ਭਲਾਈ ਲਈ, ਇਥੇ ਧਰਮਸ਼ਾਲਾਵਾਂ ਬਣਾਉਣ ਲਈ, ਪੰਜਾਬ ਦੇ ਰਹਿੰਦੇ ਅਧੂਰੇ ਕੰਮਾਂ ਨੂੰ ਪੂਰਾ ਕਰਨ ਲਈ ਜੇ ਸਾਡੇ ਖਜ਼ਾਨੇ ਤੇ ਹੋਰ ਬੋਝ ਪਾਇਆ ਵੀ ਜਾਵੇਗਾ ਤਾਂ ਮੈਂ ਸਮਝਦਾ ਹਾਂ ਕਿ ਇਹ ਭਾਰ ਚੁੱਭੇਗਾ ਨਹੀਂ। ਇਸ ਤਰ੍ਹਾਂ ਪੰਜਾਬ ਖੂਬਸੂਰਤ ਗੁਲਦਸਤੇ ਵਾਂਗ ਹੋਵੇਗਾ। ਇਸ ਕਿਸਮ ਦਾ ਕੰਮ ਕਰਨ ਵਾਲਾ ਬਾਪ ਇਹ ਸਮਝੇਗਾ ਕਿ ਮੇਰਾ ਪਰੀਵਾਰ ਆਪਣੀ ਮਿਹਨਤ ਨਾਲ, ਆਪਣੀ ਲਗਨ ਨਾਲ ਇਹ ਕਰਜ਼ਾ ਜ਼ਰੂਰ ਉਤਾਰ ਲਵੇਗਾ।

ਮੈਂ ਆਪਣੇ ਹਲਕੇ ਸਮਾਣੇ ਬਾਰੇ ਕਹਿਣਾ ਚਾਹੁੰਦਾ ਹਾਂ ਜਿਥੇ ਕੋਈ ਸੜਕ ਨਹੀਂ ਹੈ ਜਿਥੇ ਕਾਲੋਨੀਆਂ ਵਿਚ ਖੰਡਰ ਹੈ, ਜਿਥੇ ਮੱਛਰ ਹੈ। ਜੇ ਮੇਰੇ ਹਲਕੇ ਦਾ ਸਰਵੇਖਣ ਕੀਤਾ ਜਾਵੇ ਤਾਂ ਜਿਥੇ ਕਾਲੋਨੀਆਂ ਵਿਚ ਖੰਡਰ ਹੋਣ, ਜਿਥੇ ਮੱਛਰ ਹੋਵੇ ਅਤੇ ਜਿਥੇ ਸੜਕਾਂ ਨਾ ਹੋਣ ਤਾਂ ਸਮਝ ਲਓ ਕਿ ਇਹ ਮੇਰਾ ਸਮਾਣੇ ਦਾ ਹਲਕਾ ਹੈ। ਉਥੇ ਕੋਈ ਸੜਕ ਨਹੀਂ ਹੈ। ਉਥੇ ਮੇਰੇ ਹਲਕੇ ਵਿਚ 10 ਕਾਲੋਨੀਆਂ ਹਨ ਜਿਨ੍ਹਾਂ ਦੀ ਬਹੁਤ ਬੁਰੀ ਹਾਲਤ ਹੈ। ਉਥੇ ਦੇ ਲੋਕ ਪਿੰਡਾਂ ਵਿਚੋਂ ਸ਼ਹਿਰਾਂ ਨੂੰ ਜਾ ਰਹੇ ਹਨ ਪਰ ਸ਼ਹਿਰਾਂ ਦੇ ਲੋਕ ਉਨ੍ਹਾਂ ਨੂੰ ਸ਼ਹਿਰ ਵਿਚ ਜਾਣ ਨਹੀਂ ਦਿੰਦੇ। ਉਹ ਲੋਕ ਨਾ ਜੀਉਂਦਿਆਂ ਵਿਚ ਹਨ ਅਤੇ ਨਾ ਮੋਇਆਂ ਵਿਚ ਹਨ। ਉਨ੍ਹਾਂ ਵਾਸਤੇ ਉਥੇ ਨਾ ਸੀਵਰੇਜ ਦਾ ਪ੍ਰਬੰਧ ਹੈ ਅਤੇ ਨਾ ਹੀ ਲਾਈਟ ਦਾ ਪ੍ਰਬੰਧ ਹੈ। ਮੇਰੇ ਖਿਲਾਫ ਮਿਉਨਿਸਪਲ ਕਮੇਟੀ ਦਾ ਪ੍ਰਧਾਨ ਚੋਣ ਲੜ ਰਿਹਾ ਸੀ। ਉਸ ਨੇ ਲੋਕਾਂ ਨਾਲ ਬੜੇ ਲਾਰੇ ਲਾਏ। ਕਿਤੇ ਇੱਟਾਂ ਦਾ ਟਰੱਕ ਸੁਟਵਾ ਦਿਤਾ ਅਤੇ ਕਿਤੇ ਕੁਝ ਕਰ ਦਿਤਾ ਪਰ ਬਾਅਦ ਵਿਚ ਅਗਲੇ ਦਿਨ ਹੀ ਉਹ ਉਥੋਂ ਚੁਕਵਾ ਲਿਆ। ਸੋ ਇਸ ਕਿਸਮ ਦੇ ਜਿਹੜੇ ਅਧੂਰੇ ਕੰਮ ਹਨ, ਇਨ੍ਹਾਂ ਦੀ ਇਨਕੁਆਇਰੀ ਕੀਤੀ ਜਾਵੇ ਕਿ ਕਿਥੇ ਕੰਮ ਅਧੂਰਾ ਪਿਆ ਹੈ ਅਤੇ ਕਿਉਂ ਪਿਆ ਹੈ। ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ।

ਮੈਂ ਮੰਡੀਆਂ ਦੀ ਗੱਲ ਕਰਦਾ ਹਾਂ। ਸਾਡੇ ਸਮਾਣੇ ਵਿਚ ਹੁਣ ਸਰਕਾਰੀ ਖਰੀਦ ਸ਼ੁਰੂ ਹੋ ਗਈ ਹੈ। ਹੋਰ ਮੰਡੀਆਂ ਵਿਚ ਵੀ ਸਰਕਾਰੀ ਏਜੰਸੀਆਂ ਨੇ ਖਰੀਦ ਸ਼ੁਰੂ ਕਰ ਦਿਤੀ ਹੈ। ਹੁਣ ਬਿਜਾਈ ਦਾ ਸਮਾਂ ਆ ਰਿਹਾ ਹੈ ਅਤੇ ਇਸ ਵਿਚ ਕੋਆਪ੍ਰੇਟਿਵ ਸੁਸਾਇਟੀਆਂ ਰਾਹੀਂ ਕਿਸਾਨਾਂ ਨੂੰ ਖਾਦ ਮਿਲਦੀ ਹੈ। ਕਿਸਾਨਾਂ ਦੀਆਂ ਪਹਿਲੇ ਜਿਹੜੀਆਂ ਕਾਪੀਆਂ ਬਣੀਆਂ ਸਨ ਕਿਸਾਨ ਉਸ ਤੋਂ ਖੁਸ਼ ਸਨ ਪਰ 1980 ਵਿਚ ਕਾਂਗਰਸ ਦੀ ਸਰਕਾਰ ਆ ਗਈ ਉਨ੍ਹਾਂ ਫਿਰ ਉਹੀ ਪਹਿਲਾ ਕੰਮ ਸ਼ੁਰੂ ਕਰ ਦਿਤਾ ਅਤੇ ਇਹ ਸਿਸਟਮ ਬੰਦ ਕਰ ਦਿਤਾ। ਭਾਵੇਂ 75 ਪ੍ਰਤੀਸ਼ਤ ਸੁਸਾਇਟੀਆਂ ਜਿਹੜੀਆਂ ਹਨ ਉਹ ਕਲੀਅਰ ਹਨ। ਲੋਕਾਂ ਨੂੰ ਖਾਦ ਤਾਂ ਮਿਲੀ ਹੈ ਪਰ ਕੈਸ਼ ਨਹੀਂ ਮਿਲਿਆ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਖਾਦ ਜਿਹੜੀ ਹੈ ਉਹ 400 ਰੁਪਏ ਦੀ ਹੋਣੀ ਚਾਹੀਦੀ ਹੈ ਅਤੇ ਬਾਕੀ ਦਾ ਪੈਸਾ ਕੈਸ਼ ਮਿਲਣਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਦਿਆਲ ਸਿੰਘ ਰਾਜਲਾ]

ਚਾਹੀਦਾ ਹੈ ਤਾਕਿ ਕਿਸਾਨ ਆਪਣੀ ਮਰਜ਼ੀ ਮੁਤਾਬਿਕ ਖਾਦ ਲੈ ਸਕੇ । ਜਿਹੜਾ ਕੈਸ਼ ਦੇਣਾ ਹੈ ਉਸ ਦਾ ਵੀ ਨਾਲ ਦੇ ਨਾਲ ਹੀ ਭੁਗਤਾਨ ਹੋ ਜਾਣਾ ਚਾਹੀਦਾ ਹੈ ।

ਹੁਣ ਮੈਂ ਬਿਜਲੀ ਦੇ ਬਾਰੇ ਬੇਨਤੀ ਕਰਨੀ ਚਾਹੁੰਦਾ ਹਾਂ । ਮੈਂ ਆਪਣੀ ਸਰਕਾਰ ਨੂੰ ਕਹਾਂਗਾ ਕਿ ਜਿਥੇ ਤੁਸੀਂ ਕੰਮ ਛੱਡਿਆ ਸੀ ਤੁਹਾਨੂੰ ਉਥੋਂ ਹੀ ਸ਼ੁਰੂ ਕਰਨਾ ਪਵੇਗਾ । ਬਿਜਲੀ ਦਾ ਰੇਟ 13 ਰੁਪਏ ਪਰ ਹਾਰਸ ਪਾਵਰ ਹੁਣ ਫਿਰ ਕਰ ਦੇਣਾ ਚਾਹੀਦਾ ਹੈ । ਫਿਰ ਕਿਸਾਨ ਨੂੰ ਬਿਜਲੀ ਦਾ ਕੁਨੈਕਸ਼ਨ ਲੈਣ ਲਈ ਜਿਹੜੇ ਦੋ ਹਜ਼ਾਰ ਰੁਪਏ ਦੇਣੇ ਪੈਂਦੇ ਹਨ, ਇਹ ਦੋ ਹਜ਼ਾਰ ਰੁਪਿਆ ਮੁਆਫ ਕਰਨਾ ਚਾਹੀਦਾ ਹੈ, ਇਹ ਬਹੁਤ ਜ਼ਿਆਦਾ ਹੈ। ਠੀਕ ਹੈ ਬਿਜਲੀ ਬੋਰਡ ਨੂੰ ਜ਼ਿਆਦਾ ਪੈਸੇ ਲੈਣ ਲਈ ਕਿਹਾ ਗਿਆ ਹੈ ਇਸ ਤਰ੍ਹਾਂ ਕਿਸਾਨ ਨੂੰ ਬਿਜਲੀ ਜ਼ਿਆਦਾ ਮਿਲੇਗੀ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਸਰਕਾਰ ਪੰਜਾਬ ਦੀ ਬਿਹਤਰੀ ਵਾਸਤੇ, ਪੰਜਾਬ ਦੀ ਭਲਾਈ ਵਾਸਤੇ, ਪੰਜਾਬ ਦੇ ਹਿੱਤਾਂ ਵਾਸਤੇ, ਪੰਜਾਬ ਦੀ ਤਰੱਕੀ ਵਾਸਤੇ ਅਤੇ ਹਰੀਜਨਾਂ ਦੀ ਭਲਾਈ ਲਈ ਪਹਿਰਾ ਦੇਵੇਗੀ । ਹੁਣ ਹਰ ਮਜ਼ਦੂਰ, ਕਿਸਾਨ ਇਹ ਸੋਚਦਾ ਹੈ ਕਿ ਪੰਜਾਬ ਦੀ ਸਰਕਾਰ ਸਾਡੀ ਰਖਵਾਲੀ ਕਰੇਗੀ ਅਤੇ ਸਾਡੀ ਤਰੱਕੀ ਹੋਵੇਗੀ । ਇਹ ਭਾਵੇਂ ਕਹਿੰਦੇ ਹਨ ਕਿ ਜੀਰੀ ਨਹੀਂ ਵਿਕ ਰਹੀ, ਉਹ ਜ਼ੀਰੀ ਵਿਕਣ ਲਗ ਪਈ ਹੈ। ਲੋਕੀਂ ਹੁਣ ਇਨ੍ਹਾਂ ਦੇ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਝਾਂਸਿਆਂ ਵਿੱਚ ਨਹੀਂ ਆ ਰਹੇ ਭਾਵੇਂ ਇਹ ਉਨ੍ਹਾਂ ਨੂੰ ਗੁਮਰਾਹ ਕਰ ਰਹੇ ਹਨ। ਲੋਕੀਂ ਇਨ੍ਹਾਂ ਨੂੰ ਕਹਿੰਦੇ ਹਨ ਕਿ ਸਾਡੀ ਸਰਕਾਰ ਹੈ। ਲੋਕਾਂ ਨੂੰ ਇਹ ਵੀ ਪਤਾ ਹੈ ਕਿ ਇਹ ਖਜ਼ਾਨੇ ਵਿੱਚ ਵੀ ਕੁਝ ਛੱਡ ਕੇ ਨਹੀਂ ਗਏ। ਲੋਕਾਂ ਦੇ ਧਿਆਨ ਵਿੱਚ ਸਾਰੀਆਂ ਗੱਲਾਂ ਹਨ। ਜੇ ਲੋਕੀਂ ਇਸ ਤਰ੍ਹਾਂ ਸੋਚਦੇ ਹਨ ਤਾਂ ਸਾਨੂੰ ਵੀ ਲੋਕਾਂ ਦੇ ਵਾਸਤੇ ਕੁਝ ਸੋਚਣਾ ਚਾਹੀਦਾ ਹੈ। ਇਹ ਬੜੀ ਚੰਗੀ ਗਲ ਕੀਤੀ ਗਈ ਹੈ ਜਿਹੜਾ ਕੱਲ੍ਹ ਪੈਡੀ ਦੇ ਵਾਸਤੇ ਇਸ ਹਾਊਸ ਵਿੱਚ ਮਤਾ ਲਿਆਂਦਾ ਗਿਆ ਹੈ । ਪੰਜਾਬ ਦੇ ਹਿੱਤਾਂ ਦੇ ਵਾਸਤੇ, ਕਿਸਾਨਾਂ ਦੇ ਹਿੱਤਾਂ ਦੇ ਵਾਸਤੇ, ਮਜ਼ਦੂਰਾਂ ਦੇ ਹਿੱਤਾਂ ਦੇ ਵਾਸਤੇ, ਦੁਕਾਨਦਾਰਾਂ ਦੇ ਹਿੱਤਾਂ ਦੇ ਵਾਸਤੇ ਜੋ ਪੈਡੀ ਵਾਸਤੇ ਇਥੇ ਮਤਾ ਲਿਆਂਦਾ ਗਿਆ ਉਸ ਦੇ ਨਾਲ ਮੈਂਬਰ ਸਾਹਿਬਾਨ ਦੇ ਆਪਣੇ ਆਪਣੇ ਵਿਚਾਰ ਇਸ ਹਾਊਸ ਵਿਚ ਆਏ ਹਨ । ਚੇਅਰਮੈਨ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਐਫ.ਸੀ.ਆਈ. ਜੀਰੀ ਨਹੀਂ ਚੁੱਕ ਰਹੀ, ਜਿਥੇ ਉਹ ਜੀਰੀ ਨਹੀਂ ਚੁੱਕਦੀ ਉਥੇ ਉਹ ਚਾਵਲ ਵੀ ਨਹੀਂ ਚੁੱਕ ਰਹੀ । ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਚਾਵਲਾਂ ਦੀ ਖਰੀਦ ਵਾਸਤੇ ਵੀ ਐਕਟਿਵ ਹੋਣਾ ਚਾਹੀਦਾ ਹੈ ਤਾਕਿ ਰੁਕਿਆ ਹੋਇਆ ਮਾਲ ਅੱਗੇ ਨਿਕਲੇ । ਇਤਨਾ ਕਹਿੰਦਾ ਹੋਇਆ, ਚੇਅਰਮੈਨ ਸਾਹਿਬ, ਮੈਂ ਆਪ ਦਾ ਬੜਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਪਿਛੜੇ ਇਲਾਕੇ ਦੇ ਨੁਮਾਇੰਦੇ ਨੂੰ ਬੋਲਣ ਦਾ ਸਮਾਂ ਦਿੱਤਾ ਹੈ। ਤੁਹਾਡਾ ਬਹੁਤ ਬਹੁਤ ਧੰਨਵਾਦ।

**ਡਾਕਟਰ ਰਤਨ ਸਿੰਘ** (ਅਜਨਾਲਾ) : ਚੇਅਰਮੈਨ ਸਾਹਿਬ, ਜਿਥੇ ਤੁਸੀਂ ਪਛੜੇ ਹੋਏ ਇਲਾਕੇ ਦੇ ਨੁਮਾਇੰਦੇ ਨੂੰ ਬੋਲਣ ਦਾ ਸਮਾਂ ਦਿੱਤਾ ਹੈ ਉਥੇ ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਟਾਈਮ ਦਿੱਤਾ ਹੈ ਜੋ ਮੈਂ ਬਾਰਡਰ ਦੇ ਇਲਾਕੇ ਦਾ ਰਹਿਣ ਵਾਲਾ ਹਾਂ। ਮੈਂ ਉਸ ਜਗ੍ਹਾ ਦਾ ਨੁਮਾ-ਇੰਦਾ ਹਾਂ ਜਿਥੇ ਪਿਛਲੇ 5 ਸਾਲਾਂ ਤੋਂ ਨਾ ਕੋਈ ਪੰਚਾਇਤ ਹੈ ਅਤੇ ਨਾ ਕੋਈ ਨੋਟੀਫਾਈਡ ਏਰੀਆ ਕਮੇਟੀ ਹੈ। ਇਨ੍ਹਾਂ ਕਾਂਗਰਸੀ ਭੱਦਰ ਪੁਰਸ਼ਾਂ ਨੇ ਮੇਰੇ ਹਲਕੇ ਵਿੱਚ ਪਿਛਲੇ 5 ਸਾਲਾਂ ਵਿੱਚ ਬੇੜਾ ਹੀ ਗਰਕ ਕਰ ਦਿੱਤਾ ਹੈ । ਅਜਨਾਲਾ ਕਸਬੇ ਵਿੱਚ ਨਾ ਪੰਚਾਇਤ ਹੈ ਅਤੇ ਨਾ ਕੋਈ ਨੋਟੀਫਾਈਡ ਏਰੀਆ ਕਮੇਟੀ ਹੈ । ਮੈਂ, ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪਿੰਡਾਂ ਵਾਲਿਆਂ ਨੇ ਤੁਹਾਨੂੰ ਸਨਮਾਨਿਆ ਹੈ ਔਰ ਪਿੰਡਾਂ ਵਿੱਚ ਆਬਾਦੀ 80 ਪਰਸੈਂਟ ਹੈ, ਮੇਰੀ ਬੇਨਤੀ ਹੈ ਕਿ ਜਦੋਂ ਵੀ ਕੋਈ ਨੌਕਰੀ ਦੀ ਗੱਲ ਹੋਵੇ, ਕੋਈ ਪ੍ਰੋਮੋਸ਼ਨ ਦੀ ਗੱਲ ਹੋਵੇ ਉਹ 80 ਫੀਸਦੀ ਪਿੰਡਾਂ ਵਾਲਿਆਂ ਨੂੰ ਮਿਲਣੀ ਚਾਹੀਦੀ ਹੈ ਤਾਂ ਹੀ ਅਕਾਲੀ ਦਲ ਦੀ ਪਿੰਡਾਂ ਵਾਲਿਆਂ ਨੂੰ ਕੋਈ ਦੇਨ ਹੋਵੇਗੀ । ਬੜੀ

Original with;
Punjab Vidhan Sabha
Digitized by;
Panjab Digital Library

ਬਦਕਿਸਮਤੀ ਨਾਲ ਮੈਨੂੰ ਕਹਿਣਾ ਪੈਂਦਾ ਹੈ ਕਿ ਮੇਰੇ ਇਲਾਕੇ ਵਿੱਚ ਇਤਨੇ ਵੱਡੇ ਹੜ੍ਹ ਆਏ ਜਿਸਦੇ ਨਾਲ ਸਾਡੀ ਕਾਫ਼ੀ ਜ਼ਮੀਨ ਰੁੜ੍ਹ ਰਹੀ ਹੈ, ਇਸ ਦੇ ਲਈ ਮੈਂ ਅਫ਼ਸਰਾਂ ਕੋਲ ਜਾ ਜਾ ਕੇ ਬੇਨਤੀ ਕੀਤੀ ਪਰ ਸਾਡੀ ਕੋਈ ਵੀ ਸੁਣਵਾਈ ਨਾ ਹੋਈ। ਅਸੀਂ ਮਿੰਨਤਾਂ ਤਰਲੇ ਕਰਦੇ ਰਹੇ ਕਿ ਸਾਡੀ ਜ਼ਮੀਨ ਰੁੜ੍ਹੀ ਜਾ ਰਹੀ ਹੈ ਪਰ ਸਾਡੀ ਗੱਲ ਵਲ ਕੋਈ ਧਿਆਨ ਨਹੀਂ ਦਿੱਤਾ ਗਿਆ। ਮੈਂ, ਚੇਅਰ-ਮੈਨ ਸਾਹਿਬ, ਤੁਹਾਡੇ ਰਾਹੀਂ ਚੀਫ਼ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਸ ਗੱਲ ਵਲ ਧਿਆਨ ਦਿੱਤਾ ਜਾਵੇ। ਜਦੋਂ ਮੇਰਾ ਇਲਾਕਾ ਰੁੜ੍ਹ ਰਿਹਾ ਸੀ ਤਾਂ ਮੈਂ ਇਰੀਗੇਸ਼ਨ ਡੀਪਾਰਟਮੈਂਟ ਦੇ ਅਫ਼ਸਰਾਂ ਨੂੰ ਅਪਰੋਚ ਕੀਤਾ ਤਾਂ ਉਨ੍ਹਾਂ ਨੇ ਕਿਹਾ ਕਿ ਜੋ ਸਪੱਰ ਬਣਾਇਆ ਸੀ, ਉਹ ਰੁੜ੍ਹ ਗਿਆ ਹੈ ਅਤੇ ਹੁਣ ਸਾਡੇ ਪਾਸ ਕੋਈ ਪੈਸਾ ਨਹੀਂ ਹੈ। ਅਸੀਂ ਕਿਹਾ ਕਿ ਸਪੱਰ ਵਾਸਤੇ ਪੈਸੇ ਨਹੀਂ ਤਾਂ ਜਿਹੜੀ ਜ਼ਮੀਨ ਰੁੜ੍ਹੀ ਜਾ ਰਹੀ ਹੈ, ਉਸਦਾ ਕੋਈ ਪ੍ਰਬੰਧ ਕੀਤਾ ਜਾਵੇ ਪਰ ਸਾਡੀ ਕੋਈ ਸੁਣਵਾਈ ਨਹੀਂ ਹੋਈ। ਜਿਹੜੇ ਬਾਰਡਰ ਏਰੀਆ ਦੇ ਇਮਪਲਾਈਜ਼ ਹਨ, ਜੇ ਉਨ੍ਹਾਂ ਨੂੰ ਕੋਈ ਕਿਸੇ ਕਿਸਮ ਦੀ ਸ਼ਿਕਾ-ਇਤ ਕਰਦੇ ਹਾਂ ਤਾਂ ਸਾਨੂੰ ਅਗੋਂ ਉਹ ਕਹਿੰਦੇ ਹਨ ਕਿ ਸਾਨੂੰ ਕਿਹੜਾ ਪਾਕਿਸਤਾਨ ਭੇਜ ਦੇਣਾ ਹੈ ਕਿਉਂਕਿ ਇਸ ਤੋਂ ਅੱਗੇ ਪਾਕਿਸਤਾਨ ਪੈਂਦਾ ਹੈ। ਇਸ ਦੇ ਲਈ ਮੈਂ ਸਰਕਾਰ ਪਾਸ ਬੇਨਤੀ ਕਰਾਂਗਾ ਕਿ ਉਨ੍ਹਾਂ ਤੇ ਕੜੀ ਨਿਗਰਾਨੀ ਰੱਖੀ ਜਾਵੇ। ਜਿਹੜੇ ਸਾਡੇ ਪਿੰਡਾਂ ਵਿੱਚ ਸਕੂਲਾਂ ਵਿੱਚ ਲਗੇ ਹੋਏ ਹਨ, ਉਹ ਪੇਅ ਉਨ੍ਹਾਂ ਪਿੰਡਾਂ ਦੇ ਸਕੂਲਾਂ ਵਿਚੋਂ ਲੈਂਦੇ ਹਨ ਪਰ ਰਹਿੰਦੇ ਸ਼ਹਿਰਾਂ ਵਿੱਚ ਹਨ। ਇਸ ਗੱਲ ਵੱਲ ਵੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ।

ਇਸ ਤੋਂ ਅੱਗੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਉਸ ਇਲਾਕੇ ਵਿਚ 500 ਗਜ਼ ਪੱਟੀ ਤੇ ਕਰਫਿਊ ਲਾ ਦਿੱਤਾ ਹੈ ਪਰ ਮਿਲਟਰੀ ਨੇ 3 ਕਿਲੋਮੀਟਰ ਉਤੇ ਹੀ ਕਰਫਿਊ ਲਾ ਦਿੱਤਾ ਜਿਸ ਦੇ ਨਾਲ ਸਾਡੇ ਇਲਾਕੇ ਦੇ ਪਿੰਡਾਂ ਦੇ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜੇ ਕੋਈ ਪਿੰਡ ਵਾਲਾ ਇਹ ਕਹਿੰਦਾ ਹੈ ਕਿ ਅਸੀਂ ਜਾ ਕੇ ਕੋਈ ਪੱਠੇ ਵਗੈਰਾ ਲੈ ਆਈਏ ਤਾਂ ਉਹ ਅੱਗੋਂ ਜਵਾਬ ਦਿੰਦੇ ਹਨ ਕਿ ਜਿਨ੍ਹਾਂ ਨੂੰ ਵੋਟਾਂ ਪਾਈਆਂ ਹਨ, ਉਨ੍ਹਾਂ ਤੋਂ ਇਜਾਜ਼ਤ ਲੈ ਲਓ। ਇਹ ਜੋ ਨਫਰਤ ਭਰੀ ਜਾ ਰਹੀ ਹੈ, ਇਹ ਬਹੁਤ ਮਾੜੀ ਗਲ ਹੈ। ਭਾਰਤ ਸਰਕਾਰ ਜੋ ਪੰਜਾਬ ਨਾਲ ਹਰ ਗਲ ਵਿੱਚ ਵਿਤਕਰਾ ਕਰਦੀ ਹੈ, ਉਹ ਬਾਰਡਰ ਦੇ ਪਿੰਡਾਂ ਦੇ ਲੋਕਾਂ ਨੂੰ ਆਪਣੀ ਜ਼ਮੀਨ ਵਿਚੋਂ ਪੱਠੇ ਲੈਣ ਦੀ ਵੀ ਇਜਾਜ਼ਤ ਨਹੀਂ ਦਿੰਦੀ। ਇਥੋਂ ਤਕ ਕਿ ਲੋਕ ਜੰਗਲ ਪਾਣੀ ਵੀ ਬਾਹਰ ਨਹੀਂ ਜਾ ਸਕਦੇ, ਉਨ੍ਹਾਂ ਨੂੰ ਜੰਗਲ ਪਾਣੀ ਜਾਣ ਦੀ ਵੀ ਇਜਾਜ਼ਤ ਨਹੀਂ। ਇਹ ਜਿਹੜੀ ਲੋਕਾਂ ਨੂੰ ਮੁਸ਼ਕਲ ਹੈ, ਉਸ ਵਲ ਵੀ ਧਿਆਨ ਦੇਣਾ ਚਾਹੀਦਾ ਹੈ।

ਚੇਅਰਮੈਨ ਸਾਹਿਬ, ਪਿਛਲੇ 5 ਸਾਲਾਂ ਤੋਂ ਮੇਰੇ ਹਲਕੇ ਵਿੱਚ ਇਕ ਕਿਲੋਮੀਟਰ ਸੜਕ ਵੀ ਨਹੀਂ ਬਣੀ। ਜਿਨੀਆਂ ਸੜਕਾਂ ਬਣੀਆਂ ਹੋਈਆਂ ਸਨ, ਉਹ ਖ਼ਰਾਬ ਹਾਲਤ ਵਿੱਚ ਹਨ ਔਰ ਕੱਚੀ ਥਾਂ ਤੇ ਤੁਰਨਾ ਸੌਖਾ ਹੈ ਬਨਿਸਬਤ ਕਿ ਪੱਕੀ ਸੜਕ ਨਾਲੋਂ। ਇਹ ਮਾਰਕਿਟ ਕਮੇਟੀਆਂ ਦਾ ਜਿਹੜਾ ਪੈਸਾ ਹੈ, ਇਹ ਪਤਾ ਨਹੀਂ ਕਿਥੇ ਗਿਆ। ਕੋਈ ਸੜਕ ਨਹੀਂ ਬਣੀ, ਕੋਈ ਡਿਵੈਲਪਮੈਂਟ ਦਾ ਕੰਮ ਨਹੀਂ ਹੋਇਆ। ਸਾਡੀ ਸਰਕਾਰ ਨੂੰ ਇਸ ਪਾਸੇ ਵਲ ਵੀ ਧਿਆਨ ਦੇਣਾ ਚਾਹੀਦਾ ਹੈ।

ਇਸ ਦੇ ਨਾਲ ਹੀ, ਚੇਅਰਮੈਨ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਬਾਰਡਰ ਦੇ ਇਲਾਕੇ ਵਿੱਚ ਪਿਛਲੇ 25—30 ਸਾਲਾਂ ਤੋਂ ਗਰੀਬਾਂ ਨੇ ਇਕ ਇਕ, ਦੋ ਦੋ ਕਿੱਲੇ ਜ਼ਮੀਨ ਡਿਵੈਲਪ ਕੀਤੀ ਹੈ ਪਰ ਕਾਂਗਰਸ ਦੀ ਸਰਕਾਰ ਨੇ, ਕਾਂਗਰਸ ਸਰਕਾਰ ਦੇ ਅਫ਼ਸਰਾਂ ਨੇ ਅਮੀਰ ਆਦਮੀਆਂ ਨੂੰ ਜ਼ਮੀਨ ਅਲਾਟ ਕਰ ਦਿੱਤੀ, ਜ਼ਮੀਨ ਕਿਸੇ ਦੀ ਹੈ, ਗਿਰਦਾਵਰੀ ਕਿਸੇ ਦੇ ਨਾਮ ਦੀ ਹੈ, ਪੈਸੇ ਲੈ ਲੈ ਕੇ ਸਾਰਾ ਕੁਝ ਕੀਤਾ ਜਾਂਦਾ ਰਿਹਾ ਹੈ। ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ

Original with;
Punjab Vidhan Sabha
Digitized by;
Panjab Digital Library

[ਡਾਕਟਰ ਰਤਨ ਸਿੰਘ]

ਉਹ ਇਸ ਗਲ ਦੀ ਇਨਕੁਆਇਰੀ ਕਰਵਾਉਣ ਕਿ ਜਿਹੜੀਆਂ ਬੋਲੀਆਂ ਹੋਈਆਂ ਹਨ, ਆਇਆ ਉਹ ਠੀਕ ਹੋਈਆ ਹਨ ? ਜਿਹੜੇ ਜ਼ਮੀਨ ਤੇ ਬੈਠੇ ਹਨ, ਜਿਨ੍ਹਾਂ ਦੇ ਨਾਮ ਗਿਰਦਾਵਰੀ ਹੈ, ਜ਼ਮੀਨ ਉਨ੍ਹਾਂ ਨੂੰ ਦਿੱਤੀ ਜਾਵੇ।

ਚੇਅਰਮੈਨ ਸਾਹਿਬ, ਸਾਹਮਣੇ ਬੈਠੇ ਵੀਰ ਇਹ ਕਹਿੰਦੇ ਹਨ ਕਿ ਅਸੀਂ ਪਿੰਡਾਂ ਵਿੱਚ ਬਹੁਤ ਸਕੂਲ ਖੋਲ੍ਹੇ ਹਨ। ਮੇਰੇ ਇਲਾਕੇ ਵਿੱਚ ਕਈ ਐਸੇ ਪਿੰਡ ਹਨ ਜਿਥੇ ਇਕ ਵੀ ਸਕੂਲ ਨਹੀਂ ਹੈ। ਜੇ ਕੋਈ ਸਕੂਲ ਹੈ ਤਾਂ ਮਾਸਟਰ ਨਹੀਂ ਹੈ, ਮਾਸਟਰ ਹੈ ਤਾਂ ਸਕੂਲ ਨਹੀਂ, ਜੇ ਡਿਸਪੈਂਸਰੀ ਹੈ ਤਾਂ ਡਾਕਟਰ ਨਹੀਂ, ਇਹ ਤਾਂ ਪਿਛਲੇ ਪੰਜ ਸਾਲਾਂ ਵਿੱਚ ਇਨ੍ਹਾਂ ਦੀ ਕੀਤੀ ਡਿਵੈਲਪਮੈਂਟ ਦੀ ਹਾਲਤ ਹੈ।

ਚੇਅਰਮੈਨ ਸਾਹਿਬ, ਜੋ ਬਾਰਡਰ ਦੇ ਇਲਾਕੇ ਦੇ ਲੋਕਾਂ ਦੀਆਂ ਤਕਲੀਫਾਂ ਹਨ ਉਹ ਮੈਂ ਆਪ ਨੂੰ ਦੱਸੀਆਂ ਹਨ। ਮੈਨੂੰ ਉਮੀਦ ਹੈ ਕਿ ਜਿਥੇ ਕੋਈ ਐਪੁਆਇੰਟਮੈਂਟ ਦੀ ਗਲ ਹੋਵੇਗੀ, ਪ੍ਰੋਮੋਸ਼ਨ ਦੀ ਗਲ ਹੋਵੇਗੀ ਜਾਂ ਕੋਈ ਹੋਰ ਤਰੱਕੀ ਦੀ ਗੱਲ ਹੋਵੇਗੀ, ਉਥੇ ਬਾਰਡਰ ਏਰੀਏ ਦੇ ਲੋਕਾਂ ਨੂੰ ਪ੍ਰੈਫਰੈਂਸ ਦਿੱਤੀ ਜਾਵੇਗੀ। ਬਾਰਡਰ ਦੇ ਏਰੀਏ ਦੀ ਡਿਵੈਲਪਮੈਂਟ ਵੱਲ ਇਸ ਸਰਕਾਰ ਨੂੰ ਸੋਚਣਾ ਚਾਹੀਦਾ ਹੈ। ਇਤਨਾ ਕਹਿੰਦਾ ਹੋਇਆ, ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਵਾਸਤੇ ਟਾਈਮ ਦਿੱਤਾ ਹੈ।

**ਪ੍ਰੋਫੈਸਰ ਕੁਮਾਰੀ ਸੁਸ਼ੀਲ ਮਹਾਜਨ (ਗੁਰਦਾਸਪੁਰ)**: ਚੇਅਰਮੈਨ ਸਾਹਿਬ ਅਤੇ ਮੇਰੇ ਸਾਰੇ ਇਸ ਹਾਊਸ ਦੇ ਮੈਂਬਰ ਸਾਹਿਬਾਨ, ਅੱਜ ਮੈਂ ਬੜੇ ਦੁਖੀ ਅਤੇ ਸੁਖੀ ਦਿਲ ਨਾਲ ਇਹ ਕਹਾਂਗੀ ਕਿ ਜਿਹੜਾ ਪਿਛਲੇ 4 ਸਾਲ ਤੋਂ ਸਾਡੇ ਪੰਜਾਬ ਵਿਚ ਸਮਾਜਕ, ਆਰਥਕ ਤੇ ਰਾਜਨੀਤਿਕ ਪਿੱਛੜਾਪਨ ਆ ਗਿਆ ਸੀ ਉਹ 14 ਅਕਤੂਬਰ ਨੂੰ ਇਸ ਹਾਊਸ ਵਿੱਚ ਆ ਕੇ, ਪੰਜਾਬ ਵਿਚ ਸਰਕਾਰ ਬਣਾ ਕੇ ਦੂਰ ਹੋ ਗਿਆ ਹੈ। ਸਾਡੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਜੀ ਅਤੇ ਮਹਾਨ ਸੰਤ ਹਰਚੰਦ ਸਿਘ ਲੌਂਗੋਵਾਲ ਜੀ ਦੀ ਦੇਣ ਅਸੀਂ ਨਹੀਂ ਦੇ ਸਕਦੇ ਜਿਨ੍ਹਾਂ ਨੇ ਸਮਝੌਤੇ ਤੇ ਦਸਖਤ ਕਰਕੇ ਇਕੱਲੇ ਪੰਜਾਬ ਨੂੰ ਹੀ ਨਹੀਂ ਸਗੋਂ ਸਾਰੇ ਹਿੰਦੁਸਤਾਨ ਨੂੰ ਬਚਾ ਲਿਆ ਹੈ ਅਤੇ ਉਨ੍ਹਾਂ ਵਿਦੇਸ਼ੀ ਸ਼ਕਤੀਆਂ ਨੂੰ ਮੂੰਹ ਤੋੜਵਾਂ ਜਵਾਬ ਦਿਤਾ ਹੈ ਜਿਹੜੇ ਇਸ ਸੂਬੇ ਨੂੰ, ਇਸ ਦੇਸ਼ ਨੂੰ ਹਸਦਾ ਵਸਦਾ ਅਤੇ ਖਿੜਦਾ ਨਹੀਂ ਸੀ ਦੇਖ ਸਕਦੇ। ਪੰਜਾਬੀਆਂ ਵਾਸਤੇ ਇਹ ਬੜਾ ਮੁਬਾਰਕ ਦਿਨ ਹੈ, ਖੁਸ਼ੀ ਦਾ ਦਿਨ ਹੈ ਕਿ ਪੰਜਾਬ ਦੇ ਲੋਕਾਂ ਨੇ ਆਪਣੀ ਪਿਛਲੀ ਹੋਂਦ ਦੱਸ ਕੇ ਉਸ ਲੀਕ ਤੇ ਲੈ ਆਂਦਾ ਹੈ ਜਿਸ ਵਿੱਚ ਪੰਜਾਬ ਨੂੰ ਕੋਈ ਸ਼ਕਤੀ ਖ਼ਰਾਬ ਨਹੀਂ ਕਰ ਸਕਦੀ, ਕੋਈ ਸੱਟ ਨਹੀਂ ਮਾਰ ਸਕਦੀ।

ਆਓ ਹੁਣ ਅਸੀਂ ਸੋਚੀਏ ਕੀ ਕਰੀਏ। ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਲੀਡਰ ਆਫ ਦੀ ਹਾਊਸ ਨੂੰ ਬੇਨਤੀ ਕਰਾਂਗੀ ਕਿ ਜਿਹੜਾ ਚਾਰ ਸਾਲਾਂ ਦਾ ਪਾੜਾ ਪਿਆ ਸੀ, ਜਿਹੜੀ ਬਰਬਾਦੀ ਆਈ ਸੀ, ਉਸ ਦੇ ਲਈ ਮੁੜ ਕੇ ਠੋਸ ਕੰਮ ਕਰੀਏ, ਪੰਜਾਬ ਨੂੰ ਸੰਵਾਰੀਏ ਅਤੇ ਪੰਜਾਬ ਨੂੰ ਖੇਡਦਾ ਹਸਦਾ ਵੇਖੀਏ। ਸਾਡੇ ਪੰਜਾਬ ਦੇ ਸੂਰਵੀਰ ਬਹਾਦਰ ਸੂਰਮੇ ਲੜਾਈ ਦੇ ਮੈਦਾਨ ਵਿਚ ਲੜਨ ਵਾਲੇ ਸਿਰਫ਼ ਹਿੰਦੁਸਤਾਨ ਵਿਚ ਹੀ ਨਹੀਂ ਸਾਰੀ ਦੁਨੀਆਂ ਵਿਚ ਮਸ਼ਹੂਰ ਸਨ। ਆਓ, ਅੱਜ ਅਸੀਂ ਫਿਰ ਉਨ੍ਹਾਂ ਪੰਜਾਬੀਆਂ ਨੂੰ ਫਿਰ ਉਸ ਸ਼ਾਨ ਨਾਲ ਵੇਖੀਏ, ਦੁਨੀਆਂ ਵਿਚ ਜਿਹੜੀ ਸ਼ਾਨ ਪੰਜਾਬੀਆਂ ਦੀ ਪਹਿਲਾਂ ਸੀ, ਉਸ ਸ਼ਾਨ ਨੂੰ ਬਰਕਰਾਰ ਰਖੀਏ। ਮੈਂ ਕਹਿੰਦੀ ਹਾਂ ਕਿ ਸੰਤ ਲੌਂਗੋਵਾਲ ਜੀ ਨੇ ਜਿਸ ਕਰਕੇ ਸ਼ਹੀਦੀ ਦਿੱਤੀ ਹੈ, ਉਸ ਤੇ ਫੁੱਲ ਚੜ੍ਹਾਉਣ ਲਈ ਸਾਨੂੰ ਇਹ ਚੀਜ਼ਾਂ ਕਰਨੀਆਂ ਚਾਹੀਦੀਆਂ ਹਨ। ਉਨ੍ਹਾਂ ਨੇ ਸਮਝੌਤੇ ਤੇ ਦਸਖਤ ਕਰਕੇ ਸ਼ਹੀਦੀ ਦਿੱਤੀ ਹੈ। ਜੋ ਸਮਝੌਤੇ ਦੀਆਂ ਕੰਡੀਸ਼ਨਜ਼ ਹਨ, ਅਗਰ ਅਸੀਂ ਲਾਗੂ ਨਹੀਂ ਕਰਾਂਗੇ ਤਾਂ ਸਾਡੇ ਸਮਝੌਤੇ ਅਤੇ ਸੰਤ ਜੀ ਦੀ ਸ਼ਹੀਦੀ ਦਾ ਕੋਈ ਫ਼ਾਇਦਾ ਨਹੀਂ।

Original with;
Punjab Vidhan Sabha
Digitized by;
Panjab Digital Library

ਮੈਂ ਸਭ ਤੋਂ ਪਹਿਲਾਂ ਇਹ ਕਹਾਂਗੀ ਕਿ ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਸਭ ਕੁਝ ਕਿਹਾ ਹੈ ਲੇਕਿਨ ਉਨ੍ਹਾਂ ਨੇ ਬੀਬੀਆਂ ਵਾਸਤੇ ਜਿਹੜੀਆਂ ਸਮਾਜਕ ਬੁਰਾਈਆਂ ਹਨ ਉਨ੍ਹਾਂ ਦਾ ਜ਼ਿਕਰ ਨਹੀਂ ਕੀਤਾ, ਜੇ ਕਿਤੇ ਕੀਤਾ ਹੈ ਤਾਂ ਕੋਈ ਬਹੁਤਾ ਜ਼ੋਰ ਨਹੀਂ ਦਿੱਤਾ। ਇਹ ਜਿਹੜੀ ਦਹੇਜ਼ ਪ੍ਰਥਾ ਹੈ, ਅਸੀਂ ਇਸ ਨੂੰ ਦੂਰ ਨਹੀਂ ਕਰ ਸਕਦੇ ਪਰ ਜਿਹੜੀਆਂ ਸਾਡੇ ਸਾਹਮਣੇ ਆਉਣ ਵਾਲੀਆਂ ਚੀਜ਼ਾਂ ਹਨ ਜਿਵੇਂ ਲਾਈਟ ਹੈ, ਬਰਾਤ ਹੈ, ਇਨ੍ਹਾਂ ਚੀਜ਼ਾਂ ਤੇ ਪਾਬੰਦੀ ਲਗਾਈ ਜਾ ਸਕਦੀ ਹੈ ਤਾਂ ਕਿ ਮੇਰੀਆਂ ਭੈਣਾਂ ਹੋਰ ਦਹੇਜ਼ ਦੀ ਬਲੀ ਨਾ ਚੜ੍ਹਨ।

ਇਕ ਇਥੇ ਸਮਾਜ ਭਲਾਈ ਐਡਵਾਈਜ਼ਰੀ ਬੋਰਡ ਹੈ, ਜਿਸ ਨੂੰ ਸੈਂਟਰ ਤੋਂ ਵੀ ਅਤੇ ਸਟੇਟ ਤੋਂ ਵੀ ਏਡ ਮਿਲਦੀ ਹੈ। ਸੈਂਟਰ ਦੀ ਗੱਲ ਵੀ ਮੈਂ ਆਪਣੇ ਲੀਡਰ ਆਫ਼ ਦੀ ਹਾਊਸ ਦੇ ਥਰੂ ਸੈਂਟਰ ਤਕ ਪਹੁੰਚਾਉਣਾ ਚਾਹੁੰਦੀ ਹਾਂ, ਮੈਂ ਲੀਡਰ ਆਫ਼ ਦੀ ਹਾਊਸ ਨੂੰ ਬੇਨਤੀ ਕਰਾਂਗੀ ਕਿ ਉਹ ਉਸ ਬੋਰਡ ਨੂੰ ਇਸ ਤਰੀਕੇ ਨਾਲ ਏਡ ਦੇਣ ਕਿ ਪਿੰਡਾਂ ਵਿਚ ਉਹ ਕੰਮ ਕਰ ਸਕਣ। ਪਿੰਡਾਂ ਵਿਚ ਬੀਬੀਆਂ ਅਤੇ ਬੱਚਿਆਂ ਵਿਚ ਜਾਗ੍ਰਤੀ ਲਿਆਉਣ ਵਾਸਤੇ ਪ੍ਰੈਕਟੀਕਲ ਕੰਮ ਸ਼ੁਰੂ ਕਰਨੇ ਚਾਹੀਦੇ ਹਨ ਕਿਉਂਕਿ ਸਾਡੇ ਪੰਜਾਬ ਦੀ ਜ਼ਿਆਦਾ ਪਾਪੂਲੇਸ਼ਨ ਪਿੰਡਾਂ ਵਿਚ ਰਹਿੰਦੀ ਹੈ। ਮੇਰੇ ਆਪਣੇ ਹਲਕੇ ਗੁਰਦਾਸਪੁਰ ਦੀ ਪਾਪੂਲੇਸ਼ਨ 77% ਪਿੰਡਾਂ ਵਿਚ ਹੈ ਅਤੇ 23% ਸ਼ਹਿਰਾਂ ਵਿਚ। ਇਸ ਹਲਕੇ ਵਿਚ ਰੂਰਲ ਡਿਵੈਲਪਮੈਂਟ ਕਰਨ ਦੀ ਲੋੜ ਹੈ। ਅਸੀਂ ਜੇ ਆਪਣੇ ਪਿੰਡਾਂ ਦੇ ਬੇਸ ਬਨਾਉਣੇ ਹਨ ਤਾਂ ਉਥੇ ਦੀਆਂ ਬੀਬੀਆਂ ਅਤੇ ਬੱਚਿਆਂ ਵਲ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਦੀਆਂ ਮੁਢਲੀਆਂ ਤਕਲੀਫਾਂ ਨੂੰ ਮੱਦੇਨਜ਼ਰ ਰੱਖਣਾ ਚਾਹੀਦਾ ਹੈ। ਨਿਊਟਰੇਸ਼ਨ ਪ੍ਰੋਗਰਾਮ ਵਲ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ। ਮੈਂ ਡਿਵੈਲਪਮੈਂਟ ਮਨਿਸਟਰ ਅਗੇ ਰਿਕੁਐਸਟ ਕਰਾਂਗੀ, ਉਹ ਬੈਠੇ ਨਹੀਂ ਹਨ, ਬਰਨਾਲਾ ਸਾਹਿਬ, ਉਨ੍ਹਾਂ ਕੋਲ ਮੇਰੀ ਗੱਲ ਪਹੁੰਚਾ ਦੇਣਗੇ, ਸਫਾਈ ਦੇ ਸਿਲਸਿਲੇ ਵਿਚ ਬੱਚਿਆਂ ਨੂੰ, ਬੀਬੀਆਂ ਨੂੰ ਪੂਰੀ ਪੂਰੀ ਜਾਣਕਾਰੀ ਕਰਾਉਣੀ ਚਾਹੀਦੀ ਹੈ ਅਤੇ ਬੀਬੀਆਂ ਨੂੰ ਇਹ ਦਸਣਾ ਚਾਹੀਦਾ ਹੈ ਕਿ ਘਰ ਕਿਸ ਤਰ੍ਹਾਂ ਸਾਫ਼ ਸੁਥਰਾ ਰਖਣਾ ਚਾਹੀਦਾ ਹੈ ਅਤੇ ਬਚਿਆਂ ਨੂੰ ਪੜ੍ਹਾਈ ਵਲ ਕਿਸ ਤਰ੍ਹਾਂ ਲਗਾਉਣਾ ਚਾਹੀਦਾ ਹੈ। ਇਸ ਦੇ ਨਾਲ ਹੀ ਮੈਂ ਇਹ ਵੀ ਕਹਾਂਗੀ ਕਿ ਗ੍ਰਾਮ ਸੇਵਕਾਵਾਂ ਦਾ ਕੰਮ ਹੋਰ ਤੇਜ਼ ਕੀਤਾ ਜਾਵੇ। ਗ੍ਰਾਮ ਸੇਵਕਾਵਾਂ ਨੂੰ ਪੂਰੇ ਪੈਸੇ ਦਿਤੇ ਜਾਣ ਤਾਕਿ ਉਹ ਆਪਣੇ ਆਪ ਨੂੰ ਕਿਸੇ ਤੋਂ ਹੀਨ ਨਾ ਸਮਝਣ। ਇਸ ਦੇ ਨਾਲ ਹੀ ਉਨ੍ਹਾਂ ਦਾ ਪਿੰਡਾਂ ਵਿਚ ਰਹਿਣ ਦਾ ਪ੍ਰਬੰਧ ਕੀਤਾ ਜਾਵੇ ਤਾਕਿ ਟਾਈਮ ਬੇਟਾਈਮ ਉਹ ਪਿੰਡ ਦੇ ਬੱਚਿਆਂ ਅਤੇ ਬੀਬੀਆਂ ਨੂੰ ਕਾਂਟੈਕਟ ਕਰਕੇ ਕੁਝ ਦਸਦੀਆਂ ਰਹਿਣ। ਜਿੰਨੀ ਦੇਰ ਤਕ ਬੱਚਿਆਂ ਅਤੇ ਬੀਬੀਆਂ ਨੂੰ ਅਪਲਿਫਟ ਨਾ ਕਰੋਗੇ, ਉਤਨੀ ਦੇਰ ਤਕ ਰੂਰਲ ਡਿਵੈਲਪਮੈਂਟ ਨਹੀਂ ਕਰ ਸਕਾਂਗੇ।

ਇਕ ਦੁੱਖ ਦੀ ਗਲ ਪਿੰਡਾਂ ਵਿਚ ਮੈਂ ਹੋਰ ਦੇਖੀ ਹੈ ਔਰ ਉਹ ਇਹ ਹੈ ਕਿ ਪਿੰਡਾਂ ਵਿਚ ਹਰੀਜਨ ਅਤੇ ਈਸਾਈ ਬੀਬੀਆਂ ਗੋਹਾ ਵਗੈਰਾ ਥਪਦੀਆਂ ਹਨ ਅਤੇ ਉਨ੍ਹਾਂ ਨੂੰ 6 ਮਹੀਨੇ ਬਾਦ ਸਿਰਫ 45 ਕਿਲੋ ਅਨਾਜ ਮਿਲਦਾ ਹੈ, ਇਹ ਬਹੁਤ ਥੋਹੜਾ ਹੈ, ਇਸ ਲਈ ਇਹ 125 ਕਿਲੋ ਕਰ ਦੇਣਾ ਚਾਹੀਦਾ ਹੈ ਤਾਂ ਕਿ ਉਹ ਦਿਲ ਲਗਾ ਕੇ ਕੰਮ ਕਰ ਸਕਣ ਅਤੇ ਥੋਹੜੀ ਬਹੁਤੀ ਸੋਸ਼ਲ ਇਕੁਐਲਿਟੀ ਮਹਿਸੂਸ ਕਰ ਸਕਣ। ਇਸ ਦੇ ਨਾਲ ਹੀ ਮੈਂ ਇਹ ਵੀ ਕਹਾਂਗੀ ਕਿ ਮੈਡੀਕਲ ਸਟਾਫ਼ ਲਈ ਉਥੇ ਪਿੰਡਾਂ ਵਿਚ ਹੀ ਕੁਆਰਟਰ ਹੋਣੇ ਚਾਹੀਦੇ ਹਨ ਤਾਕਿ ਉਹ ਲੋਕ ਉਥੇ ਰਹਿ ਸਕਣ ਔਰ ਉਹ ਸ਼ਹਿਰਾਂ ਵਲ ਨਾ ਭਜਣ। ਉਨ੍ਹਾਂ ਦੇ ਦਿਲੋ ਦਿਮਾਗ ਤੇ ਘਰਾਂ ਨੂੰ ਜਾਣ ਦਾ ਦੁੱਖ ਸੁਖ ਦਾ ਬੋਝ ਰਹਿੰਦਾ ਹੈ ਅਤੇ ਆਉਣ ਜਾਣ ਵਿਚ ਜਿਹੜੀ ਉਨ੍ਹਾਂ ਦੀ ਐਨਰਜੀ ਵੇਸਟ ਹੁੰਦੀ ਹੈ, ਉਹ ਵੀ ਨਾ ਹੋਵੇ।

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਕੁਮਾਰੀ ਸੁਸ਼ੀਲ ਮਹਾਜਨ]

ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਇਹ ਪੜ੍ਹਿਆ ਸੀ ਕਿ ਜ਼ਿਲ੍ਹਾ ਸੰਗਰੂਰ, ਫ਼ਰੀਦ- ਕੋਟ ਅਤੇ ਬਠਿੰਡਾ ਵਿਚ ਗ੍ਰਾਮੀਣ ਬੈਂਕ ਖੋਹਲਣੇ ਹਨ। ਮੈਂ ਕਹਿੰਦੀ ਹਾਂ ਕਿ ਗੁਰਦਾਸਪੁਰ ਅਤੇ ਬਾਕੀ ਜ਼ਿਲ੍ਹਿਆਂ ਵਿਚ ਵੀ ਉਹ ਬੈਂਕ ਖੋਹਲੇ ਜਾਣ ਕਿਉਂਕਿ ਬਾਕੀ ਏਰੀਆ ਦੇ ਲੋਕ ਇਹ ਮਹਿ- ਸੂਸ ਕਰਨਗੇ ਕਿ ਅਸੀਂ ਉਨ੍ਹਾਂ ਲਈ ਕੁਝ ਨਹੀਂ ਕਰ ਸਕੇ ਅਤੇ ਇਸ ਦੇ ਨਾਲ ਹੀ ਇਹ ਇਕ ਕਿਸਮ ਦਾ ਬਾਕੀ ਲੋਕਾਂ ਨਾਲ ਵਿਤਕਰਾ ਹੋਵੇਗਾ। ਮੇਰਾ ਬਾਰਡਰ ਦਾ ਏਰੀਆ ਹੈ ਇਸੇ ਤਰ੍ਹਾਂ ਅੰਮ੍ਰਿਤਸਰ ਅਤੇ ਫਿਰੋਜ਼ਪੁਰ ਦਾ ਹੈ। ਇਨ੍ਹਾਂ ਤਿੰਨਾਂ ਜ਼ਿਲ੍ਹਿਆਂ ਵਿਚ ਕੁਝ ਪੱਟੀ ਬਾਰਡਰ ਏਰੀਆ ਵਿਚ ਆਉਂਦੀ ਹੈ ਅਤੇ ਕੁਝ ਨਹੀਂ ਆਉਂਦੀ। ਉਥੇ ਦੇ ਟੀਚਰਾਂ ਨੂੰ ਇਕ ਦੂਜੀ ਥਾਂ ਤੇ ਟਰਾਂਸਫਰ ਵੇਲੇ ਬੜਾ ਫਰਕ ਪੈਂਦਾ ਹੈ, ਕੋਈ ਡੇਢ ਸੌ ਰੁਪਏ ਤੋਂ ਲੈ ਕੇ ਤਿੰਨ ਸੌ ਰੁਪਏ ਦਾ ਫ਼ਰਕ ਪੈਂਦਾ ਹੈ। ਇਹ ਡਿਸਕ੍ਰੀਮੀਨੇਸ਼ਨ ਖ਼ਤਮ ਕੀਤੀ ਜਾਵੇ। ਮੇਰਾ ਗੁਰਦਾਸਪੁਰ ਦਾ ਜ਼ਿਲ੍ਹਾ ਸਾਰਾ ਬਾਰਡਰ ਏਰੀਆ ਡਿਕਲੇਅਰ ਕੀਤਾ ਜਾਵੇ ਅਤੇ ਸਾਰੇ ਏਰੀਆ ਵਿਚ ਇਕੋ ਜਿਹੀਆਂ ਸਹੂਲਤਾਂ ਦਿੱਤੀਆਂ ਜਾਣ।

ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਬਹੁਤ ਅਛੀਆਂ ਗੱਲਾਂ ਕਹੀਆਂ ਹਨ। ਮੈਂ ਕਹਿੰਦੀ ਹਾਂ ਕਿ ਇਨ੍ਹਾਂ ਅੱਛੀਆਂ ਗੱਲਾਂ ਦਾ ਕੋਈ ਫ਼ਾਇਦਾ ਨਹੀਂ ਜਦੋਂ ਤਕ ਪ੍ਰੈਕਟੀਕਲ ਇੰਪਲੀਮੈਂਟੇਸ਼ਨ ਨਾ ਕੀਤੀ ਜਾਵੇ। ਪਿੰਡਾਂ ਵਿਚ ਬੇਰੋਜ਼ਗਾਰੀ ਜ਼ਿਆਦਾ ਹੈ। ਪਿੰਡਾਂ ਵਾਲਿਆਂ ਨੂੰ ਸ਼ਹਿਰਾਂ ਵਿਚ ਨਾ ਆਉਣਾ ਪਵੇ ਅਤੇ ਉਹ ਆਪਣੇ ਆਪਣੇ ਕਿੱਤਿਆਂ ਵਿਚ ਉਥੇ ਪਿੰਡਾਂ ਵਿਚ ਹੀ ਲਗੇ ਰਹਿਣ, ਇਸ ਦੇ ਲਈ ਉਨ੍ਹਾਂ ਨੂੰ ਆਪਣੇ ਆਪਣੇ ਕਿੱਤਿਆਂ ਦੀ ਲੇਟੈਸਟ ਟੈਕਨੀਕ ਦੀ ਸਿਖਿਆ ਦਿੱਤੀ ਜਾਵੇ ਅਤੇ ਉਨ੍ਹਾਂ ਦੇ ਮੁਤਾਬਕ ਹੀ ਉਨ੍ਹਾਂ ਨੂੰ ਉਥੇ ਹੀ ਸਹੂਲਤਾਂ ਪ੍ਰੋਵਾਈਡ ਕੀਤੀਆਂ ਜਾਣ। ਤਖਾਣ ਹੈ, ਲੋਹਾਰ ਹੈ, ਬਰਤਨ ਬਣਾਉਣ ਵਾਲਾ ਕੁਮਹਾਰ ਹੈ, ਇਨ੍ਹਾਂ ਦੇ ਕਿੱਤਿਆਂ ਦੀ ਰਿਸਰਚ ਕਰਕੇ ਇਨ੍ਹਾਂ ਨੂੰ ਜਾਣੂ ਕਰਵਾਓ ਅਤੇ ਸਬਸਿਡੀ ਦੇ ਕੇ, ਲੋਨ ਦੇ ਕੇ ਇਨ੍ਹਾਂ ਦੇ ਧੰਦਿਆਂ ਨੂੰ ਪ੍ਰਫੁੱਲਤ ਕੀਤਾ ਜਾਵੇ। ਇਹ ਜਿਹੜੇ ਸ਼ਹਿਰਾਂ ਨੂੰ ਭਜਦੇ ਹਨ ਨੌਕਰੀ ਵਾਸਤੇ, ਉਹ ਨਹੀਂ ਭਜਣਗੇ। ਕਾਟੇਜ ਇੰਡਸਟਰੀ ਨੂੰ ਪਿੰਡਾਂ ਵਿਚ ਸੈਟ ਅੱਪ ਕੀਤਾ ਜਾਵੇ। ਇਸ ਦੇ ਨਾਲ ਹੀ ਮੈਂ ਇਹ ਕਹਾਂਗੀ ਕਿ ਇਨ੍ਹਾਂ ਦੇ ਪ੍ਰੋਡਕਟਸ ਦੀ ਮਾਰਕੀਟਿੰਗ ਦਾ ਪ੍ਰਬੰਧ ਕੀਤਾ ਜਾਵੇ। ਜਿਸ ਤਰ੍ਹਾਂ ਗੇਹੂੰ ਅਤੇ ਧਾਨ ਦੀ ਮਾਰਕੀਟਿੰਗ ਦਾ ਪ੍ਰਬੰਧ ਕੀਤਾ ਹੈ, ਉਸੇ ਤਰ੍ਹਾਂ ਇਨ੍ਹਾਂ ਦੀ ਵੀ ਹੋਵੇ। ਇਨ੍ਹਾਂ ਦੀਆਂ ਪ੍ਰੋਡਕਟਸ ਗੌਰਮਿੰਟ ਆਪ ਖਰੀਦੇ ਔਰ ਉਨ੍ਹਾਂ ਨੂੰ ਅੱਛੇ ਅਤੇ ਵਾਜਬ ਮੁੱਲ ਦਿਤੇ ਜਾਣ। ਇਸ ਦੇ ਨਾਲ ਹੀ ਮੈਂ ਇਹ ਕਹਾਂਗੀ ਕਿ ਇਨੀਸ਼ੀਅਲ ਸਟੇਜ ਤੇ ਜ਼ਿਆਦਾ ਧਿਆਨ ਦੇ ਕੇ ਆਪ ਮਾਰਕੀਟਿੰਗ ਕਰੋ।

ਜਿਸ ਤਰ੍ਹਾਂ ਪਿੰਡਾਂ ਦੀਆਂ ਲੜਕੀਆਂ ਅੱਛੀਆਂ ਅੱਛੀਆਂ ਫੁਲਕਾਰੀਆਂ ਕੱਢਦੀਆਂ ਹਨ, ਜਿਸ ਤਰ੍ਹਾਂ ਸਾਊਥ ਵਿਚ ਕੇਰਲਾ ਸਟੇਟ ਵਿਚ ਔਰ ਮਦਰਾਸ ਵਿਚ ਕੋਆਪ੍ਰੇਟਿਵ ਸੁਸਾਇਟੀਆਂ ਬਣੀਆਂ ਹੋਈਆਂ ਹਨ, ਉਹ ਦੂਜੇ ਸੂਬਿਆਂ ਵਿੱਚ ਦੂਜੇ ਸ਼ਹਿਰਾਂ ਵਿਚ ਮਾਲ ਵੇਚਦੀਆਂ ਹਨ, ਇਸ ਤਰ੍ਹਾਂ ਹੀ ਸਾਡੇ ਪੰਜਾਬ ਵਿਚ ਪਿੰਡਾਂ ਵਿਚ ਹੋਣਾ ਚਾਹੀਦਾ ਹੈ। ਲੇਕਿਨ ਪਿੰਡਾਂ ਵਾਲਿਆਂ ਪਾਸ ਇਤਨੇ ਪੈਸੇ ਨਹੀਂ ਹਨ। ਇਕ ਪੈਸੇ ਦੀ ਕਮੀ ਹੋਣ ਕਰਕੇ ਔਰ ਦੂਸਰਾ ਵਕਤ ਦੀ ਕਮੀ ਹੋਣ ਕਰਕੇ ਔਰ ਅਗਿਆਨਤਾ ਹੋਣ ਕਰਕੇ ਇਹ ਕੰਮ ਪਿੰਡਾਂ ਵਿਚ ਨਹੀਂ ਹੋ ਰਿਹਾ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਨ੍ਹਾਂ ਪਾਸ ਰੂਰਲ ਡਿਵੈਲਪਮੈਂਟ ਏਜੰਸੀ ਹੈ, ਹੋਰ ਏਜੰਸੀਆਂ ਹਨ ਜਿਹੜੀਆਂ ਕਿ ਇਸ ਤਰ੍ਹਾਂ ਦੇ ਮਾਲ ਨੂੰ ਵੇਚ ਸਕਦੀਆਂ ਹਨ। ਇਸ ਦੇ ਵਾਸਤੇ ਸਬਸਿਡੀ ਵੀ ਦੇਣੀ ਚਾਹੀਦੀ ਹੈ ਔਰ ਪਿੰਡਾਂ ਨੂੰ ਮਾਡਰੇਨਾਈਜ਼ ਕਰਨਾ ਚਾਹੀਦਾ ਹੈ। ਪਿੰਡਾਂ ਵਿਚ ਸ਼ਹਿਦ ਦੀਆਂ ਮੱਖੀਆਂ ਪਾਲੀਆਂ ਜਾ ਸਕਦੀਆਂ ਹਨ। ਜੇਕਰ ਸਰਕਾਰ ਉੱਦਮ ਕਰੇ ਤਾਂ ਇਸ ਨਾਲ ਇਕ ਤਾਂ ਬਾਗਬਾਨੀ ਵਲ ਵੀ ਸਰਕਾਰ ਦਾ

Original with;
Punjab Vidhan Sabha
Digitized by;
Panjab Digital Library

ਧਿਆਨ ਹੋਵੇਗਾ ਔਰ ਦੂਸਰੇ ਪਾਸੇ ਅਸਲ ਸ਼ਹਿਦ ਮਿਲ ਸਕੇਗਾ। ਸ਼ਹਿਦ ਵਰਗੀ ਕੋਈ ਹੋਰ ਟਾਨਿਕ ਨਹੀਂ ਹੈ। ਜੋ ਇਸ ਵੇਲੇ ਅਸੀਂ ਸਿਨਥੈਟਿਕ ਟਾਨਿਕ ਲੈਂਦੇ ਹਾਂ, ਸ਼ਹਿਦ ਉਨ੍ਹਾਂ ਨਾਲੋਂ ਸਭ ਤੋਂ ਚੰਗਾ ਹੁੰਦਾ ਹੈ। ਉਹ ਟਾਨਿਕ ਪਿੰਡਾਂ ਵਾਲੇ ਆਪ ਵੀ ਖਾਣਗੇ ਔਰ ਉਹ ਸਾਡੇ ਤਕ ਵੀ ਪਹੁੰਚ ਸਕੇਗਾ। ਇਹ ਚੀਜ਼ ਸਰਕਾਰ ਨੂੰ ਆਪਣੇ ਹੱਥ ਵਿਚ ਲੈਣੀ ਚਾਹੀਦੀ ਹੈ। ਅਸੀਂ ਵੀ ਆਪਣਾ ਹਿੱਸਾ ਇਸ ਵਿਚ ਪਾਵਾਂਗੇ, ਲੋਕਾਂ ਨੂੰ ਇਨਕੌਰੇਜ ਕਰਾਂਗੇ, ਹਿੱਸਾ ਵੀ ਲਵਾਂਗੇ।

ਫਿਰ ਖੇਤ ਮਜ਼ਦੂਰ ਦੀ ਗੱਲ ਹੈ। ਉਨ੍ਹਾਂ ਮਜ਼ਦੂਰਾਂ ਨੂੰ ਅਸੀਂ ਤਾਂ ਹੀ ਸੈਟ ਅੱਪ ਕਰ ਸਕਾਂਗੇ ਜਦੋਂ ਅਸੀਂ ਉਨ੍ਹਾਂ ਦੀ ਹਾਲਤ ਸੁਧਾਰਨ ਵੱਲ ਧਿਆਨ ਦੇਵਾਂਗੇ। ਮਹਾਤਮਾ ਗਾਂਧੀ ਜੀ ਜਦੋਂ ਵੀ ਗੱਲ ਕਰਦੇ ਹੁੰਦੇ ਸਨ ਤਾਂ ਉਨ੍ਹਾਂ ਦੇ ਸਾਹਮਣੇ ਹਾਰਮੋਨੀਅਸ ਡਿਵੈਲਪਮੈਂਟ ਦੀ ਗੱਲ ਆਉਂਦੀ ਸੀ। ਉਹ ਚਾਹੁੰਦੇ ਸਨ ਕਿ ਸਮਾਜ ਦਾ ਹਰ ਵਰਗ ਤਰੱਕੀ ਕਰੇ। ਜੋ ਪਿੰਡਾਂ ਦੇ ਪੜ੍ਹੇ ਲਿਖੇ ਨੌਜਵਾਨ ਹਨ, ਉਨ੍ਹਾਂ ਨੂੰ ਅਸੀਂ ਛੋਟੀਆਂ ਛੋਟੀਆਂ ਵਰਕਸ਼ਾਪਸ ਚਾਲੂ ਕਰ ਦੇਈਏ। ਪੌਟਰੀ ਹੈ, ਘੁਮਹਾਰ ਬਰਤਨ ਬਣਾਉਂਦਾ ਹੈ, ਉਸ ਦੇ ਧੰਦੇ ਨੂੰ ਵੀ ਮਾਡਰੇਨਾਈਜ਼ ਕਰੀਏ, ਵਾਟਰ-ਪੰਪਸ ਦੀ ਰੀਪੇਅਰ ਵਾਸਤੇ ਅਸੀਂ ਪਿੰਡਾਂ ਵਿਚ ਛੋਟੀਆਂ ਛੋਟੀਆਂ ਵਰਕਸ਼ਾਪਾਂ ਖੋਲ੍ਹ ਦੇਈਏ। ਫਿਰ ਅਸੀਂ ਇਸ ਤਰੀਕੇ ਨਾਲ ਪਿੰਡਾਂ ਦੇ ਕੰਮ ਕਰੀਏ ਕਿ ਫੈਕਟਰੀਆਂ ਲਈ ਪੰਜ ਪੰਜ, ਸੱਤ ਸੱਤ ਪੰਚਾਇਤਾਂ ਦਾ ਇਕ ਯੂਨਿਟ ਬਣਾ ਦੇਈਏ ਜਿਸ ਨਾਲ ਪਿੰਡ ਦੇ ਪੜ੍ਹੇ ਲਿਖੇ ਮੁੰਡੇ ਆਪਣੇ ਆਪ ਨੂੰ ਐਡਜਸਟ ਕਰ ਸਕਣ। ਜਿਹੜੀ ਟਰੇਨਿੰਗ ਅੱਜ ਕਲ ਆਈ.ਟੀ.ਆਈ. ਵਿਚੋਂ ਮੁੰਡੇ ਲੈਂਦੇ ਹਨ, ਉਹ, ਮਸ਼ੀਨਰੀ ਦੀ ਸਿਖਲਾਈ ਵੀ ਉਨ੍ਹਾਂ ਦੇ ਉਥੇ ਕੰਮ ਆਵੇਗੀ, ਉਹ ਯੂਜ਼ਫੁਲ ਹੋ ਸਕਦੀ ਹੈ। ਇਸ ਤਰ੍ਹਾਂ ਨਾਲ ਅਸੀਂ ਪਿੰਡਾਂ ਨੂੰ ਸ਼ਹਿਰਾਂ ਵਰਗੀ ਲਾਈਫ ਦੇ ਸਕਾਂਗੇ। ਪਿੰਡਾਂ ਵਿਚੋਂ ਉਠ ਕੇ ਲੋਕ ਸ਼ਹਿਰਾਂ ਵਿਚ ਜਾਣ, ਇਸ ਦੀ ਬਜਾਏ ਅਸੀਂ ਪਿੰਡਾਂ ਨੂੰ ਹੀ ਅਰਬੇਨਾਈਜ਼ ਕਰੀਏ। ਫਿਰ ਪੰਚਾਇਤਾਂ ਨੂੰ ਇਕ ਇਕ ਟੈਲੀਵੀਜ਼ਨ ਜ਼ਰੂਰ ਦੇਣਾ ਚਾਹੀਦਾ ਹੈ। ਉਹ ਮੈਡੀਕਲ ਪੁਆਇੰਟ ਆਫ ਵਿਊ ਨਾਲ, ਹਾਈਜੈਨਿਕ ਪੁਆਇੰਟ ਆਫ ਵਿਊ ਨਾਲ ਔਰ ਹਰ ਇਨਫਰਮੇਸ਼ਨ ਉਨ੍ਹਾਂ ਪਾਸ ਪਹੁੰਚਾਉਣ ਦੇ ਵਿਊ ਨਾਲ ਵੀ ਯੂਜ਼ਫੁਲ ਹੋਵੇਗਾ। ਉਨ੍ਹਾਂ ਨੂੰ ਹਰ ਤਰ੍ਹਾਂ ਦੀ ਇਨਫਰਮੇਸ਼ਨ ਮਿਲ ਸਕੇਗੀ। ਜਦੋਂ ਪਿੰਡਾਂ ਦੇ ਲੋਕ ਆਪਣੇ ਆਪ ਨੂੰ ਸ਼ਹਿਰਾਂ ਵਰਗੇ ਵਾਤਾਵਰਣ ਵਿਚ ਸਮਝਣਗੇ ਤਾਂ ਉਹ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਔਰ ਰਾਜੀਵ ਜੀ ਦਾ ਥੈਂਕਸ ਕਰਨਗੇ ਜਿਨ੍ਹਾਂ ਨੇ ਅਕਾਰਡ ਕਰਕੇ ਐਸੀਆਂ ਚੀਜ਼ਾਂ ਦਿੱਤੀਆਂ ਹਨ।

ਅਸੀਂ ਇਲੈਕਸ਼ਨਾਂ ਵਿਚ ਅਕਾਲੀ ਤੇ ਕਾਂਗਰਸੀ ਸਾਂ ਪਰ ਹੁਣ ਅਸੀਂ ਸਭ ਬੈਂਚਾਂ ਵਾਲੇ ਇਕ ਹਾਂ। ਸਾਨੂੰ ਸਭ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਅਸੀਂ ਪੰਜਾਬ ਦਾ ਵਿਕਾਸ ਕਿਸ ਤਰ੍ਹਾਂ ਕਰਨਾ ਹੈ। ਜੇਕਰ ਮੇਰੀ ਗੱਲ ਦਾ ਬੁਰਾ ਨਾ ਮਨਾਇਆ ਜਾਵੇ ਤਾਂ ਮੈਂ ਇਹ ਕਹਾਂਗੀ ਕਿ ਜੇਕਰ ਅਸੀਂ ਪਿਛਲੀਆਂ ਗੱਲਾਂ ਛੇੜਨੀਆਂ ਸ਼ੁਰੂ ਕਰਾਂਗੇ ਤਾਂ ਠੀਕ ਨਹੀਂ ਹੋਵੇਗਾ। ਮੈਂ ਕੱਲ੍ਹ ਦੀ ਵੇਖ ਰਹੀ ਹਾਂ ਕਿ ਥੋਹੜੇ ਥੋਹੜੇ ਕੰਡੇ ਅਸੀਂ ਇਕ ਦੂਸਰੇ ਦੇ ਚੋਭਦੇ ਹਾਂ। ਇਸ ਲਈ ਅਸੀਂ ਉਹ ਚੀਜ਼ਾਂ ਕਿਉਂ ਨਾ ਬੰਦ ਕਰੀਏ ਜਿਨ੍ਹਾਂ ਨਾਲ ਕੋਈ ਤਲਖੀ ਵਧੇ ਔਰ ਉਹ ਚੀਜ਼ਾਂ ਸ਼ੁਰੂ ਕਰੀਏ ਜਿਸ ਨਾਲ ਪੰਜਾਬ ਨੂੰ ਸੋਹਣਾ ਤੇ ਸੁਥਰਾ ਬਣਾ ਸਕੀਏ। ਮੈਂ ਇਹ ਵੀ ਕਹਾਂਗੀ ਕਿ ਸ਼ਹਿਰਾਂ ਵਿਚ ਵੀ ਰੁਜ਼ਗਾਰ ਦੇ ਸਾਧਨ ਘੱਟ ਹਨ, ਪਿੰਡਾਂ ਵਿਚ ਵੀ ਐਸਾ ਹੀ ਹੈ। ਫਿਰ ਸਫਾਈ ਕੋਈ ਨਹੀਂ ਹੈ, ਜਗ੍ਹਾ ਜਗ੍ਹਾ ਗੰਦਗੀ ਪਈ ਹੋਈ ਹੈ, ਡਿਸਪੈਨਸਰੀਆਂ ਵੀ ਦੂਰ ਦੂਰ ਹਨ, ਪਿੰਡਾਂ ਵਿਚ ਵੈਟਰਨਰੀ ਹਸਪਤਾਲ ਵੀ ਘੱਟ ਹੀ ਹਨ। ਇਸ ਲਈ ਮੇਰੀ ਗੁਜ਼ਾਰਿਸ਼ ਹੈ ਕਿ ਅਸੀਂ ਪੰਜ ਪੰਜ ਜਾਂ ਸੱਤ ਸੱਤ ਪੰਚਾਇਤਾਂ ਦਾ ਇਕ ਯੂਨਿਟ ਬਣਾ ਕੇ ਇਕ ਉਥੇ ਹਸਪਤਾਲ ਖੋਲ੍ਹੀਏ, ਇਕ ਵੈਟਰਨਰੀ ਹਸਪਤਾਲ ਖੋਲ੍ਹੀਏ। ਨਹੀਂ ਤਾਂ ਅੱਜ ਕੀ ਹੁੰਦਾ ਹੈ ਕਿ ਜੇਕਰ ਕਿਸੇ ਦਾ ਡੰਗਰ ਬਿਮਾਰ ਹੋ ਜਾਂਦਾ ਹੈ ਤਾਂ ਉਹ ਵੈਟਰਨਰੀ ਡਿਸਪੈਂਸਰੀ ਤਕ ਪਹੁੰਚਦਾ

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਕੁਮਾਰੀ ਸੁਸ਼ੀਲ ਮਹਾਜਨ]

ਪਹੁੰਚਦਾ ਹੀ ਰਸਤੇ ਵਿਚ ਦਮ ਤੋੜ ਦਿੰਦਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਪਿੰਡਾਂ ਵਿਚ ਅਸੀਂ ਸ਼ਹਿਰਾਂ ਵਾਲੀਆਂ ਸਹੂਲਤਾਂ ਦੇਈਏ । ਫਿਰ ਇਹ ਕਰੀਏ ਕਿ ਜਿਸ ਡਿਸਪੈਂਸਰੀ ਵਿਚ ਅਸੀਂ ਜਿਸ ਡਾਕਟਰ ਨੂੰ ਰੱਖੀਏ, ਉਸ ਡਾਕਟਰ ਨੂੰ ਇਹ ਹਦਾਇਤ ਹੋਣੀ ਚਾਹੀਦੀ ਹੈ ਕਿ ਉਹ ਰਾਤ ਦਿਨ ਉਸੇ ਹੀ ਪਿੰਡ ਵਿਚ ਰਹੇ । ਇਸ ਦੇ ਨਾਲ ਜਿਹੜਾ ਦੂਸਰਾ ਸਟਾਫ ਵੀ ਹੁੰਦਾ ਹੈ ਉਸ ਨੂੰ ਵੀ ਇਨਕੱਰੇਜਮੈਂਟ ਮਿਲੇਗੀ, ਏ.ਐਨ.ਐਮ. ਵਗੈਰਾ ਜਿਹੜੀਆਂ ਹੋਣਗੀਆਂ, ਉਨ੍ਹਾਂ ਨੂੰ ਇਨਕਰੇਜਮੈਂਟ ਮਿਲੇਗੀ । ਜਿਸ ਤਰ੍ਹਾਂ ਕਿ ਉਹ ਆਪਣੇ ਘਰਾਂ ਦਾ ਸ਼ਹਿਰਾਂ ਵਿਚ ਖਿਆਲ ਰਖਦੀਆਂ ਹਨ, ਇਸ ਤਰ੍ਹਾਂ ਹੀ ਉਹ ਪਿੰਡਾਂ ਵਿਚ ਵੀ ਖਿਆਲ ਰਖਣਗੀਆਂ। ਪਿੰਡਾਂ ਵਿਚ ਉਨ੍ਹਾਂ ਦੇ ਰਹਿਣ ਵਾਸਤੇ ਉਨ੍ਹਾਂ ਨੂੰ ਕੋਈ ਅਲਾਊਂਸ ਦੇਣਾ ਚਾਹੀਦਾ ਹੈ ।

ਇਕ ਸਾਡਾ ਗ੍ਰਾਮੀਣ ਮਹਿਲਾ ਸੰਘ ਹੈ । ਬਾਲਵਾੜੀਆਂ ਹਨ, ਟੀਚਰਜ਼ ਰਖਦੇ ਹਾਂ, ਉਨ੍ਹਾਂ ਨੂੰ ਕੋਈ ਤਿੰਨ ਸਵਾ ਤਿੰਨ ਸੌ ਰੁਪਏ ਮਹੀਨੇ ਦੀ ਤਨਖਾਹ ਮਿਲਦੀ ਹੈ। ਮੈਂ ਫਾਇਨਾਂਸ ਮਨਿਸਟਰ ਸਾਹਿਬ ਪਾਸ ਬੇਨਤੀ ਕਰਾਂਗੀ ਕਿ ਘੱਟ ਤੋਂ ਘੱਟ ਉਨ੍ਹਾਂ ਨੂੰ ਕਲਰਕਾਂ ਦੀ ਲਾਈਨ ਵਿਚ ਲੈ ਆਓ ਤਾਕਿ ਉਹ ਵੀ ਆਰਾਮ ਨਾਲ ਆਪਣਾ ਜੀਵਨ ਗੁਜ਼ਾਰ ਸਕਣ । ਕੋਈ ਹੈਂਡੀਕੈਪਡ ਹੈ, ਕੋਈ ਵਿਚਾਰੀ ਡਾਈਵੋਰਸਡ ਲੇਡੀ ਹੈ। ਇਸ ਲਈ ਉਹ ਨਾ ਸਮਝਣ ਕਿ ਸ਼ਾਇਦ ਉਹ ਸਮਾਜ ਨਾਲੋਂ ਕੋਈ ਵੱਖਰੀਆਂ ਹਨ। ਪਰ ਇਹ ਸਭ ਕੁਝ ਤਾਂ ਹੀ ਹੋ ਸਕਦਾ ਹੈ ਜੇਕਰ ਅਸੀਂ ਇਨ੍ਹਾਂ ਪ੍ਰੋਗਰਾਮਾਂ ਨੂੰ ਟਾਈਮ-ਬਾਊਂਡ ਕਰੀਏ । ਜੇਕਰ ਖੁਲ੍ਹ ਕਰ ਦੇਵਾਂਗੇ ਤਾਂ ਭਾਵੇਂ ਪੰਜ ਸਾਲ ਵੀ ਨਿਕਲ ਜਾਣ ਤਾਂ ਵੀ ਸ਼ਾਇਦ ਕੰਮ ਪੂਰੇ ਨਾ ਹੋ ਸਕਣ । ਮੈਂ ਤਾਂ ਆਪਣੇ ਵਲੋਂ ਟਾਈਮ ਬਾਰੇ ਕੋਈ ਦੱਸਣਾ ਨਹੀਂ ਚਾਹੁੰਦੀ ਮੈਂ ਸਰਕਾਰ ਪਾਸੋਂ ਹੀ ਪੁੱਛਣਾ ਚਾਹਵਾਂਗੀ ਕਿ ਇਹ ਸਭ ਡਿਵੈਲਪਮੈਂਟ ਦੀਆਂ ਸਕੀਮਾਂ ਕਿਤਨੇ ਚਿਰ ਵਿਚ ਪੂਰੀਆਂ ਕਰ ਦੇਣਗੇ ।

ਪਿੰਡਾਂ ਦੀਆਂ ਸੜਕਾਂ ਬਹੁਤ ਖਰਾਬ ਹਨ। ਜਿਤਨਾ ਡਿਵੈਲਪਮੈਂਟ ਤੇ ਪੈਸਾ ਲਗਣਾ ਸੀ, ਪਿਛੇ ਉਹ ਸਾਰਾ ਹੀ ਲਾਅ ਐਂਡ ਆਰਡਰ ਮੇਨਟੇਨ ਕਰਨ ਲਈ ਲਗ ਰਿਹਾ ਸੀ। ਕੋਈ ਦਿਨ ਐਸਾ ਨਹੀਂ ਸੀ ਜਾਂਦਾ ਜਦੋਂ ਕਿ ਗੜਬੜ ਨਾ ਹੋਵੇ।

2-20 ਵਜੇ ਬਾਅਦ ਦੁਪਹਿਰ | (ਇਸ ਸਮੇਂ * ਸ੍ਰੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਪੁਲਿਸ ਨੂੰ ਟੀ.ਏ., ਡੀ.ਏ. ਵਗੈਰਾ ਦੇਣਾ ਪਿਆ । ਇਸ ਲਈ ਪੈਸੇ ਉਸ ਪਾਸੇ ਲਾਅ ਐਂਡ ਆਰਡਰ ਤੇ ਖਰਚ ਹੋ ਗਏ। ਪੈਸੇ ਨਾ ਹੋਣ ਕਰਕੇ ਸੜਕਾਂ ਦੀ ਮੁਰੰਮਤ ਨਾ ਹੋ ਸਕੀ । ਜਿੰਨਾ ਚਿਰ ਤਕ ਪਿੰਡਾਂ ਦੀਆਂ ਜੋ ਸੜਕਾਂ ਹਨ, ਲਿੰਕ ਰੋਡਜ਼ ਹਨ, ਉਨ੍ਹਾਂ ਦੀ ਹਾਲਤ ਠੀਕ ਨਹੀਂ ਹੋਵੇਗੀ, ਉਨਾਂ ਚਿਰ ਤਕ ਪਿੰਡਾਂ ਦੀ ਡਿਵੈਲਪਮੈਂਟ ਨਹੀਂ ਹੋ ਸਕਦੀ । ਤੁਸੀਂ ਵੇਖੋ ਕਿ ਗੁਰਦਾਸਪੁਰ ਤੋਂ ਪਠਾਨਕੋਟ ਜਾਣ ਵਾਸਤੇ ਬੜੀ ਪਾਪੂਲੇਸ਼ਨ ਹੈ, ਆਰੀਆ ਨਗਰ ਹੈ, ਭੁਲਾਨਗਰ ਹੈ, ਉਨ੍ਹਾਂ ਥਾਵਾਂ ਦੇ ਕਰਮਚਾਰੀ ਸ਼ਹਿਰਾਂ ਵਿਚ ਦਫਤਰਾਂ ਵਿਚ ਕੰਮ ਕਰਨ ਜਾਂਦੇ ਹਨ ਪਰ ਉਨ੍ਹਾਂ ਵਾਸਤੇ ਕੋਈ ਬੱਸ ਵਗੈਰਾ ਦੀ ਸਹੂਲਤ ਨਹੀਂ ਹੈ । ਇਸ ਲਈ ਮੈਂ ਕਹਾਂਗੀ ਕਿ ਉਸ ਏਰੀਆ ਵਿਚ ਤਿੰਨ ਬੱਸਾਂ ਹੋਣ । ਇਕ ਸਵੇਰੇ ਆਵੇ ਅਤੇ ਸ਼ਾਮ ਨੂੰ ਵਾਪਸ ਮੁਲਾਜ਼ਮਾਂ ਨੂੰ ਲੈ ਕੇ ਜਾਵੇ ਔਰ ਇਕ ਦੁਪਹਿਰ ਨੂੰ ਜਾਵੇ ਤਾਕਿ ਜਿਸ ਕਿਸੇ ਨੇ ਸ਼ਹਿਰ ਤੋਂ ਕੋਈ ਚੀਜ਼ ਖਰੀਦਣੀ ਹੋਵੇ, ਉਹ ਖਰੀਦ ਸਕੇ । ਗੌਰਮਿੰਟ ਪਾਸ ਬੜੇ ਸਾਧਨ ਹਨ। ਉਨ੍ਹਾਂ ਸਾਧਨਾਂ ਨਾਲ ਗੌਰਮਿੰਟ ਕੰਮ ਪੂਰਾ ਕਰ ਸਕਦੀ ਹੈ।

ਇਕ ਹੋਰ ਗੱਲ ਹੈ। ਪਿਛੇ ਜਿਹੇ ਜੋ ਜ਼ਿਆਦਾ ਬਰਸਾਤ ਹੋਈ, ਉਸ ਨਾਲ ਗਰੀਬ ਲੋਕਾਂ ਦੇ ਕੋਠੇ ਢੱਠ ਗਏ ਹਨ । ਕੱਚੇ ਕੋਠੇ ਸਨ। ਉਨ੍ਹਾਂ ਨੂੰ ਸਰਕਾਰ ਵਲੋਂ ਜਲਦੀ ਤੋਂ ਜਲਦੀ ਮੁਆਵਜ਼ਾ ਦਿੱਤਾ

Original with;
Punjab Vidhan Sabha
Digitized by;
Panjab Digital Library

ਜਾਵੇ ਤਾਕਿ ਉਹ ਆਪਣੇ ਕੋਠੇ ਕੰਧਾਂ ਲਿੱਪ ਕੇ ਸਰਦੀਆਂ ਵਿਚ ਆਪਣਾ ਬਚਾਓ ਕਰ ਸਕਣ । ਡਿਸ-ਟ੍ਰਿਕਟ ਐਡਮਨਿਸਟਰੇਸ਼ਨ ਨੂੰ ਵੀ ਮੈਂ ਕਿਹਾ ਹੈ ਪਰ ਮੈਨੂੰ ਨਹੀਂ ਪਤਾ ਕਿ ਉਹ ਕਿਤਨਾ ਕੁ ਇੰਤਜ਼ਾਮ ਕਰਨਗੇ । ਮੈਂ ਸਰਕਾਰ ਨੂੰ ਕਹਾਂਗੀ ਕਿ ਬੀ.ਡੀ.ਓਜ਼ ਨੂੰ ਇਨਸਟਰੱਕਸ਼ਨਾਂ ਦਿਓ ਕਿ ਜਿਨ੍ਹਾਂ ਲੋਕਾਂ ਦਾ ਜਿਤਨਾ ਜਿਤਨਾ ਨੁਕਸਾਨ ਹੋਇਆ ਹੈ, ਉਸ ਹਿਸਾਬ ਨਾਲ ਉਤਨਾ ਉਤਨਾ ਮੁਆਵਜ਼ਾ ਉਨ੍ਹਾਂ ਨੂੰ ਦਿਤਾ ਜਾਵੇ ਤਾਕਿ ਕਿਸੇ ਨਾਲ ਬੇਇਨਸਾਫ਼ੀ ਨਾ ਹੋਵੇ ।

ਪੀਲੇ ਕਾਰਡਾਂ ਵਾਸਤੇ ਸੀਮਾਂ 3600 ਰੁਪਏ ਪਹਿਲਾਂ ਦੀ ਰੱਖੀ ਹੋਈ ਹੈ। ਹੁਣ ਜਦੋਂ ਕਿ ਮਹਿੰਗਾਈ ਕਾਫ਼ੀ ਵੱਧ ਗਈ ਹੈ, ਮੇਰੀ ਇਹ ਗੁਜ਼ਾਰਿਸ਼ ਹੈ ਕਿ ਇਹ ਲਿਮਿਟ 3600 ਤੋਂ ਵਧਾ ਕੇ 6000 ਰੁਪਏ ਹੋ ਜਾਵੇ ਤਾਂ ਠੀਕ ਹੋਵੇਗਾ । ਪਰ ਇਸ ਦੇ ਨਾਲ ਹੀ ਅਸੀਂ ਕੋਈ ਐਸਾ ਸਾਧਨ ਕਰੀਏ, ਜਿਸ ਨਾਲ ਇਸ ਰਿਆਇਤ ਦੀ ਕੁਵਰਤੋਂ ਨਾ ਹੋ ਸਕੇ । ਬਾਕੀ ਵਿਡੋਜ਼ ਪੈਨਸ਼ਨ ਹੈ ਔਰ ਓਲਡ ਏਜ ਪੈਨਸ਼ਨ ਹੈ, ਇਸ ਦੇ ਬਾਰੇ ਮੈਂ ਸਮਝਦੀ ਹਾਂ ਕਿ ਇਹ ਪੈਨਸ਼ਨ 50 ਰੁਪਏ ਤੋਂ ਵਧਾ ਕੇ 100 ਰੁਪਏ ਜ਼ਰੂਰ ਕਰ ਦੇਣੀ ਚਾਹੀਦੀ ਹੈ ਤਾਕਿ ਜਿਹੜੇ ਹੈਂਡੀਕੈਪਡ ਪਰਸਨਜ਼ ਹਨ, ਉਹ ਆਪਣੇ ਦੋ ਟਾਈਮ ਦੀ ਰੋਟੀ ਆਟੇ ਵਿਚ ਲੂਣ ਪਾਕੇ ਖਾ ਸਕਣ ।

ਬਾਕੀ ਪਲਾਨਿੰਗ ਕਮਿਸ਼ਨ ਨੇ ਇਹ ਡਿਸਾਈਡ ਕੀਤਾ ਹੈ, ਉਹ ਮੈਂ ਸਮਝਦੀ ਹਾਂ ਕਿ ਪਿੰਡਾਂ ਵਿਚ 325 ਔਰ ਸ਼ਹਿਰਾਂ ਵਿਚ 375 ਰੁਪਏ ਇਨਕਮ ਵਾਲੇ ਬਿਲੋ ਪਾਵਰਟੀ ਲਾਈਨ ਦੇ ਮੰਨੇ ਜਾਣੇ ਚਾਹੀਦੇ ਹਨ। ਇਹ ਅਮੈਂਡਮੈਂਟ ਜ਼ਰੂਰ ਕਰ ਲੈਣੀ ਚਾਹੀਦੀ ਹੈ। (ਘੰਟੀ) ਇਹ ਤਾਂ ਹੀ ਹੋ ਸਕਦਾ ਹੈ ਜੇ ਰੁਜ਼ਗਾਰ ਦੇ ਸਾਧਨ ਵਧਾਏ ਜਾਣ। ਜੇ ਲੋਕਾਂ ਨੂੰ ਰੁਜ਼ਗਾਰ ਮਿਲੇਗਾ ਤਾਂ ਹੀ ਉਹ ਪਾਵਰਟੀ ਲਾਈਨ ਤੋਂ ਉਪਰ ਆ ਸਕਣਗੇ ।

ਇਕ ਗੱਲ ਮੈਂ ਐਜੂਕੇਸ਼ਨ ਦੇ ਬਾਰੇ ਇਹ ਕਹਿਣੀ ਚਾਹੁੰਦੀ ਹਾਂ ਕਿ ਆਉਣ ਵਾਲੇ ਸਾਲ ਤਕ ਜਿਹੜਾ ਕਿ ਮਾਰਚ ਅਪ੍ਰੈਲ ਤੋਂ ਸ਼ੁਰੂ ਹੋਣਾ ਹੈ, ਹਰ ਪਿੰਡ ਵਿਚ ਇਕ ਇਕ ਪ੍ਰਾਇਮਰੀ ਸਕੂਲ ਜ਼ਰੂਰ ਖੋਲ੍ਹ ਦੇਣਾ ਚਾਹੀਦਾ ਹੈ ਔਰ ਇਹ ਸਕੂਲ ਕਮਰਿਆਂ ਵਿਚ ਹੋਣੇ ਚਾਹੀਦੇ ਹਨ । ਇਹ ਨਾ ਹੋਵੇ ਕਿ ਗਰਮੀ ਪਵੇ ਤਾਂ ਛੁੱਟੀ, ਬਾਰਸ਼ ਹੋ ਗਈ ਤਾਂ ਛੁੱਟੀ, ਸਰਦੀ ਪਈ ਤਾਂ ਛੁੱਟੀ । ਇਸ ਨਾਲ ਬੱਚੇ ਮੈਂਟਲੀ ਪਰੇਸ਼ਾਨ ਹੋ ਜਾਂਦੇ ਹਨ । ਬੱਚਿਆਂ ਦੀ ਪੜ੍ਹਾਈ ਜਾਰੀ ਨਹੀਂ ਰਹਿੰਦੀ ਔਰ ਪੜ੍ਹਾਉਣ ਵਾਲੇ ਵੀ ਪਰੇਸ਼ਾਨ ਹੋ ਜਾਂਦੇ ਹਨ । ਮੇਰੀ ਇਹ ਰਿਕੁਐਸਟ ਹੈ ਕਿ ਹਰ ਇਕ ਕਿਲੋਮੀਟਰ ਦੇ ਫਾਸਲੇ ਤੇ ਇਕ ਮਿਡਲ ਸਕੂਲ ਹੋਣਾ ਚਾਹੀਦਾ ਹੈ ਔਰ ਦੋ ਕਿਲੋਮੀਟਰ ਦੇ ਫਾਸਲੇ ਤੇ ਇਕ ਹਾਈ ਸਕੂਲ ਹੋਣਾ ਚਾਹੀਦਾ ਹੈ ਤਾਂ ਹੀ ਬੱਚਿਆਂ ਦੀ ਪੜ੍ਹਾਈ ਠੀਕ ਰਹਿ ਸਕਦੀ ਹੈ । ਅਸੀਂ ਵੇਖਿਆ ਹੈ ਕਿ ਪਿੰਡਾਂ ਵਿਚ ਲੜਕੀਆਂ ਨੂੰ 5—5 ਕਿਲੋਮੀਟਰ ਦੇ ਫਾਸਲੇ ਤੇ ਪੜ੍ਹਨ ਵਾਸਤੇ ਜਾਣਾ ਪੈਂਦਾ ਹੈ। ਇਸ ਨਾਲ ਉਨ੍ਹਾਂ ਦੀ ਕਾਫੀ ਐਨਰਜੀ ਵੇਸਟ ਹੁੰਦੀ ਹੈ । ਮੇਰੇ ਇਕ ਭਾਈ ਸਾਹਿਬ ਇਥੇ ਹੁਣੇ ਕਹਿ ਰਹੇ ਸਨ ਕਿ ਮਾਡਲ ਸਕੂਲ ਹੋਣੇ ਚਾਹੀਦੇ ਹਨ ਤਾਕਿ ਬੱਚੇ ਹਾਇਰ ਕੰਪੀਟੀਸ਼ਨ ਵਿਚ ਜਾ ਸਕਣ । ਮੇਰਾ ਸੁਝਾਵ ਹੈ ਕਿ ਮਾਡਲ ਸਕੂਲ ਵੀ ਜ਼ਰੂਰ ਹੋਣੇ ਚਾਹੀਦੇ ਹਨ ਪਰ ਜਿਹੜੇ ਹੋਰ ਪ੍ਰਾਇਮਰੀ ਔਰ ਮਿਡਲ ਸਕੂਲ ਹਨ ਉਨ੍ਹਾਂ ਦੇ ਵਿਚ ਪੜ੍ਹਾਈ ਦਾ ਸਟੈਂਡਰਡ ਐਨਾ ਜ਼ਰੂਰ ਹੋਣਾ ਚਾਹੀਦਾ ਹੈ ਕਿ ਉਹ ਸ਼ਹਿਰਾਂ ਵਿਚ ਜਾਕੇ ਬਾਕੀ ਬਚਿੱਆਂ ਦੇ ਨਾਲ ਕੰਪੀਟੀਸ਼ਨ ਵਿਚ ਬੈਠ ਸਕਣ ।

ਇਕ ਗੱਲ ਐਜੂਕੇਸ਼ਨ ਦੇ ਬਾਰੇ ਇਹ ਵੀ ਜ਼ਰੂਰ ਕਹਿਣੀ ਚਾਹੁੰਦੀ ਹਾਂ ਕਿ ਜਿਥੇ 25 ਹਜ਼ਾਰ ਦੀ ਪਾਪੂਲੇਸ਼ਨ ਹੋ ਜਾਵੇ, ਉਥੇ ਇਕ ਕੋ-ਐਜੂਕੇਸ਼ਨ ਕਾਲਜ ਵੀ ਜ਼ਰੂਰ ਹੋਣਾ ਚਾਹੀਦਾ ਹੈ ਤਾਕਿ ਬੱਚੇ ਆਪਣੀ ਪੜ੍ਹਾਈ ਜਾਰੀ ਰਖ ਸਕਣ ਔਰ ਸ਼ਹਿਰਾਂ ਵਿਚ ਔਰ ਪਿੰਡਾਂ ਵਿਚ ਬੱਚਿਆਂ ਨੂੰ ਕੋਈ ਫ਼ਰਕ ਨਜ਼ਰ ਨਾ ਆਵੇ ।

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਕੁਮਾਰੀ ਸੁਸ਼ੀਲ ਮਹਾਜਨ]

ਬਾਕੀ ਮੈਂ ਇਹ ਵੀ ਕਹਿਣਾ ਚਾਹੁੰਦੀ ਹਾਂ ਕਿ ਮੇਰੇ ਅਪਣੇ ਹਲਕੇ ਵਿਚ ਜਿਹੜੀ ਪ੍ਰਾਇਮਰੀ, ਮਿਡਲ ਔਰ ਹਾਈ ਸਕੂਲਾਂ ਦੀ ਕੰਪੋਜ਼ੀਸ਼ਨ ਹੈ, ਉਹ ਠੀਕ ਨਹੀਂ ਹੈ। ਉਹ ਬੜੀ ਡਿਸਟਰਬਡ ਜਿਹੀ ਹੈ। ਜਿਥੇ ਸਕੂਲ ਚਾਹੀਦਾ ਹੈ ਉਥੇ ਨਹੀਂ ਹੈ ਜਾਂ ਬਹੁਤ ਨੇੜੇ ਹਨ ਜਾਂ ਬਹੁਤ ਦੂਰ ਦੂਰ ਹਨ। ਇਸ ਲਈ ਮੇਰੀ ਅਰਜ਼ ਹੈ ਕਿ ਮੇਰੇ ਹਲਕੇ ਵਿਚ ਕਾਫੀ ਸਕੂਲਾਂ ਦੀ ਲੋੜ ਹੈ (ਘੰਟੀ) ਜੇ ਤੁਸੀਂ ਟਾਈਮ ਨਹੀਂ ਦਿੰਦੇ ਤਾਂ ਮੈਂ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਇਹ ਲਿਸਟ ਦੇ ਦੇਵਾਂਗੀ। ਪਰ ਕੁਝ ਸਕੂਲ ਬਹੁਤ ਜ਼ਰੂਰੀ ਹਨ। ਮੈਂ ਇਥੇ ਥੋੜ੍ਹੇ ਜਿਹੇ ਸਕੂਲ ਦੱਸ ਦਿੰਦੀ ਹਾਂ। ਇਕ ਪ੍ਰਾਇਮਰੀ ਸਕੂਲ ਮੁਲੇਚੱਕ ਹੋਣਾ ਚਾਹੀਦਾ ਹੈ, ਇਕ ਪ੍ਰਾਇਮਰੀ ਸਕੂਲ ਪਾਹੜਾ ਪਿੰਡ ਵਿਚ ਹੋਣਾ ਚਾਹੀਦਾ ਹੈ, ਇਕ ਮਿਡਲ ਸਕੂਲ ਬਰਿਆਰ ਜਿਹੜਾ ਹੈ ਇਹ ਹਾਈ ਹੋਣਾ ਚਾਹੀਦਾ ਹੈ ਔਰ ਪਿੰਡ ਥਾਨੇਵਾਲ ਜਿਹੜਾ ਪ੍ਰਾਇਮਰੀ ਸਕੂਲ ਹੈ, ਇਸ ਨੂੰ ਮਿਡਲ ਬਣਾਇਆ ਜਾਣਾ ਚਾਹੀਦਾ ਹੈ। ਇਸੇ ਤਰ੍ਹਾਂ ਪਿੰਡ ਮਗਰ ਸੂਦੀਆਂ ਵਿਚ ਇਕ ਹਾਈ ਸਕੂਲ ਹੋਣਾ ਚਾਹੀਦਾ ਹੈ। ਪਿੰਡ ਜਜੋਵਾਲ ਬੇਟ ਵਿਚ, ਬਰਸਾਲਾ ਵਿਚ ਅਤੇ ਗਾਂਧੀਆਂ ਪੁਨੀਆਂ ਵਿਚ ਕਾਲਜ ਦੀ ਬਹੁਤ ਲੋੜ ਹੈ, ਉਥੇ ਕਾਲਜ ਜ਼ਰੂਰ ਖੋਲ੍ਹੇ ਜਾਣੇ ਚਾਹੀਦੇ ਹਨ। (ਘੰਟੀ)।

ਇਕ ਗੱਲ ਮੈਂ ਇਹ ਜ਼ਰੂਰ ਕਹਿਣੀ ਚਾਹੁੰਦੀ ਹਾਂ ਕਿ ਪਿੰਡਾਂ ਵਿਚ ਜਿਹੜੀ ਗੰਦਗੀ ਹੈ, ਇਸ ਨੂੰ ਸਾਫ ਕਰਨ ਦਾ ਜ਼ਰੂਰ ਇੰਤਜ਼ਾਮ ਕਰਨਾ ਚਾਹੀਦਾ ਹੈ। ਕਈ ਪਿੰਡਾਂ ਵਿਚ ਤਾਂ ਸਮੋਕਲੈਸ ਚੁੱਲ੍ਹੇ ਦਿੱਤੇ ਹੋਏ ਹਨ ਪਰ ਇਹ ਬਹੁਤ ਥੋੜ੍ਹੇ ਲੋਕਾਂ ਕੋਲ ਹਨ। ਇਹ ਹਰ ਘਰ ਵਿਚ ਦੇਣੇ ਚਾਹੀਦੇ ਹਨ ਤਾਕਿ ਧੂੰਏ ਦੇ ਨਾਲ ਜਿਹੜੀਆਂ ਬਿਮਾਰੀਆਂ ਲਗਦੀਆਂ ਹਨ, ਉਸ ਤੋਂ ਉਨ੍ਹਾਂ ਦਾ ਬਚਾਅ ਹੋ ਸਕੇ।

**ਸ੍ਰੀ ਸਪੀਕਰ** : ਤੁਹਾਡਾ ਟਾਈਮ ਹੋ ਗਿਆ ਹੈ। ਤੁਸੀਂ ਵਾਈਂਡ ਅਪ ਕਰੋ। ਇਕ ਮਿੰਟ ਹੋਰ ਮਿਲੇਗਾ।

**ਪ੍ਰੋਫੈਸਰ ਕੁਮਾਰੀ ਸੁਸ਼ੀਲ ਮਹਾਜਨ** : ਮੈਂ ਥੋੜ੍ਹਾ ਹੋਰ ਬੋਲਣਾ ਹੈ ਜੀ। ਇਕ ਗੱਲ ਮੈਂ ਗੰਦਗੀ ਨੂੰ ਹਟਾਉਣ ਵਾਸਤੇ ਇਹ ਕਹਿਣੀ ਚਾਹੁੰਦੀ ਹਾਂ ਕਿ ਜਿਹੜੀਆਂ ਪਿੰਡਾਂ ਵਿਚ ਲੈਟਰੀਨਜ਼ ਹਨ, ਉਨ੍ਹਾਂ ਦਾ ਚੰਗਾ ਇੰਤਜ਼ਾਮ ਹੋਣਾ ਚਾਹੀਦਾ ਹੈ। ਡਰਾਈ ਲੈਟਰੀਨਜ਼ ਦਾ ਇੰਤਜ਼ਾਮ ਹੋਣਾ ਚਾਹੀਦਾ ਹੈ। ਪਿੰਡਾਂ ਵਿਚ ਜ਼ਿਆਦਾ ਬਿਮਾਰੀਆਂ ਇਸ ਨਾਲ ਹੀ ਫੈਲਦੀਆਂ ਹਨ। ਛੱਪੜਾਂ ਦਾ ਬੁਰਾ ਹਾਲ ਹੈ। ਪਾਣੀ ਪੀਣ ਨੂੰ ਨਹੀਂ ਹੈ।

**Mr. Speaker**: Please take your seat. Thank you very much.

**ਪ੍ਰੋਫੈਸਰ ਕੁਮਾਰੀ ਸੁਸ਼ੀਲ ਮਹਾਜਨ** : ** ** **

**ਸ੍ਰੀ ਸਪੀਕਰ** : ਇਹ ਜੋ ਕੁਝ ਕਹਿ ਰਹੇ ਹਨ, ਇਹ ਰਿਕਾਰਡ ਨਹੀਂ ਕਰਨਾ। ਤੁਸੀਂ ਆਪਣਾ ਸਮਾਂ ਕਿਉਂ ਵੇਸਟ ਕਰ ਰਹੇ ਹੋ ? ਰਿਕਾਰਡ ਨਹੀਂ ਹੋ ਰਿਹਾ।

**ਗਿਆਨੀ ਅਰਜਨ ਸਿੰਘ ਲਿੱਟ** (ਕਿਲ੍ਹਾ ਰਾਏਪੁਰ) : ਸਪੀਕਰ ਸਾਹਿਬ, ਇਹ ਜਿਹੜਾ ਗਵਰਨਰ ਐਡਰੈਸ ਇਥੇ ਪੇਸ਼ ਕੀਤਾ ਗਿਆ ਹੈ, ਮੈਂ ਇਸ ਤੇ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ। ਇਹ ਵਧਾਈ ਇਸ ਕਰਕੇ ਵੀ ਦਿੰਦਾ ਹਾਂ ਕਿ ਇਨ੍ਹਾਂ ਨੇ ਪੰਜਾਬ ਦੇ ਹਾਲਾਤ ਸੁਧਾਰਨ ਵਿਚ ਕਾਫੀ ਯੋਗਦਾਨ ਦਿੱਤਾ ਹੈ। ਪਿਛਲੇ 3 ਸਾਲਾਂ ਵਿਚ ਇਨ੍ਹਾਂ ਸਾਹਮਣੇ ਬੈਠੇ ਸਾਥੀਆਂ ਦੀ ਗਲਤ ਨੀਤੀਆਂ ਦੇ ਕਾਰਣ ਕਾਫੀ ਹਾਲਾਤ

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਖਰਾਬ ਹੋ ਗਏ ਸਨ। ਤਿੰਨ ਸਾਲ ਅਸੀਂ ਵੀ ਬਾਹਰ ਰਹੇ ਔਰ ਇਨ੍ਹਾਂ ਨੂੰ ਵੀ ਬਾਹਰ ਰਹਿਣਾ ਪਿਆ। ਜਿਹੜੇ ਹਾਲਾਤ ਪਿਛਲੇ 3 ਸਾਲਾਂ ਵਿਚ ਹੋਏ ਹਨ, ਸਾਡੀ ਸਰਕਾਰ ਨੇ ਇਹ ਐਲਾਨ ਕੀਤਾ ਹੈ ਕਿ ਇਸ ਦੀ ਇਨਕੁਆਇਰੀ ਕਿਸੇ ਸੁਪਰੀਮ ਕੋਰਟ ਦੇ ਜੱਜ ਤੋਂ ਕਰਾਉਣੀ ਚਾਹੀਦੀ ਹੈ। ਪਿਛੇ ਜਿਹੜਾ ਗੁਰਿੰਦਰ ਸਿੰਘ ਫੜਿਆ ਹੈ, ਉਸ ਤੋਂ ਪਤਾ ਲਗਿਆ ਹੈ ਕਿ ਇਹ ਜਿਹੜੇ ਕਾਰਨਾਮੇ ਹੋਏ ਹਨ ਉਸ ਵਿਚ ਇਹ ਸਾਹਮਣੇ ਬੈਠੇ ਸਾਥੀਆਂ ਦਾ ਹੱਥ ਹੈ। ਮੈਂ ਬਰਨਾਲਾ ਸਾਹਿਬ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਉਨ੍ਹਾਂ ਨੇ ਪੰਜਾਬ ਵਿਚ ਇਕ ਮਾਹੌਲ ਪੈਦਾ ਕੀਤਾ ਹੈ। ਜਿਹੜਾ ਸਮਝੌਤਾ ਕੀਤਾ ਹੈ ਇਹ ਵੀ ਕਰੈਡਿਟ ਇਨ੍ਹਾਂ ਨੂੰ ਜਾਂਦਾ ਹੈ। ਮੈਂ ਇਹ ਫਿਰ ਕਹਿੰਦਾ ਹਾਂ ਕਿ ਜਿਹੜੇ ਪਿਛਲੇ 3 ਸਾਲਾਂ ਵਿਚ ਹਾਲਾਤ ਵਿਗੜੇ ਹਨ, ਉਸ ਦੇ ਇਹ ਸਾਹਮਣੇ ਬੈਠੇ ਸਾਥੀ ਜ਼ਿਮੇਵਾਰ ਹਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਇਨ੍ਹਾਂ ਨੂੰ ਕਦੇ ਮੁਆਫ਼ ਨਹੀਂ ਕਰਨਗੀਆਂ।

**ਸ੍ਰੀ ਬ੍ਰਿਜ ਭੂਸ਼ਨ ਮਹਿਰਾ** : ਕੀ ਤੁਸੀਂ ਟਾਈਮ ਐਕਸਟੈਂਡ ਕੀਤਾ ਹੈ ?

**ਸ੍ਰੀ ਸਪੀਕਰ** : ਮੈਂ ਘੜੀ ਵੇਖ ਰਿਹਾ ਹਾਂ। ਥੋੜ੍ਹਾ ਜਿਹਾ ਟਾਈਮ ਰਹਿੰਦਾ ਹੈ।

**ਗਿਆਨੀ ਅਰਜਨ ਸਿੰਘ ਲਿੱਟ** : ਮੈਂ ਇਹ ਅਰਜ਼ ਕਰ ਰਿਹਾ ਸੀ ਕਿ ਪਿਛਲੇ ਤਿੰਨ ਸਾਲ ਵਿਚ ਪੰਜਾਬ ਦਾ ਕਾਫੀ ਮਾਹੌਲ ਖਰਾਬ ਹੋਇਆ ਹੈ।

**Mr. Speaker** : The House stands adjourned till 2.00 P. M. on Tuesday, the 29th October, 1985.

*2.30 P.M. | (*The Sabha then *adjourned till 2.00 P.M. on Tuesday, the 29th October, 1985*).

19778 PVS—Govt. Press, Chd.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

© 1985

Published under the authority of the Punjab Vidhan Sabha and printed by the Controller, Printing and Stationery Deptt., U.T. Chd.

Original with;
Punjab Vidhan Sabha
Digitized by;
Panjab Digital Library